# ਵਤਨੋਂ ਦੂਰ

ਅਜਮੇਰ ਰੋਡੇ

ਅਮਰਜੀਤ ਚਾਹਲ

ਅਵਤਾਰ ਗਿੱਲ

ਸੁਖਵੰਤ ਹੁੰਦਲ

ਸਾਧੂ

ਸੁਰਜੀਤ ਕਲਸੀ

ਹਰੀ ਪਾਲ

ਕੇਸਰ ਸਿੰਘ

ਕੁਲਵੰਤ ਮਠੋਤਾ

ਜਗਦੇਵ ਜਟਾਣਾ

ਤੇਜ ਸੰਧੂ

ਦੇਵ ਜਟਾਣਾ

ਬਲਦੇਵ ਚੀਮਾਂ

ਸ਼ਮਸ਼ੇਰ ਭੱਟੀ

ਕਨੇਡੀਅਨ
ਪੰਜਾਬੀ
ਕਹਾਣੀ ਅੰਕ

**WATNO DUR**
SEPT./OCT./1980
**P.O. Box 67681 Stn. 'O'**
**Vancouver, B.C. V5W 3V2**

"ONE-STOP" GROCERY CENTRE

# Victoria Food Centre

## FIGURE ON SAVINGS

WHEN YOU FOOD SHOP HERE

master charge

VISA

## FRESH

*Vegetables from Fiji*
*Every Week*

*SPECIAL SHIPMENT*
*JUST ARRIVED*

**LARGE VARIETY OF**
**RECORDS & 8-TRACKS**

**SPECIAL OFFER:**

**ALL SIZES**
**HEAVY-**
**BOTTOM**
**PATILAS**

ਹਰ ਸਾਈਜ਼ ਦੇ ਭਾਰੇਂ ਥੱਲੇ
ਵਾਲੇ ਪਤੀਲੇ ਦੀ ਸੇਲ

**CLEANLINESS**
**LOWEST PRICES —PURE & FRESH**
**QUALITY GROCERY ITEMS**

**5380 VICTORIA DRIVE [AT 38TH]**
**VANCOUVER**
**PH: 325-2933**

LITERARY & CULTURAL
MONTHLY OF PANJABI

# THE WATNO DŪR

P.O.Box 67681 Stn.'O'
Vancouver, B.C. V5W 3V2

ਪੰਜਾਬੀ ਦਾ ਸਾਹਿਤਕ ਤੇ
ਸੱਭਿਆਚਾਰਕ ਮਾਸਕ-ਪੱਤਰ

# ਵਤਨੋਂ ਦੂਰ

P.O.Box 67681 Stn.'O'
Vancouver, B.C. V5W 3V2

| | | |
|---|---|---|
| 2nd Class Mail Reg. No. 3233 ANNUAL SUBSCRIPTION: Canada-U.S.A. $6.00 Other SEA $6.00 Countries AIR $9.00 | VOL. 9. No. 82 SEP./OCT. 1980 | *All officeholders and members of WATNO DUR PUBLICATIONS (Reg'd.) past and present have been and are honorary associates of WATNO DUR.* |

**EDITOR:**
Sadhu, 437-9014

**ASSISTANT EDITOR:**
Sukhwant Hundal, 321-9221

**ADVERTISING EDITOR:**
Karamjit Ghuman, 321-6081

**CIRCULATION EDITOR**
Amarjit Chahal, 892-3085

**MANAGING EDITOR:**
Paul Binning, 879-3339

**ADVISER:**
Ajmer Rodey, 438-7793
Surinder Dhanjal, 253-9711 (Windsor)

**WATNO DUR REPRESENTATIVES:**

Raghbir Mand, 325-9564 Vancouver
Iqbal Ramuwalia, Toronto
Gill Avtar, Sherwood Park, Alta. (464-3851)
Dave Jatana, Prince Rupert 627-7209
Harnek Mann, Pr. George (564-6245)
J. S. Aulakh, Mission (826-4888)
Avtar Rodey, Quesnel (992-7578)
Tej Sandhu, Quesnel (992-6775)
Satwant Deepak, Edmonton 484-6423
Kashmira Singh Chaman, Calgary (248-2841)
Jagdev S. Jatana, Fort Nelson (774-6308)

Surinder Kailay
9-D, Sarabha Nagar
Ludhiana 141001
Punjab, India

Jasbir Bath
19 Summertrees Ave. L4920D
Greasby Merseyside
Liverpool, England

## ਐਡੀਟੋਰੀਅਲ

ਵਤਨੋਂ ਦੂਰ ਦਾ ਦੂਜਾ ਖਾਸ ਕਨੇਡੀਅਨ ਕਹਾਣੀ ਅੰਕ ਪਾਠਕਾਂ ਦੀ ਭੇਂਟ ਕਰਕੇ ਸਾਨੂੰ ਖੁਸ਼ੀ ਹੋ ਰਹੀ ਹੈ। ਪਹਿਲਾ ਕਨੇਡੀਅਨ ਕਹਾਣੀ ਅੰਕ ਜੁਲਾਈ 1978 ਨੂੰ ਕੱਢਿਆ ਸੀ, ਜਿਸ ਨੂੰ ਪਾਠਕਾਂ ਨੇ ਪੂਰੀ ਤਰ੍ਹਾਂ ਸਲਾਹਿਆ ਤੇ ਆਦਰ ਦਿੱਤਾ ਸੀ। ਇਸ ਵਾਰ ਕੁੱਝ ਪਿਛਲੇ ਅੰਕ ਵਿੱਚ ਛਪੇ, ਤੇ ਕੁੱਝ ਨਵੇਂ ਲੇਖਕ ਪੇਸ਼ ਕਰ ਰਹੇ ਹਾਂ। ਇਸ ਅੰਕ ਲਈ ਅਸੀਂ ਕੈਨੇਡਾ ਵਿੱਚ ਵਸਦੇ ਹਰ ਕਹਾਣੀਕਾਰ ਕੋਲੋਂ ਰਚਨਾ ਲੈਣ ਦੀ ਕੋਸ਼ਿਸ਼ ਕੀਤੀ ਹੈ। ਹੋ ਸਕਦਾ ਹੈ ਅਸੀਂ ਕੁਝ ਲੇਖਕਾਂ ਤੱਕ ਨਾਂ ਪਹੁੰਚ ਸਕੇ ਹੋਈਏ ਤੇ ਜਿਨ੍ਹਾਂ ਤੱਕ ਅਸੀਂ ਪਹੁੰਚ ਸਕੇ ਹਾਂ ਉਨ੍ਹਾਂ ਵਿੱਚੋਂ ਕੁੱਝ ਕੁ, ਆਪਣੀ ਕਿਸੇ ਮਜਬੂਰੀ ਕਾਰਨ ਸਾਨੂੰ ਰਚਨਾਂ ਨਹੀਂ ਭੇਜ ਸਕੇ। ਇਨ੍ਹਾਂ ਲੇਖਕਾਂ ਨੂੰ ਅਸੀਂ ਅਗਲੇ ਅੰਕਾਂ ਵਿੱਚ ਪੇਸ਼ ਕਰਨ ਦੀ ਕੋਸ਼ਿਸ਼ ਕਰਾਂਗੇ। ਜਿਹੜੇ ਲੇਖਕਾਂ ਨੇ ਸਾਨੂੰ ਰਚਨਾਂਵਾਂ ਭੇਜੀਆਂ ਹਨ ਉਨ੍ਹਾਂ ਦਾ ਧੰਨਵਾਦ ਕਰਨਾਂ ਅਸੀਂ ਆਪਣਾ ਫਰਜ਼ ਸਮਝਦੇ ਹਾਂ।

ਇਸ ਅੰਕ ਵਿਚਲੀਆਂ ਕਹਾਣੀਆਂ ਦੀ ਕਲਾ ਕਿਸ ਪੱਧਰ ਦੀ ਹੈ, ਕਹਾਣੀਆਂ ਦੇ ਵਿਸ਼ਿਆਂ ਦੀ ਆਮ ਸੇਧ ਕਿਹੋ ਜਿਹੀ ਹੈ, ਸਮੁੱਚਾ ਅੰਕ ਕਿਹੋ ਜਿਹਾ ਪ੍ਰਭਾਵ ਪਾਉਂਦਾ ਹੈ ਆਦਿ ਗੱਲਾਂ ਅਸੀਂ ਪਾਠਕਾਂ ਉੱਪਰ ਹੀ ਛੱਡ ਦੇਣੀਆਂ ਚਾਹੁੰਦੇ ਹਾਂ। ਆਸ ਕਰਦੇ ਹਾਂ ਪਾਠਕ ਤੇ ਲੇਖਕ ਆਪਣੇ ਵਿਚਾਰ ਜ਼ਰੂਰ ਲਿਖ ਭੇਜਣਗੇ ਤਾਂ ਕਿ ਅਸੀਂ ਆਪਣੀਆਂ ਕਮੀਆਂ ਤੇ ਖੂਬੀਆਂ ਤੋਂ ਜਾਣੂੰ ਹੋ ਸਕੀਏ।

ਵਤਨੋਂ ਦੂਰ ਆਪਣੇ ਔਖੇ ਦੌਰ ਵਿੱਚ ਵਿਚਰ ਰਿਹਾ ਹੈ। ਸਾਨੂੰ ਇਸ ਗੱਲ ਦਾ ਪੂਰਾ ਅਹਿਸਾਸ ਹੈ ਕਿ ਪਰਚਾ ਪਾਠਕਾਂ ਤੱਕ ਅਕਸਰ ਲੇਟ ਪਹੁੰਚਦਾ ਹੈ। ਇਸ ਬਾਰੇ ਬਹੁਤ ਸਾਰੇ ਪਾਠਕਾਂ ਦਾ ਗਿਲਾ ਵੀ ਸਾਡੇ ਤੱਕ ਪਹੁੰਚਦਾ ਹੈ ਜਿਹੜਾ ਕਿ ਜਾਇਜ਼ ਵੀ ਹੈ। ਇਸ ਕਮੀ ਨੂੰ ਦੂਰ ਕਰਨ ਲਈ ਅਸੀਂ ਹਰ ਵਾਰ ਕੋਸ਼ਿਸ਼ ਕਰਦੇ ਹਾਂ, ਪਰ ਮਜਬੂਰੀਆਂ ਸਾਡੀ ਪੇਸ਼ ਨਹੀਂ ਜਾਣ ਦਿੰਦੀਆਂ। ਇਸ ਸਭ ਕਾਸੇ ਦੇ ਬਾਵਜੂਦ ਜਿਹੜਾ ਹੁੰਗਾਰਾ ਸਾਨੂੰ ਸਾਡੇ ਪਾਠਕ ਦੋਸਤਾਂ ਤੋਂ ਮਿਲਦਾ ਹੈ। ਉਹਦੇ ਸਿਰ ਤੇ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਵਤਨੋਂ ਦੂਰ ਹਮੇਸ਼ਾਂ ਵਾਂਗ ਹਰ ਮੁਸ਼ਕਲ ਦਾ ਸਾਹਮਣਾ ਕਰਦਾ ਰਹੇਗਾ। ਅਸੀਂ ਆਪਣੇ ਪਾਠਕਾਂ ਨੂੰ ਫਿਰ ਅਪੀਲ ਕਰਾਂਗੇ ਕਿ ਉਹ ਹੋਰ ਪਾਠਕ ਬਣਾਉਣ ਵਿੱਚ ਸਾਡੀ ਮਦਦ ਕਰਨ।

ਸਾਧੂ

---

ਵਤਨੋਂ ਦੂਰ ਵਿਚ ਛਪੀਆਂ ਰਚਨਾਵਾਂ ਨਾਲ
ਵਤਨੋਂ ਦੂਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ;
ਵਿਚਾਰ ਲੇਖਕਾਂ ਦੇ ਆਪਣੇ ਨਿਜੀ ਹਨ।

ਮੁੱਖ ਪੰਨੇ ਦਾ ਡਿਜ਼ਾਇਨ : ਅਜਮੇਰ ਰੋਡੇ

# ISLAND INSURANCE AGENCY LTD.

ਹਰ ਕਿਸਮ ਦੇ ਬੀਮੇ ਲਈ ਤੁਹਾਡੇ ਸੁਘੜ
ਅਤੇ ਤਜਰਬੇਕਾਰ ਸਲਾਹਕਾਰ:-

ਮਲਕੀਤ ਸਿੰਘ ਅਠਵਾਲ

**Before You Insure It**
**Or Renew Your Existing Policy**
**See Us First**



**MALKIAT SINGH ATHWAL**
FIELD MANAGER

* Need Life Insurance
* Accident and Sickness Policy
* Business
* Commercial: Big or Small
  I Can Handle All
* Homeowner
* R.R.S.P.
* Travel Insurance
* And All Other Kinds of Insurance
  Needs

**BUS: 278-3707**
**278-2515**
**RES: 271-1490**

***For All Your Insurance Needs***

## Give me a call'n see the difference.

**WE OFFER A COMPLETE INSURANCE SERVICE 12 MONTHS A YEAR.**

**COMPLETE INSURANCE SERVICE SINCE 1917**

## ISLAND INSURANCE AGENCY LTD.

**6700 No. 3 Road Phone 278-2515**
**Richmond, B.C. V6Y 2C3**

# ਸੈਰ

ਅਜਮੇਰ ਰੋਡੇ

ਉਸ ਦੇ ਮਨ ਵਿਚ ਅਜੀਬ ਸੋਚਾਂ ਨੇ ਘਮਸਾਨ ਪਾਇਆ ਹੋਇਆ ਸੀ। ਕਦੇ ਕਦੇ ਤਾਂ ਕੋਈ ਖਿਆਲ ਨਿੱਖਰ ਕੇ ਜ਼ਿਹਨ ਵਿੱਚ ਟਿਕਣ ਲੱਗ ਜਾਂਦਾ ਨਹੀਂ ਤਾਂ ਧੁੰਦ ਮਿਲੇ ਦਾ-ਦੌਲੇ - ਸਭ ਉਲ-ਜਲੂਲ। ਉਹ ਪ੍ਰੇਸ਼ਾਨ ਸੀ, ਸਮਝ ਨਹੀਂ ਆ ਰਹੀ ਸੀ ਇਹ ਸਭ ਕੁਝ ਕੀ ਹੋ ਰਿਹਾ ਹੈ। ਸੱਜੇ ਪਾਸੇ ਖੇਤ ਵਿੱਚੋਂ ਕੋਈ ਖੜਾਕ ਜਿਹਾ ਹੋਇਆ, ਉਸਦੀਆਂ ਸੋਚਾਂ ਇਕ ਦਮ ਖਿਲਰ ਪੁਲਰ ਗਈਆਂ ਤੇ ਦਿਲ ਧੜਕਣ ਲੱਗ ਪਿਆ। ਉਹ ਇਕ ਪਲ ਲਈ ਖੜ੍ਹ ਗਿਆ... ਸ਼ਾਇਦ ਕੁਝ ਵੀ ਨਹੀਂ ਸੀ ਤੇ ਉਹ ਫੇਰ ਹੌਲੀ ਹੌਲੀ ਖਾਲ ਦੀ ਵੱਟ ਤੇ ਬਣੀ ਡੰਡੀ ਉੱਤੇ ਤੁਰਨ ਲੱਗ ਪਿਆ। ਹੁਣ ਉਸਨੂੰ ਆਪਣੇ ਆਪ ਤੇ ਗੁੱਸਾ ਆਉਣ ਲੱਗਾ ਕਿ ਉਹ ਇਤਨੇ ਤੜਕੇ ਉੱਠ ਕੇ ਖੇਤਾਂ ਵਿੱਚ ਕਿਉਂ ਆ ਗਿਆ ਪਰ ਛੇਤੀ ਹੀ ਉਸਦੇ ਮਨ ਨੂੰ ਫੇਰ ਪਹਿਲੀਆਂ ਅਜੀਬ ਸੋਚਾਂ ਨੇ ਆ ਘੇਰਿਆ। ਉਸਨੇ ਸੋਚਿਆ, ਮੈਂ ਇਸ ਪਾਸੇ ਵਲ ਨੂੰ ਕਿਉਂ ਤੁਰਿਆ ਜਾ ਰਿਹਾ ਹਾਂ। ਸੱਜੇ ਜਾਂ ਖੱਬੇ ਹੱਥ ਨੂੰ ਕਿਉਂ ਨਹੀਂ ਮੁੜ ਜਾਂਦਾ। ਤੇ ਅਚਾਨਕ ਉਸਨੂੰ ਜਾਪਿਆ ਜਿਵੇਂ ਦੋ ਸੰਧੂਰੇ ਸੱਪ ਕੁੰਡਲੀਆਂ ਪਾਈ ਉਸਦੇ ਅੱਗੇ ਆ ਗਏ ਹੋਣ, ਉਸਨੇ ਇਕ ਦਮ ਸੱਜੇ ਪਾਸੇ ਖਾਲ ਵਿੱਚ ਛਾਲ ਮਾਰ ਦਿੱਤੀ ਤੇ ਅੱਗੇ ਨੂੰ ਨੱਸ ਪਿਆ ਜਿਵੇਂ ਸੱਪ ਉਹਦਾ ਪਿੱਛਾ ਕਰ ਰਹੇ ਹੋਣ - ਫਿਰ ਉਸਨੂੰ ਖਿਆਲ ਆਇਆ ਸ਼ਾਇਦ ਭੁਲੇਖਾ ਹੀ ਹੋਵੇ, ਸ਼ਾਇਦ ਰੱਸੀ ਦੇ ਟੋਟੇ ਹੀ ਡਿੱਗੇ ਪਏ ਹੋਣ - ਉਸਨੂੰ ਐਵੇਂ ਯਕੀਨ ਜਿਹਾ ਹੋ ਗਿਆ ਕਿ ਉਹ ਸੱਪ ਨਹੀਂ ਸਨ ਉਹ ਖੜ੍ਹ ਗਿਆ ਤੇ ਆਪਣੇ ਡਰਨ ਤੇ ਛਿੱਥਾ ਜਿਹਾ ਹੋ ਗਿਆ। ਪੱਕੀ ਤਰ੍ਹਾਂ ਭੁਲੇਖਾ ਦੂਰ ਕਰਨ ਲਈ ਉਹ ਵਾਪਸ ਸੱਪਾਂ ਵਾਲੀ ਥਾਂ ਨੂੰ ਮੁੜ ਪਿਆ; ਉਥੇ ਆ ਕੇ ਦੇਖਿਆ ਕੁਝ ਵੀ ਨਹੀਂ ਸੀ ਉਹ ਮੁਸਕਰਾ ਪਿਆ ਤੇ ਫੇਰ ਪਹਿਲਾਂ ਵਾਂਗ ਹੌਲੀ ਹੌਲੀ ਸੋਚਾਂ ਵਿੱਚ ਗਲਤਾਨ ਅੱਗੇ ਨੂੰ ਤੁਰ ਪਿਆ

ਹੁਣ ਉਹ ਸੋਚ ਰਿਹਾ ਸੀ ਜੇ ਸੱਪ ਤੋਂ ਬੰਦਾ ਬਣ ਜਾਵੇ ਤਾਂ ਵੀ ਫੇਰ ਉਹ ਉਹ ਉਨ੍ਹਾਂ ਹੀ ਜ਼ਹਿਰੀਲਾ ਰਹੂ, ਤੇ ਡੰਗ ਚਲਾਵੇ, ਜੇ ਬੰਦੇ ਤੋਂ ਸੱਪ ਬਣ ਜਾਵੇ ਤਾਂ ਫੇਰ ਉਸਦਾ ਸੁਭਾਅ ਕਿਹੋ ਜਿਹਾ ਹੋਵੇ - ਜੇ ਕੋਈ ਜੋਗੀ ਉਨ੍ਹਾਂ ਤੇ ਕਰਾਮਾਤ ਕਰ ਦੇਵੇ ਤੇ ਬਹੁਤ ਸਾਰੀ ਨੀਲੀ - ਜ਼ਹਿਰ ਪਿਆ ਕੇ ਸੱਪ ਬਣਾ ਦੇਵੇ ਤਾਂ ਉਹ ਕਿਹੋ ਜਿਹਾ ਸੱਪ ਬਣੂੰ - ਕੀ ਉਹ ਐਵੇਂ ਦੇਸੀਆਂ ਪਰਦੇਸੀਆਂ ਤੇ ਡੰਗ ਚਲਾਈ ਜਾਵੇ ਜਾਂ ਕੇਵਲ ਆਪਣੇ ਬਚਾ ਲਈ ਹੀ ਡੰਗ ਚਲਾਵੇ। ਉਸਦੇ ਸਿਰ ਨੂੰ ਚੱਕਰ ਜਿਹਾ ਆਇਆ ਤੇ ਉਸਨੂੰ ਲੱਗਾ ਜਿਵੇਂ ਉਹ ਸੱਚੀਂ ਕਾਲਾ ਨਾਗ ਬਣ ਗਿਆ ਹੋਵੇ। ਨਾਗ ਬਣਕੇ ਉਹ ਹੌਲੀ ਹੌਲੀ ਫਨ ਚੁੱਕੀ ਅੱਗੇ ਨੂੰ ਤੁਰਦਾ ਗਿਆ। ਉਸਨੇ ਚੁੱਪ ਚਾਪ ਬੈਠੇ ਇਕ ਬੰਦੇ ਦੇ ਕੋਲ ਕੋਲ ਜਾ ਕੇ ਫੁੰਕਾਰਾ ਮਾਰਿਆ, ਉਹ ਡਰ ਨਾਲ ਬੇਹੋਸ਼ ਹੋ ਕੇ ਡਿੱਗ ਪਿਆ। ਇਕ ਕੋਲ ਦੀ ਲੰਘਦੇ ਬੰਦੇ ਦੇ ਪੈਰ ਤੇ ਤਿੱਖਾ ਡੰਗ ਮਾਰਿਆ, ਉਹ ਥਾਂਏ ਹੀ ਮੂਧੇ ਮੂੰਹ ਡਿੱਗ ਪਿਆ, ਉਹ ਫੇਰ ਫਨ ਚੁੱਕੀ ਮੇਲ੍ਹਦਾ ਜਾ ਰਿਹਾ ਸੀ ਕਿ ਅੱਗੋਂ ਉਹੀ ਦੋਵੇਂ ਬੰਦੇ ਉਠਕੇ ਡੰਡੇ ਲਈ ਉਸ ਵਲ ਦਬੇ ਆਉਂਦੇ ਦਿਸੇ - ਉਸਨੇ ਛੜੱਪਾ ਮਾਰਿਆ ਤੇ ਖਾਲ ਵਿੱਚ ਜਾ ਡਿੱਗਿਆ। ਉਹ ਫੇਰ ਸੁਰਤ ਸਿਰ ਹੋ ਕੇ, ਬੰਦਾ ਬਣ ਕੇ ਹੌਲੀ ਹੌਲੀ ਅੱਗੇ ਕੱਸੀ ਵੱਲ ਨੂੰ ਤੁਰਨ ਲੱਗਾ - ਅੱਗੇ ਕੁਝ ਦੂਰ ਤੇ ਉਸਨੂੰ ਸ਼ੈਲ ਜਿਹਾ ਪਿਆ। ਸ਼ਾਇਦ ਦੋ ਮਨੁੱਖ ਸੱਚਮੁੱਚ ਹੀ ਅਗਿਓਂ ਆ ਰਹੇ ਸਨ। "ਕੋਈ ਰਾਹੀ ਹੋਣਗੇ - ਉਸ ਨੇ ਸੋਚਿਆ" ਤੇ ਅੱਗੇ ਨੂੰ ਤੁਰ ਗਿਆ।

ਕੁਝ ਕਦਮ ਅੱਗੇ ਜਾ ਕੇ ਜਾਪਿਆ ਉਹ ਦੋ ਉੱਚੇ ਕੱਦ ਦੇ ਜਵਾਨ ਹਨ ਤੇ ਉਹਨਾਂ ਦੇ ਹੱਥਾਂ ਵਿੱਚ ਕੁਝ ਫੜਿਆ ਹੈ। ਕੁਝ ਕਦਮ ਹੋਰ ਅੱਗੇ ਗਿਆ ਤਾਂ ਜਾਪਿਆ ਉਹ ਉਸ ਵੱਲ ਤਾੜ ਕੇ ਦੇਖ ਰਹੇ ਹਨ। ਤੇ ਉਸਨੂੰ ਪਛਾਨਣ ਦੀ ਕੋਸ਼ਿਸ਼ ਕਰ ਰਹੇ ਹਨ। ਉਹ ਰੁਕ ਗਿਆ ਤੇ ਉਹਨਾਂ ਵੱਲ ਗਹੁ ਨਾਲ ਵੇਖਣ ਲੱਗ ਗਿਆ। ਉਹਦਾ ਦਿਲ ਬਹੁਤ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਅਚਾਨਕ ਉਹ ਦੋਵੇਂ ਬੰਦੇ ਉਸ ਵੱਲ ਨੂੰ ਦੌੜਨ ਲੱਗ ਪਏ। ਉਹ ਇਕ ਦਮ ਡਰ ਗਿਆ ਤੇ ਸਿਰ ਤੋੜ ਪਿੱਛੇ ਨੂੰ ਨੱਸ ਉਠਿਆ। ਖਾਲੇ ਦੀ ਵੱਟ ਤੋਂ ਉਹਦੇ ਪੈਰ ਤਿਲਕ ਤਿਲਕ ਜਾਂਦੇ, ਤੇ ਕਈ ਵਾਰੀ ਤਾਂ ਉਹ ਡਿੱਗਦਾ ਡਿੱਗਦਾ ਮਸਾਂ ਹੀ ਬਚਿਆ ਪਰ ਉਹ ਦੌੜੋ ਦੌੜੀ ਭੱਜੀ ਗਿਆ ਤੇ ਸੱਜੇ ਪਾਸੇ ਵੱਲ ਨੂੰ ਇਕ ਖੇਤ ਦੀ ਵੱਟ ਤੇ ਮੁੜ ਗਿਆ - ਕੁਝ ਦੂਰ ਜਾ ਕੇ ਉਹਨੇ ਪਿਛਾਂਹ ਮੁੜ ਕੇ ਦੇਖਿਆ- ਬੰਦੇ ਉਸਦਾ ਪਿੱਛਾ ਕਰ ਰਹੇ ਸਨ ਤੇ ਉਹਦੇ ਬਹੁਤ ਨਜ਼ਦੀਕ ਆ ਗਏ ਸਨ "ਅੱਜ ਖੈਰ ਨਹੀਂ" ਉਸਨੇ ਹੌਕ-ਦਿਆਂ ਸੋਚਿਆ ਤੇ ਹੋਰ ਤੇਜ਼ ਦੌੜਨ ਦੀ ਕੋਸ਼ਿਸ਼ ਕਰਨ ਲੱਗਾ। ਪਰ ਉਸਦੀਆਂ ਲੱਤਾਂ ਉਸਦਾ ਸਾਥ ਦੇਣੋ ਇਨਕਾਰ ਕਰ ਰਹੀਆਂ ਸਨ "ਇਹ ਮੇਰੇ ਮਗਰ ਕਿਉਂ ਪਏ ਹਨ, ਇਹ ਕੌਣ ਹੋਣੇ, ਜੇ ਫੜ ਲਿਆ ਤਾਂ ਕੱਚੇ ਨੂੰ ਖਾ ਜਾਣਗੇ" ਉਹ ਇਕ ਮੋੜ ਹੋਰ ਮੁੜਿਆ ਤੇ ਡਿੱਗਦਾ ਡਿੱਗਦਾ ਫੇਰ ਅੱਗੇ ਨੂੰ ਭੱਜ ਪਿਆ, ਉਸਨੇ ਇਕ ਵਾਰ ਫੇਰ ਪਿਛੇ ਤਕ ਕੇ ਦੇਖਿਆ - ਪਿੱਛਾ ਕਰਨ ਵਾਲੇ ਉਸਦੇ ਉੱਕਾ ਹੀ ਉੱਤੇ ਆ ਚੜ੍ਹੇ ਸਨ। ਉਸਨੂੰ ਲੱਗਾ ਕਿਸੇ ਪਲ ਵੀ ਉਸਦੀ ਧੌਣ ਨੂੰ ਹੱਥ ਪੈ ਸਕਦਾ ਹੈ - ਹੁਣ ਉਸਨੂੰ ਪਿਛਲੇ ਬੰਦਿਆਂ ਦੇ ਸਾਹ ਵੀ ਸੁਣਨ ਲੱਗ ਪਏ ਸਨ - ਉਹ ਜ਼ੋਰ ਹੀਣੀਆਂ ਜਾ ਰਹੀਆਂ ਲੱਤਾਂ ਨਾਲ ਹੋਰ ਤੇਜ਼ ਦੌੜਨ ਦੀ ਕੋਸ਼ਿਸ਼ ਕਰਨ ਲੱਗਾ।

ਅਚਾਨਕ ਹੀ ਉਸਨੇ ਇਕ ਹੋਰ ਮੋੜ ਕੱਟਿਆ, ਉਸਦਾ ਪੈਰ ਤਿਲਕ ਗਿਆ ਤੇ ਉਹ ਰਿੜ੍ਹਦਾ ਰਿੜ੍ਹਦਾ ਇਕ ਨੀਵੇਂ ਥਾਂ ਵਿੱਚ ਜਾ ਡਿੱਗਿਆ। ਜੋ ਕੁਦਰਤਨ ਬੇਤਰਤੀਬ ਝਾੜੀਆਂ ਨਾਲ ਘਿਰਿਆ ਹੋਇਆ ਸੀ- ਉਸਨੂੰ ਜਾਪਿਆ ਜਿਵੇਂ ਉਹ ਕਿਸੇ ਪਿੰਜਰ ਉੱਤੇ ਪਿਆ ਹੋਵੇ - ਉਹ ਬਿੱਲੇ ਵਾਂਗ ਉਛਲ ਕੇ ਉੱਠਿਆ - ਤੇ ਪਿੰਜਰ ਨੂੰ ਵੇਖ ਕੇ ਠਠੰਬਰ ਜਿਹਾ ਗਿਆ। ਫਿਰ ਉਸਨੂੰ ਖਿਆਲ ਆਇਆ ਇਹ ਤਾਂ ਸ਼ਾਇਦ ਹੱਡਾਰੋੜੀ ਹੈ, ਜਿਥੇ ਪਿੰਡ ਵਾਲੇ ਮਰੇ ਡੰਗਰਾਂ ਨੂੰ ਸੁੱਟ ਜਾਂਦੇ ਹਨ। ਉਸਨੂੰ ਆਪਣੇ ਬਚਪਨ ਦਾ ਸਮਾਂ ਯਾਦ ਆ ਗਿਆ - ਕਈ ਕਈ ਉਹ ਤੇ ਉਸਦੇ ਹਾਣੀ ਖੇਡਦੇ ਖੇਡਦੇ ਆਪਣੇ ਪਿੰਡ ਦੀ ਹੱਡਾਰੋੜੀ ਕੋਲ ਜਾ ਨਿਕਲਦੇ ਸਨ - ਜਿਥੇ ਵੱਡੀਆਂ ਵੱਡੀਆਂ ਗਿਰਝਾਂ ਨੀਵੀਂ ਜਿਹੀ ਪਾਈ ਧੁੱਪ ਸੇਕ ਬੈਠੀਆਂ ਹੁੰਦੀਆਂ ਸਨ ਜਾਂ ਕਦੇ ਕਦੇ ਕਿਸੇ ਮਰੇ ਪਸ਼ੂ ਦੁਆਲੇ ਗਿਰਝਾਂ ਨੇ ਝੁਰਮਟ ਪਾਇਆ ਹੁੰਦਾ ਸੀ ਤੇ ਕੁੱਤੇ ਉਹਨਾਂ ਮਗਰ ਝਪਟੀਆਂ ਲੈ ਲੈ ਪੈਂਦੇ ਸਨ .... ਪਰ ਇਥੇ ਤਾਂ ਉਸਨੂੰ ਨੀਂਵੀਂ ਪਾਈ ਬੈਠੀ ਕੋਈ ਗਿਰਝ ਦਿਖਾਈ ਨਾਂ ਦਿੱਤੀ ਤੇ ਨਾਂ ਹੀ ਕੋਈ ਕੁੱਤਾ - ਉਸਨੇ ਪਿੰਜਰ ਨੂੰ ਗਹੁ ਨਾਲ ਵੇਖਿਆ - ਉਹ ਦੁਬਿੱਧੀ ਵਿੱਚ ਪੈ ਗਿਆ, ਕਦੀ ਪਿੰਜਰ ਪਸ਼ੂ ਦਾ ਲੱਗਦਾ ਸੀ ਤੇ ਕਦੇ ਮਨੁੱਖ ਦਾ - ਪਰ ਮਨੁੱਖ ਦਾ ਪਿੰਜਰ ਏਥੇ! 'ਉਹੋ' ਉਸਨੇ ਮੱਥੇ ਤੇ ਹੱਥ ਮਾਰਿਆ "ਏਥੇ ਹੀ ਤਾਂ ਉਹਦੇ ਪੁਲਸ ਅਤੇ ਬਾਗੀਆਂ ਵਿਚਕਾਰ ਠੋਕੀ ਠੋਕੀ ਮੁਕਾਬਲਾ ਹੋਇਆ ਸੀ - ਉਸਨੇ ਪਿੰਜਰ ਵੱਲ ਫੇਰ ਵੇਖਿਆ - ਡਰ ਨਾਲ ਇਕ ਠੰਡੀ ਝੁਣਝੁਣੀ ਉਸਦੇ ਸਿਰ ਨੂੰ ਸੁੰਨ ਜਿਹਾ ਕਰ ਗਈ

ਕੁਝ ਵਿੱਥ ਤੇ ਇਕ ਝਾੜੀ ਹਿੱਲੀ "ਉਹ ਨੀਲੇ ਰੰਗ ਵਾਲੇ ......." ਖਿਆਲ ਆਉਂਦਿਆਂ ਹੀ ਉਹ ਜੋਸ਼ ਨਾਲ ਪਿੰਡ ਵੱਲ ਨੂੰ ਨੱਸ ਪਿਆ। ਡਿੱਗਦਾ ਢਹਿੰਦਾ ਕਈ ਮੋੜ ਮੁੜ ਗਿਆ - ਤੇ ਪਿੰਡ ਦੇ ਬਿਲਕੁਲ ਨਜ਼ਦੀਕ ਆ ਗਿਆ - ਖੱਬੇ ਪਾਸੇ ਮੁੜ ਕੇ ਇਕ ਕੱਸੀ ਵੱਲ ਨੂੰ ਸਿਰ ਤੋੜ ਨੱਸ ਪਿਆ। ਕੱਸੀ ਦੇ ਨਾਲ ਨਾਲ ਉਰਲੇ ਪਾਸੇ ਖੇਤ ਵਿੱਚ ਇਕ ਦਰਖਤ ਹੇਠ ਉਸਨੂੰ ਇਕ ਵੱਡਾ ਸਾਰਾ ਪਿੰਜਰ ਦਿਸਿਆ। ਉਸਦੀਆਂ ਅੱਖਾਂ ਡਰ ਨਾਲ ਫੈਲ ਗਈਆਂ, ਉਸਨੇ ਰੁਕ ਕੇ ਗਹੁ ਨਾਲ ਵੇਖਿਆ, ਦਰਖਤ ਹੇਠ ਇਕ ਘੋੜਾ ਖੜ੍ਹਾ ਸੀ। ਕੱਸੀ ਟੱਪ ਕੇ ਜ਼ਰੂਰ ਘੋੜੇ ਵਾਲਿਆਂ ਦਾ ਯਾਰ ਹੋਵੇਗਾ; ਉਸਨੇ ਸੋਚਿਆ। ਉਹ ਦਰਖਤ ਕੋਲਦੀ ਨੱਸ ਕੇ ਗੁਜ਼ਰਨ ਲੱਗਾ ਤਾਂ ਘੋੜਾ ਉਸਦੇ ਮਗਰ ਪੈ ਗਿਆ। ਘੋੜਾ ਵੱਡੇ ਕੱਦ ਦਾ ਸੀ ਤੇ ਮਸਤੀ ਵਿੱਚ ਆ ਕੇ ਬੁੱਕ ਰਿਹਾ ਸੀ। ਉਸਨੂੰ ਘੋੜੇ ਦਾ ਮੂੰਹ ਦੈਂਤ ਵਾਂਗ ਲੱਗਾ, ਜਿਸ ਵਿੱਚੋਂ ਲੰਮੀ ਲਾਲ ਜੀਭ ਫਰਾਟੇ ਮਾਰ ਰਹੀ ਸੀ ਤੇ ਝੱਗ ਉੱਡ ਰਹੀ ਸੀ। ਘੋੜੇ ਨੇ ਉਸਨੂੰ ਬਚਦੇ ਬਚਦੇ ਨੂੰ ਪੱਟ ਤੇ ਬੁਰਕ ਭਰ ਕੇ ਝੰਜੋੜਿਆ - ਉਹ ਬਿਜਲੀ ਵਾਂਗ ਥੱਲੇ ਖੇਤ ਵਿੱਚ ਜਾ ਪਿਆ। ਘੋੜਾ ਉਸ ਕੋਲ ਖੜ ਕੇ ਫੜ੍ਹਕਣ ਲੱਗ ਪਿਆ। ਉਹ ਲੇਟਾ ਹੋ ਕੇ ਘੋੜੇ ਪੈਰਾਂ ਹੇਠੋਂ ਬਚ ਗਿਆ ਪਰ ਘੋੜੇ ਨੇ ਉਸਨੂੰ ਬੁਰਕ ਭਰਨ ਲਈ ਫੇਰ ਧੌਣ ਉਸ ਵੱਲ ਵਧਾਈ ਉਸਦਾ ਤ੍ਰਾਹ ਨਿਕਲ ਗਿਆ, ਪਰ ਚੀਕ ਉਸਦੇ ਸੰਘ ਵਿੱਚੋਂ ਬਾਹਰ ਨਾਂ ਨਿਕਲੀ - ਘੋੜੇ ਨੇ ਉਸਨੂੰ ਲੱਕ ਤੋਂ ਫੜ ਲਿਆ ਤੇ ਝੰਜੋੜ ਕੇ ਦਰਖਤ ਦੇ ਮੁੱਢ ਵਿੱਚ ਮਾਰਿਆ। ਉਹ ਉੱਠ ਕੇ ਤੇਜ਼ੀ ਜਿਹੀ ਦਰਖਤ ਦੇ ਦੂਸਰੇ ਪਾਸੇ ਹੋ ਗਿਆ। ਘੋੜਾ ਖਲੋ ਕੇ ਉੱਚੀ ਬੁੱਕਣ ਲੱਗ ਪਿਆ, ਜਦੋਂ ਉਹ ਦਰਖਤ ਦੇ ਦੂਜੇ ਪਾਸੇ ਥੋੜਾ ਥੋੜਾ ਹੋ ਕੇ ਕੱਸੀ ਵੱਲ ਨੂੰ ਵਧਿਆ ਤਾਂ ਘੋੜਾ ਫੇਰ ਉਸ ਵੱਲ ਭੱਜਿਆ - ਉਹ ਡਰ ਕੇ ਖੜ੍ਹ ਗਿਆ। ਘੋੜੇ ਦਾ ਗੋਡਾ ਉਸਦੇ ਪਿੱਠ ਵੱਜਿਆ ਤੇ ਉਹ ਕਈ ਗਜ਼ ਅਗਾਂਹ ਮੂਧਾ ਜਾ ਪਿਆ - ਉਸ ਨੂੰ ਪਤਾ ਸੀ ਮਸਤੀ 'ਚ ਆਇਆ ਘੋੜਾ ਜੀਹਦੇ ਪਿੱਛੇ ਪੈ ਜੇ ਉਸਨੂੰ ਮਾਰ ਕੇ ਹੀ ਸਾਹ ਲੈਂਦਾ ਹੈ - ਉਹ ਉੱਠ ਕੇ ਫੇਰ ਭੱਜ ਪਿਆ ਤੇ ਦਰਖਤ ਤੋਂ ਗੇੜਾ ਦੇ ਕੇ ਫੇਰ ਕੱਸੀ ਵੱਲ ਨੂੰ ਆਇਆ - ਘੋੜਾ ਫੇਰ ਉਹਦੇ ਮਗਰ ਆਇਆ - ਉਹ ਫੇਰ ਦਰਖਤ ਦੇ ਦੁਆਲੇ ਭੱਜ ਪਿਆ। ਤੇ ਘੋੜਾ ਉਸਦੇ ਮਗਰ - ਘੋੜੇ ਦੇ ਹੇਠ ਆਉਂਦੇ ਆਉਂਦੇ ਨੇ ਦਰਖਤ ਦੁਆਲੇ ਦੋ ਗੇੜੇ ਕੱਢ ਦਿੱਤੇ। ਤੀਸਰੇ ਗੇੜੇ ਨੂੰ ਘੋੜਾ ਉਸ ਤੋਂ ਪਿੱਛੇ ਰਹਿ ਗਿਆ ਤੇ ਚੌਥੇ ਗੇੜੇ ਨੂੰ ਘੋੜੇ ਦਾ ਰੱਸਾ ਦਰਖਤ ਦੇ ਮੁੱਢ ਦੁਆਲੇ ਅੱਧੇ ਤੋਂ ਬਹੁਤਾ ਵਲਿਆ ਗਿਆ। ਰੱਸਾ ਸ਼ਾਇਦ ਮੁੱਢ ਵਿੱਚ ਉਗੀ ਕੰਡਿਆਲੀ ਝਾੜੀ ਵਿੱਚ ਫਸ ਗਿਆ ਸੀ। ਉਸ ਨੇ ਇਕ ਗੇੜਾ ਦਰਖਤ ਦੁਆਲੇ ਹੋਰ ਦੇ ਕੇ ਕੱਸੀ ਨੂੰ ਪੈਰੇ ਜਾ ਲਏ ਤੇ ਉਸਦੇ ਉੱਤੇ ਤੁਰਨ ਲੱਗਾ। ਘੋੜਾ ਜ਼ੋਰ ਦੀ ਬੁੱਕਿਆ, ਉਸ ਨੂੰ ਲੱਗਾ ਉਹ ਫੇਰ ਉਸਨੂੰ ਪੈਣ ਦੌੜਨ ਲੱਗਾ ਹੈ। ਪਰ ਉਹ ਕੱਸੀ ਦੇ ਬਨੇਰੇ ਤੇ ਚੜ੍ਹ ਗਿਆ ਸੀ। ਦੂਜੇ ਪਾਸੇ ਥਾਂ ਬਹੁਤ ਨੀਵਾਂ ਸੀ ਪਰ ਉਸ ਨੇ ਛਾਲ ਮਾਰਨ ਲਈ ਸਰੀਰ ਅੱਗੇ ਨੂੰ ਸੁੱਟ ਦਿੱਤਾ, ਬਨੇਰੇ ਤੋਂ ਪੈਰ ਛੁਟਦਿਆਂ ਉਸਨੇ ਥੱਲੇ ਵੇਖਿਆ। ਉਹੀ ਪਿੱਛਾ ਕਰਨ ਵਾਲੇ ਨੀਲੇ ਰੰਗ ਦੇ ਚੀਤੇ ਥੱਲਿਓਂ ਉਸ ਵੱਲ ਵੇਖ ਰਹੇ ਸਨ। ਉਸਦਾ ਸਰੀਰ ਬਿਜਲੀ ਦੇ ਝਟਕਾ ਲੱਗਣ ਵਾਂਗ ਕੰਬ ਗਿਆ ਪਰ ਡਿੱਗਦੇ ਡਿੱਗਦੇ ਦੀ ਅੱਧ ਵਿਚਕਾਰ ਅੱਖ ਖੁਲ੍ਹ ਗਈ

ਜੈਸ ਜੀ ਸਾਹਿਬ ਤ੍ਰਭਕ ਕੇ ਉਠੇ, ਮੱਥੇ ਤੇ ਹੱਥ ਫੇਰਿਆ ਤ੍ਰੇਲੀ ਆਈ ਹੋਈ ਸੀ, ਦਿਲ ਜ਼ੋਰ ਜ਼ੋਰ ਦੀ ਧੜਕ ਰਿਹਾ ਸੀ। ਕੰਬਦੇ ਹੱਥ ਨਾਲ ਉਹਨਾ ਬੱਤੀ ਜਗਾਈ, ਵਾਹਿਗੁਰੂ ਕਿਹਾ ਤੇ ਬਿਸਤਰੇ ਵਿਚ ਉਠ ਕੇ ਬੈਠ ਗਏ। ਬਾਰੀ ਵਿੱਚੋਂ ਬਾਹਰ ਵੇਖਿਆ ਚਾਨਣ ਹੋ ਚੁੱਕਾ ਸੀ। ਪਰ ਅੱਜ ਉਹਨਾ ਸੈਰ ਲਈ ਬਾਹਰ ਜਾਣ ਦਾ ਖਿਆਲ ਛੱਡ ਦਿੱਤਾ।

# ਸਿੱਧੀ ਗੱਲ

ਅਮਰਜੀਤ ਚਾਹਲ

ਸੂਰਜ ਲਟਾ-ਲਟ ਬਲਦਾ ਉਪਰ ਨੂੰ ਉਠ ਰਿਹਾ ਸੀ। ਪਲ ਕੁ ਪਹਿਲਾਂ ਧੁੱਪ ਚੁਬਾਰੇ ਦੇ ਜੰਗਲੇ ਉਪਰ ਸੀ, ਹੁਣ ਉਸ ਦੇ ਦਰਾਂ ਤਕ ਆ ਗਈ ਸੀ। ਧੁੱਪ ਦਾ ਨਿੱਘ ਮਹਿਸੂਸ ਕਰ ਲਛਕਰ ਨੇ ਖੇਸੀ ਪਰਾਂ ਕਰ ਲੱਤਾਂ ਹੇਠਾਂ ਲਮਕਾਂ ਲਈਆਂ। ਉਸ ਦਾ ਗੋਰਾ ਮੂੰਹ ਤੇ ਚਿੱਟੇ ਰੇਸ਼ਮੀ ਕੇਸ ਕਿਰਨਾਂ ਨਾਲ ਲਿਸ਼ਕ ਉਠੇ। ਉਸ ਨੇ ਗੁਲਾਬ ਦੇ ਫੁਲਾਂ ਦੀ ਵੇਲ ਵਾਲੀ ਚੀਨੀ ਦੀ ਕੇਤਲੀ 'ਚੋਂ ਪੱਕੇ ਮਿਠੇ ਦੀ ਚਾਹ ਕੱਪ ਵਿਚ ਪਾਈ। ਕੱਪ ਨੂੰ ਬੁਲ੍ਹਾਂ ਨਾਲ ਲਾ ਕੇ ਸੁੜਕਾ ਮਾਰਿਆ ਤੇ ਪਲੇਟ ਵਿੱਚੋਂ ਦੇਸੀ ਘੀ ਦੀ ਪੰਜੀਰੀ ਦਾ ਚਮਚਾ ਮੂੰਹ ਵਿਚ ਪਾਇਆ। ਚਾਹ ਨੂੰ ਧੀਰਜ ਨਾਲ ਖ਼ਤਮ ਕਰ, ਗਲ 'ਚ ਪਾਏ ਚਿੱਟੇ ਪਰਨੇ ਨਾਲ ਉਸ ਨੇ ਦਾੜ੍ਹੀ ਮੁੱਛਾਂ ਪੂੰਝ ਲਈਆਂ।

ਸਾਹਮਣੇ ਸੱਜੇ ਹੱਥ ਨੂੰ ਕਰ ਕੇ, ਕੰਧ ਨਾਲ ਬਣੀ ਪੱਕੀ ਖੁਰਲੀ ਉਪਰ ਤਿੰਨ ਮੱਝਾਂ ਖੜੀਆਂ ਸਨ। ਦੋ ਲਵੇਰੀਆਂ ਤੇ ਇਕ ਨੇ ਮਹੀਨੇ ਖੰਡ ਤਕ ਸੂ ਪੈਣਾ ਸੀ।

ਉਨ੍ਹਾਂ ਦੇ ਪਿਛੇ, ਗੋਹੇ ਕੂੜੇ ਦੇ ਢੇਰ ਨੂੰ ਜਮਾਦਾਰਨੀ ਚੁਕਣ ਲਗੀ ਹੋਈ ਸੀ। ਉਸ ਨੂੰ ਮੱਠੀ ਚਾਲੇ ਕੰਮ ਕਰਦੀ ਵੇਖ, ਲਛਕਰ ਨੂੰ ਥੋੜ੍ਹੀ ਥੋੜ੍ਹੀ ਖਿੱਝ ਚੜ੍ਹ ਰਹੀ ਸੀ। ਉਸ ਦਾ ਬਹੁਕਰ ਧੂੜ ਉਡਾ ਰਿਹਾ ਸੀ। ਮੱਝਾਂ ਦੀਆਂ ਪੂਛਾਂ ਉਸ ਤੇ ਚੌਰ ਕਰ ਰਹੀਆਂ ਸਨ। ਰਸੋਈ 'ਚੋਂ ਧੂੰਆਂ ਉਠ ਰਿਹਾ ਸੀ।

ਪਿੰਡ ਦੇ ਅੱਡੇ ਤੇ ਪਹਿਲੀ ਬੱਸ ਆ ਖੜੀ ਹੋਈ ਸੀ।

ਤੇ ਲਛਕਰ ਇਕ ਬਨੇਰੇ ਤੋਂ ਉਡ ਕੇ ਦੂਜੇ ਬਨੇਰੇ ਤਕ ਜਾਂਦੀਆਂ ਚਿੜੀਆਂ ਨੂੰ ਦੇਖ ਰਿਹਾ ਸੀ।

"ਓ ਰਾਜੂ...ਰਾਜੇ ਪੁੱਤਰ...।" ਉਸ ਨੇ ਆਪਣੇ ਪੋਤੇ ਨੂੰ ਅਵਾਜ਼ ਮਾਰੀ। "ਆਹ ਚਾਹ ਵਾਲੇ ਭਾਂਡੇ ਲੈ ਜਾ।"

ਕੁਝ ਪਲਾਂ ਬਾਅਦ ਗੁਆਂਢੀਆਂ ਦੀ ਮੈਲੇ ਲੀੜਿਆਂ ਅਤੇ ਲਿਟਾਂ ਬਣੇ ਵਾਲਾਂ ਵਾਲੀ ਕੁੜੀ ਭਾਂਡੇ ਲੈਣ ਆਈ।

"ਕੁੜੇ, ਰਾਜੂ ਕਿੱਧਰ ਗਿਆ।"

"ਭਾਬੀ ਕਹਿੰਦੀ, ਉਹ ਸਕੂਲੇ ਗਿਆ।"

"ਤੂੰ ਕੀ ਕਰਨ ਆਈ ਸੀ।"

ਕੁੜੀ ਕੁਝ ਸਹਿਮੀ ਜਿਹੀ ਭਾਂਡੇ ਚੁਕ ਰਹੀ ਸੀ।

"ਮੈਂ ਲੱਸੀ ਲੈਣ ਆਈ ਸੀ। ਭਾਬੀ ਕਹਿੰਦੀ, ਮੇਰੇ ਨਾਲ ਚਾਰ ਰੋਟੀਆਂ ਲੁਹਾ ਜਾ।"

ਮੰਜੇ ਦੇ ਸਰ੍ਹਾਣੇ ਰੱਖੀ ਖੂੰਡੀ ਨੂੰ ਹੱਥ 'ਚ ਲੈ, ਉਸ ਨੇ ਕਾਲੇ ਕਰਮ ਦੀ ਦੇਸੀ ਜੁਤੀ ਪਾਈ। ਕੁੜੀ ਬਰਤਣ ਸਾਂਭ ਕੇ ਜਾ ਚੁੱਕੀ ਸੀ।

ਰਸੋਈ ਦੀ ਛੱਤ ਤੋਂ ਦੀ ਹੁੰਦਾ ਹੋਇਆ, ਜਦ ਉਹ ਮੱਝਾਂ ਨੂੰ ਸਾਹਮਣੀ, ਪੱਕੀ ਪੌੜੀ ਉਤਰ ਰਿਹਾ ਸੀ ਤਾਂ ਬੀਹੀ ਵੱਲ ਦੇ ਛੋਟੇ ਬੂਹੇ ਥਾਣੀਂ, ਉਹ ਕੁੜੀ ਹੱਥ 'ਚ ਪਿੱਤਲ ਦੀ ਬਾਲਟੀ ਲਮਕਾਈ ਦਰਾਂ 'ਚੋਂ ਬਾਹਰ ਹੋਈ।

"ਹੈ ਇਨ੍ਹਾਂ ਨੂੰ ਭੋਰਾ ਵੀ ਘਰ ਦਾ...ਇਨ੍ਹਾਂ ਦਾ ਵੱਸ ਚਲੇ ਤਾਂ ਹੁਰਲੋ ਵਗਾ ਦੇਣ...ਹੱਥੀਂ ਕੰਮ ਕਰਨਾ ਨਹੀਂ ਪਿਆ, ਬਣਿਆ ਬਣਾਇਆ ਜੁ ਸਾਰਾ ਕੁਝ ਮਿਲ ਗਿਆ।"

ਰਸੋਈ ਦੇ ਨਜ਼ਦੀਕ ਜਾ ਕੇ ਉਸ ਖੰਘੂਰਾ ਮਾਰਿਆ, "ਰਜਿੰਦਰ ਕੌਰੇ...।"

ਉਸ ਦੀ ਨੂੰਹ ਨੇ ਪੱਲਾ ਨੀਵਾਂ ਕਰ ਲਿਆ। "ਦਸੋ ਬਾਪੂ ਜੀ।"

"ਪੁੱਤ ਇਨ੍ਹਾਂ ਨੂੰ ਬਹੁਤਾ ਮੂੰਹ ਨਾ ਲਾਇਆ ਕਰ...ਆਪਣੀ ਤਾਂ ਇਨ੍ਹਾਂ ਵੇਚ-ਵੱਟ ਕੇ ਖਾ ਲਈ। ਹੁਣ ਦਰ ਦਰ ਫਿਰਦੇ ਹਨ। ਅੱਜ ਇਕ ਚੀਜ਼ ਨੂੰ ਆਏ...ਕੱਲ੍ਹ ਨੂੰ ਕਿਸੇ ਹੋਰ ਚੀਜ਼ ਨੂੰ ਆਉਣਗੇ। ਆਪਣੇ ਘਰ ਬਾਰੇ ਸੋਚੀਦਾ...ਸਿਆਣੇ ਬਣੀਦਾ।"

"ਸਾਡੇ ਤੋਂ ਉਹ ਕੀ ਲੈ ਜਾਂਦੇ ਆ।" ਉਸ ਦੀ ਨੂੰਹ ਨੂੰ ਜੋ ਡਰ ਸੀ, ਉਹੀ ਹੋਇਆ। "ਸਵੇਰ ਦੀ ਕੁੜੀ ਆਈ ਹੋਈ ਹੈ। ਉਸ ਨੇ ਨਾਲ ਰੋਟੀਆਂ ਲੁਹਾਤੀਆਂ, ਰਾਤ ਦੇ ਜੂਠੇ ਭਾਂਡੇ ਮਾਂਜੇ...ਤੇ ਹੁਣ ਜੇ ਜਾਂਦੀ ਹੋਈ ਲੱਸੀ ਦਾ ਘੁੱਟ ਲੈ ਵੀ ਗਈ ਹੈ ਤਾਂ ਕੀ ਆਖਰ ਆ ਗਈ ਆਪਣੇ ਤਾਂ ਕੁੱਤੇ ਵੀ ਨਹੀਂ ਪੀਂਦੇ।"

"ਕਿਸੇ ਗਰੀਬ ਗੁਰਬੇ ਨੂੰ ਦੇ ਤੀ...ਅਸੀਸਾਂ ਦਿਊਗਾ...ਸ਼ਰੀਕ ਦਾ ਤਾਂ ਮਰੇ ਦਾ ਵੀ ਵਸਾਹ ਨਹੀਂ ਕਰੀਦਾ।"

ਉਹ ਆਪਣੀ ਗੱਲ ਕਹਿ ਕੇ ਬੀਹੀ ਵਲ ਦਾ ਕੁੰਡਾ ਲਾਉਣ ਚਲਾ ਗਿਆ।

ਰਸੋਈ 'ਚੋਂ ਕਿਸੇ ਨਿਆਣੇ ਦੇ ਚੀਕਾਂ ਮਾਰ ਮਾਰ ਰੋਣ ਦੀ ਅਵਾਜ਼ ਆਈ। ਸੁਆਣੀ ਨੇ ਸ਼ਾਇਦ ਖਿੱਝ ਉਸ ਉਪਰ ਲਾਹ ਲਈ ਸੀ।

ਫਿਰਨੀ ਵਲ ਦੇ ਪਾਸੇ, ਜਿਧਰ ਦੀ ਟਰੈਕਟਰ ਸਣੇ ਟਰਾਲੀ ਅੰਦਰ ਆ ਜਾਂਦਾ ਸੀ, ਦੇ ਗੇਟ ਦੇ ਖੱਬੇ ਪਾਸੇ ਲਗੇ ਨਲਕੇ ਤੇ, ਗੋਹਾ ਕੂੜਾ ਕਰ ਹਟੀ ਜਮਾਦਾਰਨੀ ਹੱਥ ਪੈਰ ਧੋ ਰਹੀ ਸੀ। ਉਸ ਵੱਡੇ ਸਰਦਾਰ ਨੂੰ ਆਪਣੇ ਵਲ ਆਉਂਦਾ ਦੇਖ, ਉਸ ਵਲ ਪਿਠ ਕਰ ਲਈ।

ਗੇਟ ਦੇ ਸੱਜੇ ਪਾਸੇ ਅਤੇ ਮੱਝਾਂ ਦੀ ਖੁਰਲੀ ਦੇ ਵਿਚਾਲੇ, ਟੀਨ ਦੀਆਂ ਚਾਦਰਾਂ ਦੀ ਛੱਤ ਵਾਲੇ ਛੱਪਰ ਹੇਠ ਬਾਲਣ ਪਿਆ ਸੀ। ਕਪਾਹ ਦੀਆਂ ਛਿਟੀਆਂ, ਟਾਹਲੀ ਤੇ ਸ਼ਰੀਹ ਦੇ ਛਾਪੇ ਅਤੇ ਕੁਝ ਪਾੜੀਆਂ ਹੋਈਆਂ ਲੱਕੜਾਂ। ਉਹ ਬਾਲਣ ਵਲ ਨੂੰ ਮੂੰਹ ਕਰ ਕੇ ਅਟਕ ਗਿਆ ਅਤੇ ਅੰਦਾਜ਼ਾ ਲਾਉਣ ਲਗਾ ਕਿ ਕੱਲ੍ਹ ਨਾਲੋਂ ਬਾਲਣ ਕਿੰਨਾ ਕੁ ਘੱਟ ਗਿਆ ਹੈ। ਕਿਤੇ ਇਹ ਹਰਾਂਬੜ ਤੇ ਨਹੀਂ ਬਾਹਰ ਗੋਹਾ ਸਿਟਣ ਗਈ ਇਕ ਦੋ ਲੱਕੜਾਂ ਖਿਸਕਾ ਲਿਜਾਂਦੀ। ਹੱਥ-ਮੂੰਹ ਦੇਖ ਹੁਣ ਕਿਵੇਂ ਮਲ ਮਲ ਧੋਣ ਲਗੀ ਹੋਈ ਹੈ। ਇਸ ਤੇ ਵੀ ਅੱਗੋਂ ਤੋਂ ਅੱਖ ਰਖਦਾ ਹਾਂ। ਜ਼ਰੂਰ ਇਸ ਦੀ ਕੋਈ ਚਾਲ ਹੈ... ਨਹੀਂ ਤਾਂ ਇਤਨੇ ਦਿਨਾਂ ਵਿਚ ਇਨਾਂ ਬਾਲਣ ਕਿਵੇਂ ਬਲ ਜਾਂਦਾ ਹੈ। ਰਾਜਿੰਦਰ ਕੌਰ ਨੂੰ ਤਾਂ ਉਈਂ ਘਰ ਦਾ ਨਹੀਂ ਪਤਾ ਬਈ ਕਿਵੇਂ ਚਲਾਈ ਦਾ ਹੈ। ਉਧਰ ਉਸ ਨੂੰ ਸਰਦਾਰ ਗੁਰਨਾਮ ਸਿੰਘ ਜੀ, ਸਰਦਾਰ ਗੁਰਨਾਮ ਸਿੰਘ ਜੀ ਕਹਿ ਕੇ ਦਿਹਾੜੀਦਾਰ ਵਡਿਆਈ ਰਖਦੇ ਹਨ। ਮੈਂ ਤਾਂ ਹੈਰਾਨ ਹਾਂ, ਪਈ ਇਨ੍ਹਾਂ ਅੱਗੇ ਇਨਾਂ ਚਿਰ ਘਰ ਦਾ ਚੱਕਣ ਕਿਵੇ ਚੱਕੀ ਰਖਿਆ।

ਉਸ ਖੰਘੂਰਾ ਮਾਰਿਆ ਤੇ ਜਮਾਦਾਰਨੀ ਨੂੰ ਕਹਿਣ ਲਗਾ, "ਕੁੜੇ ਜਾਣ ਤੋਂ ਪਹਿਲਾਂ ਆਹ ਲੱਕੜਾਂ ਚੱਕ ਕੇ ਉਧਰ ਰੱਖ ਜਾਵੀਂ ਕੰਧ ਦੇ ਨਾਲ, ਤੇ ਉਰਲੇ ਪਾਸੇ ਇਕ ਭਰੀ ਕਪਾਹ ਦੀਆਂ ਛਿਟੀਆਂ

ਦੀ ਕਰ ਦੇਵੀਂ ।" ਉਸ ਨੇ ਇਹ ਸਭ ਕੁਝ ਉਸ ਨੂੰ ਆਪਣੇ ਹਥ ਵਿਚ ਫੜੀ ਖੂੰਡੀ ਨਾਲ ਸਮਝਾਇਆ ।

"ਮੇਰੇ ਕੋਲ ਭਾਈ, ਹੈ ਨੀਂ ਏਨਾ ਵਿਹਲ ਕਿਸੇ ਹੋਰ ਤੋਂ ਕਰਾ ਲੀਂ ।" ਉਸ ਨੇ ਸਿਰ ਦੇ ਲੀੜੇ ਨਾਲ ਆਪਣਾ ਮੂੰਹ ਪੂੰਝਦੀ ਨੇ ਸਾਫ ਇਨਕਾਰ ਕਰ ਦਿਤਾ ।

ਇਸ ਪਲ ਉਸ ਦਾ ਸ਼ੱਕ ਪੱਕਾ ਹੋ ਗਿਆ । ਜ਼ਰੂਰ ਇਸ ਹਰਾਂਬੜ ਦਾ ਕਾਰਾ ਹੈ । ਨਾਲੇ ਬਾਲਦੀ ਹੋਵੇਗੀ ਚੁਲ੍ਹੇ ਵਿਚ ਲਟਾ-ਲਟ ਤੇ ਨਾਲੇ ਕਢਦੀ ਹੋਵੇਗੀ ਧੜੀ ਧੜੀ ਦੀਆਂ ਗਾਲ੍ਹਾਂ, ਬਈ ਉਂਝ ਨਹੀਂ ਇਹ ਸੂਤ ਆਉਂਦੇ ।

"ਕਿਉਂ ਬਈ ਤੇਰੇ ਕੋਲ ਕਿਉਂ ਨਹੀਂ ਵਿਹਲ...ਤੂੰ ਕਿਹੜੇ ਖੂਹ 'ਚ ਪੈਣਾ ਹੁਣ ।"

"ਭਈ ਸੋਚ ਕੇ ਬੋਲਿਆ ਕਰ, ਖੂਹ 'ਚ ਪੈਣ ਮੇਰੇ ਵੈਰੀ, ਸੁਖੀ ਸਾਂਦੀ ਮੈਂ ਕਿਉਂ ਪਵਾਂ ।"

ਉਹ ਰਸੋਈ ਵਲ ਨੂੰ ਰੋਟੀ ਲੈਣ ਚਲੀ ਗਈ । ਕਲ੍ਹ ਜਦ ਉਹ ਰੋਟੀ ਲੈ ਕੇ ਗਈ ਸੀ ਤਾਂ ਪਿਛੋਂ ਉਸ ਆਪਣੀ ਨੂੰਹ ਨੂੰ ਸਮਝਾਇਆ ਸੀ । ਇੰਝ ਨਹੀਂ ਕਮੀਣਾਂ ਨੂੰ ਸਿਰ ਚਾੜ੍ਹ ਰਖੀਦਾ । ਇਹਨਾਂ ਨੂੰ ਵਰ੍ਹੇ ਛਿਮਾਹੀ ਦਾਣੇ ਦਿੰਦੇ ਹਾਂ ਤਾਂ ਫਿਰ ਰੋਟੀ-ਕਪੜੇ ਦਾ ਕੀ ਕੰਮ ? ਉਹ ਇਹ ਦੇਖਣ ਲਈ ਰੁਕ ਗਿਆ ਕਿ ਰਾਜਿੰਦਰ ਕੌਰ ਅਜ ਵੀ ਰੋਟੀ ਦਿੰਦੀ ਹੈ । ਉਂਝ ਵੀ ਉਸ ਨੂੰ ਹਿਰਖ ਸੀ, ਕਿਵੇਂ ਮੂੰਹ ਪਾੜ ਕੇ ਜਵਾਬ ਦੇ ਗਈ ਸੀ । ਅਸੀਂ ਤਾਂ ਆਪਣੇ ਗਾਫੇ (ਸੁਪਰਵਾਈਜ਼ਰ) ਨੂੰ ਕਦੇ ਨਹੀਂ ਸੀ ਜਵਾਬ ਦਿਤਾ । "ਅੱਧੀ ਉਮਰ ਉਥੇ ਕੱਢੀ ਹੈ—ਦਿਨੇ ਰਾਤ ਜਦੋਂ ਜੀਅ ਕਰੇ ਉਹ ਬੁਲਾ ਲੈਂਦਾ ਸੀ । ਕਦੇ ਨਹੀਂ ਸੀ ਨਾਂਹ-ਨੁਕਰ ਕੀਤੀ ਤੇ ਇਹ...।

ਇਹਨਾਂ ਦੀ ਅਜੇ ਯੂਨੀਅਨ ਨਹੀਂ ਹੈ । ਬਣਾ ਲੈਣ ਤਾਂ ਪਤਾ ਨਹੀਂ ਕੀ ਕਰਨ । ਇਹ ਜੜ੍ਹੀਆਂ-ਯੂਨੀਅਨਾਂ ਸਭ ਗੌਰਮਿੰਟ ਦੇ ਚੱਕਵੇਂ ਜ ਆ ਲੋਕਾਂ ਨੂੰ ਵਿਹਲੜ ਬਨਾਉਣ ਦੇ । ਨਹੀਂ ਤਾਂ ਇਨ੍ਹਾਂ ਦੀ ਕੀ ਮਿਜਾਲ ਕਿਸੇ ਗਾਫੇ ਮੋਹਰੇ ਬੋਲ ਜਾਣ । ਇਸ ਨਾਲੋਂ ਸਾਡੇ ਬੁੜ੍ਹੇ ਚੰਗੇ ਸੀ, ਜੋ ਇਨ੍ਹਾਂ ਨੂੰ ਨਛਾਰੋਂ ਪਾਣੀ ਨਹੀਂ ਸੀ ਪੀਣ ਦਿੰਦੇ...ਹੁਣ ਦੇਖ ਲਾ ਕਿਵੇਂ ਠੁਮਕ ਠੁਮਕ ਕਰਦੀ ਚੌਂਕੇ ਜਾ ਚੜ੍ਹੀ ਹੈ ।

ਉਹ ਆਪਣੇ ਆਪ ਵਿੱਚ ਕਰਿੱਝਦਾ ਹੋਇਆ ਵੱਡੇ ਗੇਟ ਤੋਂ ਬਾਹਰ ਹੋ ਗਿਆ । ਪਹਿਲਾਂ ਉਸ ਨੇ ਸੋਚਿਆ ਸੀ ਕਿ ਗੇਟ ਦੇ ਆਸ ਪਾਸ ਦੇਖਾਂਗਾ । ਉਸ ਨੇ ਕੋਈ ਲੱਕੜ ਨਾ ਰੱਖੀ ਹੋਵੇ ।

ਦੱਸ ਕੁ ਕਰਮਾਂ ਦੀ ਵਿੱਥ ਤੇ ਉਸ ਨੂੰ ਨਾਜ਼ੂ ਝੀਰ ਪੱਤਿਆਂ ਦੀ ਢਿੱਲੀ ਜਿਹੀ ਪੰਡ ਲਈ ਆਉਂਦਾ ਮਿਲ ਗਿਆ ਜੋ ਉਨ੍ਹਾਂ ਸ਼ਾਮ ਨੂੰ ਭੱਠੀ ਤਾਉਣ ਲਈ ਵਰਤਣੇ ਸਨ ।

"ਸਾ-ਸਰੀ-ਕਾਲ ਮਹਾਰਾਜ ।" ਉਸ ਚਿੱਟਾ ਕਬੂਤਰ ਬਣੇ ਲਛਕਰ ਨੂੰ ਪੱਤਿਆਂ ਦੀ ਪੰਡ ਹੇਠੋਂ ਪਰਨਾਮ ਕੀਤੀ ।

ਉਸ ਨੂੰ ਯਾਦ ਆਇਆ, ਗੇਟ ਦਾ ਦੁਆਲਾ ਦੇਖਣਾ ਤਾਂ ਮੈਂ ਭੁੱਲ ਹੀ ਗਿਆ ਹਾਂ । ਉਹ ਉਥੋਂ ਪਿਛਾਂਹ ਨੂੰ ਮੁੜ ਤੁਰਿਆ ।

ਗੇਟ ਦਾ ਦੁਆਲਾ ਦੇਖ ਕੇ ਉਹ ਰੂੜੀਆਂ ਵਲ ਨੂੰ ਚਲਾ ਗਿਆ । ਉਥੇ ਵੀ ਗੰਦਗੀ ਦੇ ਸਿਵਾ ਕੁਝ ਨਹੀਂ ਸੀ ।

ਮੋਚੀਆਂ ਦਾ ਹਰਨਾਮ ਸਿਉਂ ਕਿਆਰਾ ਮੋੜਨ ਆਇਆ ਉਸ ਨੂੰ ਉੱਚੀ ਆਵਾਜ਼ ਵਿਚ ਬੋਲਿਆ, "ਮਖਾਂ ਲਛਕਰਾ, ਇਥੇ ਕੀ ਤੇਰੀਆਂ ਨੱਤੀਆਂ ਡਿਗ ਪਈਆਂ । ਜੋ ਸਵੇਰੇ ਸਵੇਰੇ ਗੰਦ ਮਿੱਧਦਾ ਫਿਰਦੈਂ ।"

"ਡਿੱਗਣਾ-ਡਿਗਾਉਣਾ ਤਾਂ ਕੀ ਹੈ, ਮੈਂ ਕਿਹਾ, ਉਂਝ ਹੀ ਗੇੜਾ ਮਾਰ ਜਾਨਾਂ ਢੇਰ ਵੰਨੀ 'ਗਾਂਹ ਕਦੇ ਲੋੜ ਪਵੇ ਤਾਂ ਬੰਦੇ ਨੂੰ ਪਤਾ ਹੁੰਦਾ ।"

"ਹਲਾ ਮੈਂ ਬੀ ਕਿਹਾ, ਬਈ ਲਛਕਰ ਸਿਆਣਾ ਤਾਂ ਕਾਂ ਜਿੰਨਾ... ਕੀ ਪਤਾ ਉਹਦੇ ਆਲੀ ਗੰਦ 'ਚ ਚੁੰਝ ਮਾਰਨ ਦੀ ਬਾਣ ਵੀ ਪੈਗੀ ਹੋਵੇ ।

"ਹੱਟ ਜਾ ਤੂੰ ਹਰਨਾਮੇ ਦਿਆ ਪੁੱਤਰਾ...ਕਿਤੇ ਝੰਡ ਕਰਾਏਂਗਾ ।"

"ਸਾਡੀ ਭਰਜਾਈ ਤਾਂ ਹੁਣ ਰਹੀ ਨਹੀਂ । ਦਿਨ ਕਟੀ ਤਾਂ ਕਰਨੀ ਹੋਈ ਬੜਾ ਚੰਗਾ ਸੁਭਾ ਸੀ ਵਿਚਾਰੀ ਦਾ ।"

ਇਸ ਗੱਲ ਨਾਲ ਉਹ ਥੋੜ੍ਹਾ ਹਲੂਣਿਆ ਗਿਆ (ਤੇ ਸੁਚੇਤ ਵੀ ਹੋ ਗਿਆ, ਕਿਤੇ ਪੈਸਿਆਂ ਦੀ ਵਗਾਰ ਹੀ ਨਾ ਪਾ ਦੇਵੇ) ਜਿੰਨਾਂ ਚਿਰ ਉਹ ਬਾਹਰ ਰਿਹਾ ਸੀ । ਉਸ ਨੂੰ ਘਰ ਦੀ ਕਦੇ ਕੋਈ ਚਿੰਤਾ ਨਹੀਂ ਹੋਈ ਸੀ । ਨਾ ਕਦੀ ਪਿੰਡੋਂ ਕਿਸੇ ਦੀ ਐਸੀ ਚਿੱਠੀ ਗਈ ਸੀ, ਜਿਸ ਨੇ ਉਨ੍ਹਾਂ ਦੇ ਘਰ ਦੀ ਇੱਜ਼ਤ ਵੱਲ ਇਸ਼ਾਰਾ ਕੀਤਾ ਹੋਵੇ । ਉਸ ਇਕ ਇਕ ਕਰ ਕੇ ਆਪਣੇ ਦੋਵੇਂ ਛੋਟੇ ਮੁੰਡੇ ਇੰਗਲੈਂਡ ਮੰਗਵਾ ਲਏ ਸਨ । ਵੱਡੇ ਮੁੰਡੇ ਦਾ ਵੀ ਕਾਕਾ ਉਧਰ ਲੰਘਾ ਕੇ ਉਹ ਘਰ ਦੀ ਕਬੀਲਦਾਰੀ ਤੋਂ ਸੁਰਖ਼ਰੂ ਹੋ ਗਿਆ ਸੀ । ਨਿਆਣੇ ਸਾਰੇ ਥਾਂਉਂ ਥਾਈਂ ਵਿਆਹੇ ਜਾ ਚੁਕੇ ਸਨ । ਉਹ ਬੁੱਢੇ ਵਾਰੇ ਦੀ ਪਿਨਸ਼ਨ ਲੁਆ ਕੇ ਅਤੇ ਦਾੜ੍ਹੀ-ਕੇਸ ਰਖ, ਗੁਰੂ ਦਾ ਸਿੱਖ ਬਣ ਦੇਸ਼ ਆ ਗਿਆ ਸੀ । ਆਪਣੀ ਆਖਰੀ ਸੁੱਖ ਭਰੀ ਜ਼ਿੰਦਗੀ ਬਤੀਤ ਕਰਨ । ਇਥੇ ਉਸ ਦਾ ਸੱਭ ਤੋਂ ਵੱਡਾ ਮੁੰਡਾ ਸੀ । ਜੋ ਉਧਰ ਲੰਘ ਨਹੀਂ ਸਕਿਆ ਸੀ । ਉਹ ਦੇਸ਼ ਹੀ ਬਲੈਕ ਦੇ ਭੇਜੇ ਪੈਸਿਆਂ ਨਾਲ, ਮਾੜੇ ਜ਼ਗੀਰਦਾਰ ਜਿੰਨੀ ਬਣਾਈ ਜ਼ਮੀਨ ਤੇ ਡਟ ਕੇ ਵਾਹੀ ਕਰ ਰਿਹਾ ਸੀ । ਕੁੱਝ ਰਕਮ ਸਾਲ-ਛਿਮਾਹੀ ਬਾਹਰੋਂ ਆ ਜਾਂਦੀ ਸੀ ।

ਉਹ ਬਰਾ-ਬਰੋਬਰ ਤੁਰੇ ਜਾ ਰਹੇ ਸਨ ।

"ਤੂੰ ਤਾਂ ਸਾਲਿਆ ਪੂਰਾ ਘੀਚੜ ਏਂ—ਕਿਸੇ ਦੀ ਵੱਢੀ ਉਂਗਲ ਤੇ ਮੂਤਣ ਲਗਾ ਵੀ ਸੋਚਦੈਂ, ਬਈ ਇਹਦਾ ਕੋਈ ਫੈਦਾ ਹੋਊ ਕਿ ਨਾ ।"

"ਆਪਣੇ ਘਰ ਸਾਰੇ ਸਿਆਣੇ ਹੁੰਦੇ, ਹਰਨਾਮ ਸਿਆਂ । ਦੇਸ਼ਾਂ ਬਦੇਸ਼ਾਂ ਦੀ ਖਾਕ ਛਾਣੀ ਹੈ । ਤੇਰੇ ਵਾਂਗ ਨਹੀਂ ਬਈ ਲੰਘਦੇ-ਵੜਦੇ ਨੂੰ ਚਾਰ ਸੁਣਾ ਤੀਆਂ—ਚਾਰ ਸੁਣ ਲਈਆਂ ਤੇ ਹਰੀ ਹਰ ਹਰੀ-ਹਰ ਕਰ ਛਡਿਆ ।"

"ਤੂੰ ਤਾਂ ਯਾਰ ਚਿੱਤ ਲਾ ਲਈ, ਮੈਂ ਤਾਂ ਐਵੇਂ ਹੱਸਦਾ ਸੀ ।" ਉਹ ਖੂਹ ਤੇ ਪਹੁੰਚ ਚੁਕੇ ਸਨ । "ਆ ਜਾ ਹੁਣ ਰੋਟੀ ਖਾ ਕੇ ਜਾਈਂ । ਇਥੇ ਤੁਹਾਡੇ ਵਾਂਗ ਥਾਲੀ ਵਿਚ ਪਰੋਸ ਕੇ ਤਾਂ ਮਿਲਣੀਆਂ ਨਹੀਂ, ਹੱਥਾਂ ਤੇ ਹੀ ਛੱਕਣੀਆਂ ਪੈਣੀਆਂ ।"

"ਬੱਸ ! ਗੁਰੂ ਬਹੁਤਾ ਦੇਵੇ ।"

ਸਾਧ ਦੇ ਡੇਰੇ ਦੇ ਕੋਲ ਦੀ ਲੰਘ ਕੇ, ਮਸਾਣਾਂ ਦੇ ਵਿਚ ਦੀ ਹੁੰਦੇ ਹੋਏ, ਸੂਏ ਦੇ ਪੁਲ ਤੇ ਖੜ੍ਹ ਉਨ੍ਹਾਂ ਦਾ ਖੂਹ ਦਿੱਸ ਪੈਂਦਾ ਸੀ । ਸੰਘਣੇ, ਹਰੇ ਤੇ ਉੱਚੇ-ਲੰਮੇ ਰੁਖਾਂ ਵਾਲਾ ।

ਜਦ ਉਹ ਖੂਹ ਤੇ ਪਹੁੰਚਿਆ ਤਾਂ ਗੋਡਾਵੇ ਤੇ ਗੁਰਨਾਮ ਸਾਰੇ ਬੈਠੇ ਰਲ-ਮਿਲਕੇ ਰੋਟੀ ਖਾ ਰਹੇ ਸੀ । ਉਸ ਨੇ ਘੜੀ ਦੇਖੀ । ਗੋਡਾਵਿਆਂ, ਉਸ ਨੂੰ ਸਤਿਕਾਰ ਭਰੇ ਸ਼ਬਦਾਂ ਨਾਲ ਬੁਲਾਇਆ ।

ਰਾਜਿੰਦਰ ਕੌਰ ਨੇ ਦਸਿਆ, ਉਹ ਉਸ ਦੀ ਰੋਟੀ ਖੂਹ ਤੇ ਨਹੀਂ ਲਿਆਈ। ਉਸ ਦਾ ਖਿਆਲ ਸੀ ਕਿ ਉਹ ਬੱਸਾਂ ਦੇ ਅੱਡੇ ਤੇ ਹੋਵੇਗਾ। ਲਛਕਰ ਨੂੰ ਇਹ ਗੱਲ ਚੰਗੀ ਨਾ ਲਗੀ ਪਰ ਉਸ ਕੋਈ ਉਜ਼ਰ ਵੀ ਨਾ ਕੀਤਾ।

"ਸਰਦਾਰ ਸਾਹਿਬ, ਤੁਸੀਂ ਵਾਪਸ ਕਦੋਂ ਜਾਣਾ ਵਲੈਤ ਨੂੰ।" ਕਣਕ ਦੀ ਗੋਡੀ ਕਰਨ ਆਏ ਗੋਡਾਵਿਆਂ 'ਚੋਂ ਇਕ ਨੇ ਪੁਛਿਆ।

"ਕਿਉਂ ? ਤੈਨੂੰ ਮੇਰੇ ਇਥੇ ਰਹਿਣ 'ਚ ਕੋਈ ਤਕਲੀਫ ਹੈ ?"

"ਇਹ ਬੁੱਧੂ ਦਾ ਬੁੱਧੂ ਰਿਹਾ—ਸਰਦਾਰ ਹੋਣੀ ਪਿਲਸਣ ਆਏ ਆਏ ਆ...ਹੁਣ ਇਨ੍ਹਾਂ ਕਿਉਂ ਜ਼ਾਣਾ ਹੋਇਆ।"

ਰੋਟੀ ਤੋਂ ਬਾਅਦ ਕੋਈ ਸੁਸਤਾਉਣ ਲਗ ਪਿਆ। ਕਿਸੇ ਅੱਗ ਬਾਲ ਕੇ ਚਿਲਮ ਤਾਜ਼ੀ ਕਰ ਲਈ। ਕੋਈ ਬਾਹਰ ਅੰਦਰ ਚਲਾ ਗਿਆ। ਇੰਝ ਉਨ੍ਹਾਂ ਘੰਟਾ ਕੁ ਲਾਇਆ ਤੇ ਫਿਰ ਸਹਿਜ ਨਾਲ ਉਠ ਕੇ ਕਣਕ ਗੁੱਡਣ ਜਾ ਲਗੇ। ਇਸ ਸਾਰੇ ਸਮੇਂ ਦੌਰਾਨ ਲਛਕਰ ਕ੍ਰਿਝਦਾ ਰਿਹਾ ਤੇ ਆਪਣੇ ਗਾਫੇ ਵਾਂਗ ਵਾਰ ਵਾਰ ਘੜੀ ਦੇਖਦਾ ਰਿਹਾ।

ਉਸ ਵੱਖ ਕਰ ਗੁਰਨਾਮ ਨੂੰ ਕਿਹਾ, "ਤੂੰ ਇਨ੍ਹਾਂ ਨੂੰ ਬਹੁਤ ਸਿਰ ਚਾੜ੍ਹ ਰਖਿਆ ਹੈ।" ਉਸ ਨੂੰ ਗੁਰਨਾਮ ਦਾ ਉਨ੍ਹਾਂ ਵਿਚ ਬੈਠਕੇ ਤੇ ਉਨ੍ਹਾਂ ਵਰਗੀ-ਤੇ ਉਨ੍ਹਾਂ ਵਾਂਗ ਹੀ ਰੋਟੀ ਖਾਣਾ ਵੀ ਚੰਗਾ ਨਹੀਂ ਲਗਿਆ ਸੀ। "ਤੂੰ ਸਰਦਾਰ ਏਂ ਇਨ੍ਹਾਂ 'ਚ ਟੌਅਰ ਨਾਲ ਰਿਹਾ ਕਰ।" ਇਸ ਤੋਂ ਬਾਅਦ ਉਸ ਨੇ ਕੋਈ ਹੋਰ ਹਦਾਇਤਾਂ ਉਸ ਨੂੰ ਦਿਤੀਆਂ ਜੋ ਅਕਸਰ ਕਿਸੇ ਸਨਅੱਤ ਦੇ ਮੈਨੇਜਰ ਵਲੋਂ ਆਪਣੇ ਅਮਲੇ-ਫੈਲੇ ਨੂੰ ਦਿਤੀਆਂ ਜਾਂਦੀਆਂ ਹਨ।

ਗੁਰਨਾਮ ਉਸ ਦੀਆਂ ਅਜੇਹੀਆਂ ਹਦਾਇਤਾਂ ਤੋਂ ਬਹੁਤ ਅੱਕਿਆ ਹੋਇਆ ਸੀ। ਉਸ ਨੇ ਕਿਹਾ, "ਗੱਲਾਂ ਕਰਨੀਆਂ ਬਹੁਤ ਸੌਖੀਆਂ—ਹੱਥੀਂ ਕਰਨਾ ਪਏ ਤਾਂ ਪਤਾ ਲੱਗਦਾ। ਤੂੰ ਦੋ ਮਹੀਨਿਆਂ 'ਚ ਸਾਨੂੰ ਜੀਣਾ ਔਖਾ ਕੀਤਾ ਹੋਇਆ ਹੈ।" ਤੇ ਉਹ ਪਰ੍ਹਾਂ ਨੂੰ ਖਿਸਕ ਗਿਆ।

ਇਸ ਤੋਂ ਪਹਿਲਾਂ ਵੀ ਉਹ ਗੁਰਨਾਮ ਨਾਲ ਗਲ ਕਰ ਚੁਕਾ ਸੀ।

ਉਸ ਵੇਲੇ ਗੁਰਨਾਮ ਨੇ ਕਹਾ ਸੀ, "ਭਾਈਆ, ਐਦੂੰ ਤਾਂ ਤੂੰ ਵਲੈਤ 'ਚ ਹੀ ਟਿਕਿਆ ਰਹਿੰਦਾ ਤਾਂ ਕੀ ਮਾੜਾ ਸੀ ?"

ਉਸ ਦਾ ਮਨ ਖਰਾਬ ਜਿਹਾ ਹੋ ਗਿਆ। ਉਹ ਸਹੁਰੇ ਵੀ ਇਹੀ ਕਹਿੰਦੇ ਸੀ।

"ਭਾਈਆ ! ਹੁਣ ਤਾਂ ਤੂੰ ਦੇਸ਼ ਜਾ ਰਹਿ—ਖੇਤਾਂ ਬੰਨੇ ਗੇੜਾ ਮਾਰ ਛਡਿਆ ਤੇ ਖੁੰਢਾਂ ਤੇ ਬੈਠੇ ਮੁੰਡਿਆਂ ਨਾਲ ਗਪ-ਸ਼ੱਪ ਲੜਾ ਛੱਡੀ।" ਤੇ ਉਹ ਪਿੰਡ ਦੇ ਜੀਵਨ ਦਾ ਬੜਾ ਸੁਹੱਪਣ-ਪੂਰਨ ਨਕਸ਼ਾ ਬੰਨ੍ਹ ਦਿੰਦੇ ਸਨ। "ਉਂਝ ਉਨ੍ਹਾਂ ਸਹੁਰਿਆਂ ਨੂੰ, ਪਤਾ ਨੀਂ ਮੈਥੋਂ ਕੀ ਤੰਗੀ ਸੀ ?"

ਉਹ ਸੋਚਾਂ 'ਚ ਗੁੰਮ ਜਿਹਾ ਹੋਇਆ, ਵਾਪਸ ਪਿੰਡ ਨੂੰ ਤੁਰ ਪਿਆ। ਤੁਰੇ ਜਾਂਦਿਆਂ ਉਸ ਦੇ ਮਨ 'ਚ ਆਈ, ਇਕ ਵਾਰ ਗੋਡਾਵਿਆਂ ਕੰਨੀਂ ਵੀ ਝਾਤੀ ਪਾ ਜਾਵਾਂ—ਕੇਹਾ ਗੁੱਡ ਰਹੇ ਹਨ।

ਲੱਛਕਰ ਨੂੰ ਖੇਤ 'ਚ ਵੜਦਾ ਦੇਖ ਗੋਡਾਵਿਆਂ ਉਸ ਨੂੰ ਆਵਾਜ਼ ਮਾਰ ਲਈ ਤੇ ਕੰਮ ਛੱਡ ਕੇ ਬੈਠ ਗਏ।

"ਵਲੈਤ ਦੀ ਗੱਲ-ਬਾਤ ਇਹ ਆ ਪਈ—ਆਪਣੇ ਮਾਲਕ ਵੱਲ ਦੇਖ ਕੇ, ਤੁਹਾਡੇ ਵਾਂਗ ਕਦੇ ਕੰਮ ਛੱਡਕੇ ਨਹੀਂ ਸੀ ਬੈਠੇ। ਬਾਕੀ ਤੁਸੀਂ ਕੱਖ ਛੱਡੀ ਜਾਨੇ ਆਂ ਤੇ ਕਣਕ ਵੱਢੀ ਜਾਂਦੇ ਆਂ।" ਉਸ ਨੇ ਆਪਣੇ ਹੱਥ ਵਿਚ ਫੜੇ ਕਣਕ ਦੇ ਇਕ-ਦੋ ਜਾੜ੍ਹੇ ਉਨ੍ਹਾਂ ਨੂੰ ਦਿਖਾਏ।



"ਬਚਾਅ ਤਾਂ ਬਥੇਰਾ ਰੱਖੀਦਾ ਸਰਦਾਰ ਸਾਹਬ—ਫਿਰ ਵੀ ਰੰਬੀ ਕਿਤੇ ਲੱਗ ਈ ਜਾਂਦੀ ਹੈ।"

"ਕੱਖ ਹੈ ਈ ਬੜਾ—ਕਰੀਏ ਵੀ ਕੀ ?"

"ਚਲੋ ਫਿਰ ਕੰਮ ਕਰਨ ਲਗੋ—ਇਹ ਟੈਮ ਬੈਠਣ ਦਾ ਨਹੀਂ।"

"ਕੰਮ ਤਾਂ ਸਰਦਾਰਾ ਐਂ ਈ ਰਹਿਣਾ—ਤੂੰ ਕੋਈ ਵਲੈਤ ਦੀ ਸੁਣਾ।"

ਇਕ ਹੋਰ ਨੇ ਖੇਤ ਵੱਲ ਇਸ਼ਾਰਾ ਕਰਦਿਆਂ ਕਿਹਾ, "ਇਹ ਤਾਂ ਅਸੀਂ ਅੱਜ ਬੰਨੇ ਲਾ ਈ ਜਾਣਾ।"

"ਸੂਰ ਦਿਉ ਪੁਤੋ—।" ਉਸ ਨੇ ਥੋੜਾ ਘੁਮੰਡ ਜਿਹੇ ਨਾਲ ਕਿਹਾ, "ਤੁਸੀਂ ਮੈਨੂੰ ਗੁਰਨਾਮ ਈ ਸਮਝ ਛਡਿਆ ਘੰਟਾ ਭਰ ਤੁਸੀਂ ਰੋਟੀ ਖਾਂਦਿਆਂ ਲਾ ਤਾ, ਹੁਣ ਫਿਰ ਚਿੱਤੜ ਹੇਠਾਂ ਲਾਈ ਬੈਠੇ ਓ - ਇਉਂ ਕੰਮ ਕਿਵੇਂ ਹੋਵੇਗਾ। ਹੁਣ ਤਕ ਤੁਸੀਂ ਕਰਮ ਕਰਮ ਤਕ ਰੰਬਾ ਫੇਰ ਜਾਣਾ ਸੀ।"

"ਤੇਰਾ ਤਾਂ ਸਰਦਾਰਾ ਵਲੈਤ ਜਾ ਕੇ ਵੀ ਭੋਰਾ ਸੁਭਾਅ ਨਹੀਂ ਬਦਲਿਆ।"

"ਹੈ ਹਰਾਂਬੜ ਦਾ ਗੱਲਾਂ ਕਰਨੋਂ ਬਾਜ ਆਉਂਦਾ।"

ਉਹ ਢੀਠਾਂ ਵਾਂਗ ਉਸ ਨੂੰ ਹੋਰ ਖਦੇੜੀ ਜਾਂਦੇ ਲੁਤਫ ਲੈ ਰਹੇ ਸੀ।

ਅਖੀਰ, ਕੁਝ ਚਿਰ ਉਨ੍ਹਾਂ ਨਾਲ ਸਿਰ-ਖਪਾਈ ਕਰਕੇ ਲਛਕਰ ਪਿੰਡ ਨੂੰ ਤੁਰ ਪਿਆ।

ਘਰ ਬੀਹੀ ਵੱਲ ਦੀ ਵੜਨ ਲੱਗੇ ਨੇ ਉਸ ਦੇਖਿਆ, ਨਾਲੀ ਦਾ ਪਾਣੀ ਇਕ ਥਾਂ ਕੱਖਾਂ ਦੇ ਕੱਠਾ ਹੋਣ ਕਾਰਨ ਰੁਕਿਆ ਹੋਇਆ ਹੈ। ਉਸ ਨੇ ਹੱਥਲੀ ਖੂੰਡੀ ਨਾਲ ਉਨ੍ਹਾਂ ਨੂੰ ਛੇੜਕੇ ਪਾਣੀ ਚੱਲਦਾ ਕਰ ਦਿਤਾ।

"ਤੂੰ ਭਾਈਆ, ਸਾਡੇ ਨਾਲ ਈ ਰਲ ਜਾ, ਵਲੈਤੀ ਢੰਗ ਨਾਲ ਨਾਲੀਆਂ ਸਾਫ਼ ਕਰਿਆ ਕਰਾਂਗੇ।" ਉਨ੍ਹਾਂ ਦੇ ਪਿੰਡ ਦੀ ਨਾਲੀਆਂ ਸਾਫ਼ ਕਰਨ ਵਾਲੀ ਨੇ ਉਸ ਨਾਲ ਛੇੜਖਾਨੀ ਕੀਤੀ। ਉਹ ਅਚਾਨਕ ਹੀ ਮੋੜ ਤੋਂ ਨਿਕਲ ਆਈ ਸੀ।

"ਖੜ੍ਹ ਤੇਰੀ ਮਾਂ ਨੂੰ ਖੋਤੀਏ—ਉਥੇ ਅਸੀਂ ਕਿਤੇ ਇਹੀ ਕੰਮ ਕਰਦੇ ਹਾਂ।"

ਉਹ ਦੰਦ ਕਢ ਕੇ ਹੱਸ ਪਈ।

"ਨਾ ਸਰਦਾਰਾ, ਮੈਂ ਤਾਂ ਐਵੇਂ ਹੱਸਦੀ ਸੀ।" ਫਿਰ ਉਸ ਨੇ ਸ਼ੋਖ ਅੱਖਾਂ 'ਚ ਉਦਾਸੀ ਭਰ ਕੇ ਕਿਹਾ, 'ਰੁਪਏ ਦੋ ਚਾਹੀਦੇ ਸੀ, ਮੈਂ ਕਿਹਾ, ਸਰਦਾਰ ਨੂੰ ਪੁਛੂੰਗੀ।"

"ਰੁਪਏ ਚਾਹੀਦੇ ਸੀ...।" ਉਸ ਨੇ ਰੁਖਿਆਈ ਤੇ ਮਾਣ ਜਿਹੇ ਨਾਲ ਦੁਹਰਾਇਆ, "ਮੇਰੇ ਕੋਲ ਕੋਈ ਖਜ਼ਾਨਾ ਪਿਆ, ਜਿਥੋਂ ਕੱਢ ਕੱਢ ਕੇ ਫੜਾਈ ਜਾਵਾਂ।'

"ਹੋਰ ਸਰਦਾਰਾ, ਤੇਰੇ ਕੋਲ ਖਜ਼ਾਨੇ ਨਾਲੋਂ ਘੱਟ ਹੈ ਕਿਤੇ।" ਉਸ ਦੀ ਅਵਾਜ਼ ਵਿਚ ਅਸੀਸ ਵਰਗਾ ਦਰਦ ਸੀ।

ਉਸ ਦੀ ਲਾਚਾਰੀ ਨੇ ਲਛਕਰ ਨੂੰ ਕੋਈ ਗੁੱਝੀ ਜਿਹੀ ਖੁਸ਼ੀ ਦਿਤੀ। ਉਸ ਨੂੰ ਜਾਪਿਆ ਜਿਵੇਂ ਉਸ ਦਾ ਕੱਦ ਬੀਹੀ ਵਿਚ ਪਿੱਪਲ ਵਾਂਗ ਉੱਗਕੇ ਸਾਰੇ ਪਿੰਡ ਤੇ ਛਾ ਗਿਆ ਹੈ।

"ਬਹੁਤੀਆਂ ਗੱਲਾਂ ਨਾ ਬਣਾ...ਘਰੋਂ ਲੈ ਜਾਵੀਂ—ਪਹਿਲਾਂ ਹਾਅ ਚੰਗੀ ਤਰ੍ਹਾਂ ਸਾਫ ਕਰ ਦੇ।" ਉਸ ਨੇ ਨਾਲੀ ਵਲ ਇਸ਼ਾਰਾ ਕੀਤਾ।

"ਤੇਰਾ ਭਲਾ ਹੋਵੇ—ਇਹ ਤਾਂ ਮੈਂ ਕਰ ਕੇ ਹੀ ਜਾਊਂਗੀ। ਬੜੀ ਲੋੜ ਸੀ ਇਨ੍ਹਾਂ ਦੀ।"

ਉਹ ਆਪਣੇ ਕੰਮ ਰੁਝ ਗਈ।

ਚੁਬਾਰੇ ਮੋਹਰੇ ਰੋਟੀ ਖਾਂਦੇ ਲਛਕਰ ਨੇ ਰਾਜਿੰਦਰ ਕੌਰ ਨੂੰ ਦੱਸਿਆ, "ਨਾਲੀਆਂ ਸਾਫ ਕਰਨ ਵਾਲੀ ਸ਼ੀਲੋ ਨੇ ਰੁਪਏ ਲੈਣ ਆਉਣਾ ਹੈ। ਉਸ ਨੂੰ ਦੇਣੇ ਨਹੀਂ। ਉਸ ਨੂੰ ਕਹਿ ਦੇਵੀਂ, ਮੈਨੂੰ ਭਾ ਬੂਝ ਨਹੀਂ ਦੱਸਿਆ।'

ਤੇ ਉਸ ਨੇ ਪਰਾਉਂਠੇ ਦੀ ਆਖਰੀ ਬੁਰਕੀ ਨਾਲ ਤਿੰਨਾਂ ਕੌਲੀਆਂ ਨੂੰ ਰਗੜ ਕੇ ਰੱਖ ਦਿਤਾ।

ਕੁਰਲੀ ਕਰ, ਉਹ ਮੱਝਾਂ ਨੂੰ ਸਾਹਮਣੀਆਂ ਪੌੜੀਆਂ ਉਤਰ ਕੇ, ਗੇਟ ਰਾਹੀਂ ਅੱਡੇ ਵਲ ਨੂੰ ਚਲ ਪਿਆ।

ਬੱਸ ਅੱਡੇ ਤਕ ਜਾਂਦੇ ਨੇ ਉਸ, ਰਾਹ ਵਿਚ ਮਿਲਣ ਵਾਲਿਆਂ ਨਾਲ ਯਥਾ-ਯੋਗ ਜ਼ਬਾਨ ਸਾਂਝੀ ਕੀਤੀ।

ਬੱਸ ਅੱਡੇ ਦੇ ਇਕ ਪਾਸੇ ਦੁਕਾਨਾਂ ਸਨ। ਦੂਜੇ ਪਾਸੇ ਹਰੇ-ਭਰੇ ਖੇਤ ਤੇ ਪਾਸੇ ਨੂੰ ਕਰ ਕੇ, ਸੜਕ ਲਈ ਪੁਟੇ ਖਤਾਨਾਂ ਵਿਚ ਰੂੜੀਆਂ।

ਦੁਕਾਨਾਂ ਦੇ ਮੋਹਰੇ ਵਰਾਂਡਾ ਸੀ ਤੇ ਵਟਾਂਡੇ ਦੇ ਬਾਹਰ, ਇਕ ਭੱਜੜ ਜਿਹਾ ਨਲਕਾ, ਜਿਸ ਹੇਠ ਗਾਰੇ ਵਿਚ ਪਈਆਂ ਇਟਾਂ ਉੱਤੇ, ਤਕਰੀਬਨ ਸਦਾ ਹੀ ਪਈ ਰਹਿੰਦੀ ਕਰਿਆਟੀ ਲਿਬੜੀ ਕੜਾਹੀ।

ਇਕ ਪਾਸੇ ਪਿਪਲ ਸੀ। ਜਿਸ ਦੀ ਛਾਂ ਹੇਠ ਗਰਮੀਆਂ ਨੂੰ ਮੁਸਾਫਰ ਬੈਠਦੇ ਸਨ। ਪਿੱਪਲ ਵਲ ਦੇ ਪਾਸਿਉਂ ਦੁਕਾਨਾਂ ਇਸ ਤਰ੍ਹਾਂ ਸ਼ੁਰੂ ਹੁੰਦੀਆਂ ਸੀ। ਸਾਈਕਲਾਂ ਦੀ ਮੁਰੰਮਤ ਕਰਨ ਵਾਲੇ ਦੀ, ਜੁਤੀਆਂ ਦੀ ਮੁਰੰਮਤ ਕਰਨ ਵਾਲੇ ਦੀ ਤੇ ਉਸ ਦੇ ਨਾਲ ਹਲਵਾਈ ਦੀ। (ਜਾਂ ਉਸ ਨੂੰ ਪਕੌੜਿਆਂ ਵਾਲੀ ਕਹਿ ਲਉ) ਹਲਵਾਈ ਦੀ ਦੁਕਾਨ ਦੇ ਦੋਹੀਂ ਪਾਸੀਂ ਲੱਕੜ ਦੇ ਰੋਗਨ ਕੀਤੇ ਚਿੱਪ ਚਿੱਪੇ ਥਿੰਦੇ ਬੈਂਚ ਪਏ ਸਨ।

ਉਨ੍ਹਾਂ ਰੋਗਨ ਕੀਤੇ, ਚਿੱਪ ਚਿਪੇ ਥਿੰਦੇ ਬੈਂਚਾਂ 'ਚੋਂ ਇਕ ਦੇ ਸਿਰੇ ਬੈਠਦੇ ਹੋਏ ਲਛਕਰ ਨੇ ਪੁਛਿਆ, "ਸੁਣਾ ਬਈ ਕੈਨੇਡੀਆ, ਕਿਹੜੀਆਂ ਸੋਚਾਂ 'ਚ ਗਰਕਿਆ ਹੋਇਆਂ ?"

ਤੇ ਚਰਨ ਸਿਉਂ ਨੇ ਆਪਣੇ ਖਲਾਅ ਵਿਚ ਤਕਣਾ ਛੱਡ. ਉਸ ਵੱਲ ਇਕ ਬੁਤ ਵਾਂਗ ਗਰਦਨ ਭੁਆਈ।

ਪੱਕਾ ਰੰਗ, ਉਦਾਸ ਅੱਖਾਂ, ਮੂੰਹ ਦੇ ਦੁਆਲੇ ਝੁਰੜਾਇਆ ਚਰਬੀ ਰਹਿਤ ਮਾਸ, ਸਿਰ ਦੇ ਦੋ ਦੋ ਪੋਟੇ, ਕਾਲੋਂ ਦੀ ਮਾਮੂਲੀ ਜਿਹੀ ਝਲਕ ਦਿੰਦੇ ਪਰ ਖਿਲਰੇ ਹੋਏ ਵਾਲ, ਦਾੜੀ-ਮੁਛਾਂ ਸਫਾ-ਚੱਟ।

"ਸੋਚਦਾ ਸੀ, ਮੁੰਡਿਆਂ 'ਚੋਂ ਕੋਈ ਆ ਜਾਂਦਾ—ਸਾਰੀ ਉਮਰ ਉਧਰ ਗਾਲ੍ਹ ਕੇ ਚਾਰ ਸਿਆੜ ਬਣਾਏ ਸੀ—ਤੇ ਹੁਣ ਉਹ ਉਧਰ ਚਲੇ ਗਏ।" ਉਸ ਡਾਢੀ ਉਦਾਸ ਸੁਰ 'ਚ ਗੱਲ ਕੀਤੀ।

"ਹੂੰ—" ਲਛਕਰ ਨੇ ਉਸ ਨਾਲ ਸਹਿਮਤ ਹੁੰਦਿਆਂ ਸਿਰ ਹਿਲਾਇਆ।

ਉਹ ਘੜੀ ਕੁ ਆਪੋ-ਆਪਣੇ ਮੁੰਡਿਆਂ ਦੀਆਂ ਗੱਲਾਂ ਕਰਦੇ ਕਰਦੇ ਖੁਦ ਹੀ ਉਸ ਮੁਲਖ ਪਹੁੰਚ ਗਏ। ਉਥੇ ਬਿਤਾਏ ਸਾਲਾਂ ਦੀ ਯਾਦ ਵਿਚ ਘਿਰ ਗਏ। ਉਥੋਂ ਦੇ ਲੋਕਾਂ ਤੇ ਕੰਮ ਨਾਲ ਤੇ ਹਮ-ਵਤਨੀਂ ਕਾਮਿਆਂ ਦੀ ਜ਼ਿੰਦਗੀ ਉਨ੍ਹਾਂ ਅੱਗੇ ਸਾਕਾਰ ਹੋਣੀ ਸ਼ੁਰੂ ਹੋ ਗਈ। ਉਹ ਆਪਣੀਆਂ ਯਾਦਾਂ ਵਿਚ ਇਤਨੇ ਗਹਿਰੇ ਲਹਿ ਗਏ ਕਿ ਵਰਤਮਾਨ ਨੂੰ ਭੁਲ ਗਏ।

"ਸਿੱਧੀ ਗੱਲ ਹੈ ਭਰਾਵਾ..." ਉਨ੍ਹਾਂ ਨੂੰ ਕਿਸੇ ਅਤੀਤ ਵਿਚ ਗੋਤੇ ਖਾਂਦਿਆਂ ਨੂੰ, ਮੁੜ ਲੱਕੜ ਦੇ ਉਨ੍ਹਾਂ ਸਖਤ, ਚਿੱਪ ਚਿੱਪੇ ਤੇ ਥੰਦੇ ਬੈਂਚਾਂ ਉਪਰ ਬਾਹੋਂ ਫੜਕੇ ਬਿਠਾ ਦਿਤਾ।

ਕੋਈ ਨੌਜਵਾਨ ਵਲੈਤੀਆ ਉਨ੍ਹਾਂ ਵਲ ਨੂੰ ਪਿਠ ਕਰੀ ਸੜਕ ਤੇ ਖਲੋਤਾ ਸੀ। ਕੱਟੇ ਤੇ ਲਿਸ਼ਕਦੇ ਵਾਲ, ਮੋਢੇ ਤੇ ਫੁਲਾਂ ਵਾਲਾ ਤੌਲੀਆਂ, ਗਲ ਵਲੈਤੀ ਟੈਰਾਲੀਨ ਦਾ ਕੁੜਤਾ ਤੇ ਉਸਦੇ ਹੇਠੋਂ ਦੀ ਦਿਸਦੀ ਬੁਨੈਣ। ਉਸ ਆਸਮਾਨੀ ਰੰਗ ਦੇ ਚਾਦਰੇ ਨੂੰ ਪਿੰਜਣੀਆਂ ਤਕ ਚੁਕ ਕੇ ਹੱਥ ਢਾਕਾਂ ਉਪਰ ਰੱਖੇ ਹੋਏ ਸਨ।

ਉਹ ਝੂਮਦਾ ਹੋਇਆ, ਆਪਣੇ ਨਾਲ ਦੇ ਨੂੰ (ਜਿਸ ਉਸ ਦਾ ਫੁਲਾਂ ਵਾਲਾ ਝੋਲਾ ਫੜਿਆ ਹੋਇਆ ਸੀ) ਇਤਨੀ ਉੱਚੀ ਦਸ ਰਿਹਾ ਸੀ ਕਿ ਅੱਡੇ ਵਿਚ ਖੜ੍ਹੇ ਸਾਰੇ ਲੋਕ ਸੁਣ ਲੈਣ : "ਸਾਡਾ ਉਹ ਹਾਲ ਹੈ—ਨਾ ਘਰ ਦੇ ਨਾ ਘਾਟ ਦੇ।"

ਸਫਾ 13 ਦੀ ਬਾਕੀ

ਗਲ ਹੁੰਦੀ ਉਹ ਕਹਿੰਦਾ, "ਸਪੇਰਾ ਨੰਬਰ ਇਕ, ਸਪੇਰਾ ਨੰਬਰ ਦੋ ਜਾਂ ਸਪੇਰਾ ਨੰਬਰ ਤਿੰਨ ਖੜ੍ਹਾ ਹੈ।" ਮੇਰਾ ਖਿਆਲ ਸੀ ਕਿ ਇਹ ਗਲ ਸੁਣ ਉਹ ਬੜੇ ਚਾਅ ਨਾਲ ਏਸ ਤਰ੍ਹਾਂ ਦੀਆਂ ਪੁਰਾਣੀਆਂ ਗੱਲਾਂ ਕਰਨਗੇ। ਪਰ ਉਹ ਉਸੇ ਤਰ੍ਹਾਂ ਚੁੱਪ ਸਨ ਜਿਵੇਂ ਇਹ ਗੱਲ ਉਨ੍ਹਾਂ ਨਾਲ ਕਦੇ ਵਾਪਰੀ ਹੀ ਨਾ ਹੋਵੇ। ਅਤੇ ਮੈਨੂੰ ਜਾਪਿਆ, ਜਿਵੇਂ ਇਨ੍ਹਾਂ ਸਪੇਰਿਆਂ ਨੂੰ ਜ਼ਿੰਦਗੀ ਡੰਗ ਗਈ ਹੋਵੇ। o


**If you are looking for**
***Quality**

*** Quality**
*** Price**
*** After sale service when buying your car contact**
**Kuldip S. Jhand**

**ਕਿਸੇ ਪਰਕਾਰ ਦੀ ਕਾਰ ਖ਼ੀਦਣੀ ਜਾਂ ਟਰੇਡ ਕਰਨੀ ਹੋਵੇ ਤਾਂ ਖ਼ੀਦਣ ਤੋਂ ਪਹਿਲਾਂ ਕੁਲਦੀਪ ਝੰਡ ਨੂੰ ਮਿਲੋ ਜਾਂ ਫੂਨ ਕਰੋ**



Office
**521-7731**
Res. 524-4137

**WESTMINSTER CHEVROLET-OLDSMOBILE**
12 th Ave. at Queens Ave
New West Minster

# ਸੱਤੀਂ ਵੀਹੀਂ ਸੌ

ਅਵਤਾਰ ਸਿੰਘ

"ਕਿਉਂ ਉਏ ਰਾਮਸੀਆਂ, ਪੈਸੇ ਦੇਣੇ ਨੇ ਜਾਂ ਕਰੀਏ ਪੁੱਠਾ?"
"ਕਿਹੜੇ ਪੈਸੇ? ਕਿਹਦੇ ਪੈਸੇ?"
"ਸਾਲਿਆ ਮਕਰ ਕਰਕੇ ਦੱਸਦਾਂ, ਬੀਬਿਆਂ ਵਾਂਗੂ ਘਰ।"
"......................................................"
"ਹਰਾਮਖੋਰਾ ਮੂੰਹੋਂ ਫੁੱਟ ਨਹੀਂ ਤਾਂ ਲੱਗੇ ਆਂ ਗਿੱਟੜ-ਕੁੱਟ ਕਰਨ।"
"ਬੀਬਿਆਂ ਵਾਲੀ ਘੋਲੀ ਘੋਲ। ਇਹਨਾਂ ਡੰਡਿਆਂ ਸੋਟਿਆਂ ਨਾਲ......"
"......................................................"

"ਇਹਨਾਂ ਪੰਜਾਂ ਦੀ ਕੀ ਲੋੜ ਸੀ ਕੁੱਤਿਆ! ਪਿਓ ਦਾ ਪੁੱਤ ਸੈਂ ਤਾਂ 'ਕੱਲੇ ਨਾਲ 'ਕੱਲਾ ਦੇਖ।" ਗੁੱਸੇ ਵਿਚ ਜਗਤ ਸਿੰਘ ਅੰਗਿਆਰ ਵਾਂਗ ਦਗਣ ਲੱਗ ਪਿਆ।

ਸੌ ਕੁ ਸਾਲ ਹੋਏ, ਜਗਤ ਸਿੰਘ ਵਲਾਇਤ ਦੇ ਚੱਕਰ ਵਿਚ ਪੈ ਗਿਆ। ਨਿਆਣੇ ਛੋਟੇ ਸਨ, ਗੁਜ਼ਾਰਾ ਮਸਾਂ ਖਿੱਚ-ਧੂਹ ਕੇ ਤੁਰਦਾ ਸੀ। 'ਚਲੋ ਹੋਰ ਨਹੀਂ, ਨਿਆਣੇ ਤਾਂ ਰੱਜਵੀਂ ਰੋਟੀ ਖਾਣਗੇ' ਉਹਨੇ ਸੋਚਿਆ ਸੀ ਤੇ ਇਕ ਪੜ੍ਹਤ-ਪਾਂਧੇ ਨੂੰ ਪੁੱਛੇ ਬਗੈਰ ਆਪਣੇ ਸਾਰੇ ਖੇਤ ਠੇਕੇਦਾਰ ਹਵਾਲੇ ਕਰਕੇ ਦਿਨ-ਦਿਹਾੜੇ ਵਲਾਇਤ ਦੇ ਸੁਪਨੇ ਵੇਖਣ ਲੱਗ ਪਿਆ ਸੀ।

'ਬੱਸ ਅੱਜ ਆਇਆ ਜਾਂ ਭਲਕੇ' ਜਗਤ ਸਿੰਘ ਆਪਣੀ ਘਰ ਵਾਲੀ ਨੂੰ ਪਾਸਪੋਰਟ ਬਾਰੇ ਦੱਸਦਾ। ਬਚਨੋ ਵਿਚਾਰੀ ਲੋਕਾਂ ਅਜੀਜ਼ਾਂ ਤੋਂ ਇਹੋ ਕੁਝ ਸੁਣਦੀ ਆਈ ਸੀ। ਰੱਬ-ਘਰ ਦੀ ਬਰਕਤ ਦਾ ਉਹਨੂੰ ਵਿਸ਼ਵਾਸ ਆਉਂਦਾ, ਖੱਸੀ-ਖੁੱਸੀ ਲੰਘ ਕੇ ਦਿਨ ਦਾ ਗੁਜ਼ਾਰਾ ਕਰ ਲੈਂਦੀ।

ਜਿਸ ਠੇਕੇਦਾਰ ਨਾਲ ਜਗਤ ਸਿੰਘ ਵਲਾਇਤ ਪੁਚਾਉਣ ਦਾ ਠੇਕਾ ਕੀਤਾ ਸੀ, ਉਹ ਕੋਈ ਸਾਡੇ ਮੋਟੇ ਠੇਕੇਦਾਰਾਂ ਵਿਚੋਂ ਤਾਂ ਨਹੀਂ ਸੀ। ਕਾਹਦੇ ਪਾਸਿਆਂ ਵਿਚ ਧੱਕੜੀਆਂ-ਲੋਕਾਂ ਦੀ ਖ਼ਰੀਦ-ਫ਼ਰੋਖ਼ਤ ਕਰਕੇ ਉਹਦਾ ਨਾਂ 'ਠੇਕੇਦਾਰ' ਪੈ ਗਿਆ ਸੀ। ਪਰ ਕੰਮ ਤਾਂ ਉਹ ਉਹੋ ਜਿਹਾ ਨਹੀਂ ਸੀ ਕਰਦਾ। ਕੰਮ ਤਾਂ ਉਹ ਵੱਡੇ ਵੱਡੇ ਠੇਕੇ ਕਰਦਾ ਸੀ ਤੇ ਉਹ ਵੀ ਕੋਈ ਕਿਸਮਾਂ ਚੀਜ਼ਾਂ ਦੇ ਨਹੀਂ, ਸਗੋਂ ਬੰਦਿਆਂ ਦੇ - ਖ਼ਾਸ ਬੰਦਿਆਂ ਦੇ - ਜਿਨ੍ਹਾਂ ਪਾਸ ਚਾਰ ਪੈਸੇ ਹੋਣ।

ਇਕ ਟੁੱਟੜ ਜਿਹੇ ਏਜੰਟ ਨਾਲ ਸਲੂਣੇ ਦੀ ਸਾਂਝ ਪਾ ਕੇ ਠੇਕੇਦਾਰ ਨੇ ਆਪਣਾ ਕੰਮ ਹੋਰ ਵੀ ਉਪਜਾਊ ਬਣਾ ਲਿਆ। ਰੋਜ਼ ਕਿੰਨਾਂ ਮੁੰਡਿਆਂ ਦੇ ਇੰਗਲੈਂਡ ਪੁੱਜ ਜਾਣ ਨਾਲ ਹਰ ਪਾਸੇ ਧੱਕੇ ਧੱਕੇ ਹੋ ਗਈ। ਜਿਹੜਾ ਸ਼ਿਕਾਰ ਫਸਦਾ, ਦੋਵੇਂ ਆਪ ਹੀ ਹਲਾਲ ਕਰਦੇ। ਕਈ-ਪੰਜਾਂ ਸਾਲਾਂ ਵਿਚ ਠੇਕੇਦਾਰ ਦੇ ਵਾਰੇ ਨਿਆਰੇ ਹੋ ਗਏ। ਪੱਕਾ ਘਰ, ਪੱਕੀ ਹਵੇਲੀ, ਟਰੈਕਟਰ, ਦਿਉ-ਕੱਦ ਸਭ ਨਵੀਂ ਠੇਕੇਦਾਰੀ ਦੀਆਂ ਬਰਕਤਾਂ ਹੀ ਸਨ। ਪਰ ਲੋਕ ਜਦ ਵਾਕਿਆਂ ਦਾ ਤਾਂ ਸਾਰਾ ਪਾਰ ਉਤਰ ਹੋ ਗਿਆ, ਦਿਨ-ਦਿਹਾੜੇ ਪੱਕੇ ਖਾਣ ਵਾਲੇ ਠੇਕੇਦਾਰ ਦੀ ਜਾਨ ਨੂੰ ਰੋਂਦੇ ਸਨ। ਦਿਨ ਮਹੀਨੇ ਅਤੇ ਸਾਲ ਬੀਤਦੇ ਗਏ। ਠੇਕੇਦਾਰ 'ਅੱਜ ਭਲਕੇ' ਦੇ ਲਾਰਿਆਂ ਨਾਲ ਟਰਕਾਈ ਗਿਆ।

ਜਗਤ ਸਿੰਘ - ਜਿਹਨੇ ਉੱਕਾ-ਮੁੱਕਾ ਅੱਠ ਹਜ਼ਾਰ ਦਾ ਠੇਕਾ ਕੀਤਾ ਸੀ ਅਤੇ ਜਿਸ ਅੱਠ ਹਜ਼ਾਰ ਵਿਚ ਆਪਣੇ ਸਾਰੇ ਖੇਤ ਠੇਕੇਦਾਰ ਪਾਸ ਗਹਿਣੇ ਰੱਖ ਦਿਤੇ ਸਨ - ਠੇਕੇਦਾਰ ਅੱਗੇ ਲੇਲ੍ਹੜੀਆਂ ਕੱਢਦਾ ਥੱਕ ਗਿਆ। ਅਸਲ ਵਿਚ ਹੁਣ ਖੇਤਾਂ ਨੂੰ ਅੱਖ 'ਤੇ ਵਾਹਿਆਂ ਉਹਦਾ ਢਿੱਡ ਨਹੀਂ ਸੀ ਤੁਰਦਾ। ਇਕ ਦਿਨ ਫਸਲਾਂ, ਦੇਖ ਲੈਣ ਸਾਰਨ ਆਏ ਠੇਕੇਦਾਰ ਨਾਲ ਉਹਨੇ ਗੱਲ ਤੋਰੀ: "ਸੈਂਖਾਂ ਆਰ ਵਰਕ ਕੂੰਕ ਕੇ ਸਾਧੂ ਬਣ ਬਹੀਏ ਠੇਕੇਦਾਰਾ, ਤਾਕਾਂ ਸਣੇ ਦਾ ਫ਼ੈਸਲਾ ਸੁਣੇ।"

"ਜਿਥੋਂ ਕਿਹਾ ਆਖਿਆ ਹੋਇਆ ਆਪਣਾ ਜੱਗੂ, ਜਦੋਂ ਕਹੇਂ ਕਰਾਂਗੇ।" ਕੁੰਡੇ ਦੀ ਲੰਗੜੀ ਮੁਸਕਰਾਹਟ ਠੇਕੇਦਾਰ ਨੇ ਪਹਿਲਾਂ ਵਰਗਾ ਗੋਲਮੋਲ ਉੱਤਰ ਦਿੱਤਾ।

"ਸੌ ਸਾਲ ਤਾਂ ਹੋ ਗਏ ਆਖੇ ਨੂੰ, ਹੋਰ ਕਿੰਨਾਂ ਆਖਣਾ ਹੁੰਦਾ? ਆਹੋ ਕੋਈ ਕਰਾਰ ਮਰਦੀ ਸੌ ਜਿਹੜੀ ਤੂੰ ਪੂਰੀ ਕਰਦੈਂ?" ਜਗਤ ਸਿੰਘ ਦੇ ਬੋਲਾਂ ਵਿਚ ਇਕ ਖੂਹ ਸੀ, ਵੰਗਾਰ ਸੀ। ਠੇਕੇਦਾਰ ਘਬਰਾ ਗਿਆ। ਅੱਖਾਂ ਵਿਚ ਲਹੂ ਉਤਰ ਆਇਆ। ਪੂਰੀ ਦੰਦੀਆਂ ਪੀਹਦੀ ਅੱਖੇ ਆਖਣ ਲੱਗਾ, "ਅੱਤ ਚੰਗੀ ਨਹੀਂ ਹੁੰਦੀ ਜੱਗੂ। ਹਰ ਜਿਸਮ ਦਾ ਮੂੰਹ ਖੋਲ੍ਹੀਦਾ, ਨਤੀਜਾ ਮਾੜਾ ਨਿਕਲਦਾ ਹੁੰਦਾ।"

"ਤੂੰ ਆਪਣੇ ਮੂੰਹ ਨੂੰ ਲਗਾਮ ਦੇਹ। ਨਹੀਂ ਚੰਗੀ ਹੁੰਦੀ ਅੱਤ ਤਾਂ ਨਾ ਹੋਵੇ, ਔਂਤਰੇ ਲਾਲਚ ਤਾਂ ਆਖ਼ਰੀ ਨਹੀਂ ਹੋਏ ਲੱਗੀ। ਤੇਰੇ ਵਰਗਿਆਂ ਦੀਆਂ ਗੁਲਾਮੀਆਂ ਨਾਲੋਂ ਤਾਂ ਮਰ ਜਾਣਾ ਚੰਗਾ।"

ਠੇਕੇਦਾਰ ਦੀ ਧਾੜੀਆਂ-ਧੂੰਪ ਨੇ ਤਾੜਿਆ ਜਗਤ ਸਿੰਘ ਕਾਰਗੁਜ਼ਾਰੀ ਤੇ ਉਤਰ ਆਇਆ ਸੀ। ਦੇਰ ਪਹਿਲਾਂ ਉਹ ਉਥੋਂ ਖਿਸਕ ਤੁਰਿਆ। ਅਤੇ ਖੇਤੀ ਹੁੰਦਾ ਹੋਇਆਂ ਜਦੋਂ ਠੇਕੇਦਾਰ ਘਰ 'ਤੇ ਪਹੁੰਚਿਆ, ਤਬਾਰੇ ਵਿਚ ਉਹਦੇ ਬੈਠੀ ਥਾਣੇਦਾਰ ਦਰਬਾਰਾ ਸਿੰਘ ਨੇ ਅੱਧੀ ਕੁ ਦਰਜਣ ਸਿਪਾਹੀਆਂ ਨਾਲ ਮਹਿਫ਼ਲ ਸਜਾਈ ਹੋਈ ਸੀ। ਦਸ ਕੁ ਘਰ ਦੀਆਂ ਇੱਟਾਂ ਵਾਂਗ ਗਾੜ੍ਹੇ ਤੇ ਗਾੜ੍ਹਾ ਰੰਗ ਚੜ੍ਹ ਗਿਆ ਸੀ। ਠੇਕੇਦਾਰ ਨੇ ਦੋ ਬੁੱਕਤਦ ਅੰਦਰੇ-ਅੰਦਰ ਪੀ ਲਈ ਨਵੀਂ ਉਪਦੇਸ਼ਕੀ ਦੇ ਤਿੰਨ ਗਾੜ੍ਹੇ ਸੁੱਟ ਲਏ। ਤੇ ਇਕ ਜਗ

ਕੁ ਸੌਂ ਫਿਰ ਆਪਣੇ ਮੁੱਛਾਂ ਨੂੰ ਤਾਅ ਦਿੰਦਾ ਹੋਇਆ ਬੋਲਿਆ, "ਅੱਜ ਕਿੱਧਰ ਦਾ ਫੇਰਾ ਪਾਇਆ ਦਰਬਾਰਾ ਸਿੰਘ ਜੀ, ਬੜੇ ਦਿਨੀਂ ਔਖੇ ਹੋਏ ਜੇ। ਮੈਂ ਆਖਿਆ, ਕਿਤੇ ਨਾਰਾਜ਼ ਹੀ ਨਾ ਹੋ ਗਏ ਹੋਵ।"

"ਨਾਰਾਜ਼? ਤੇ ਫਿਰ ਤੁਹਾਡੇ ਨਾਲ?" ਥਾਣੇਦਾਰ ਦਰਬਾਰਾ ਸਿੰਘ ਆਪਣੇ ਵਿਚ ਆਖਣ ਲੱਗਾ। "ਅਸੀਂ ਤਾਂ ਜਦ ਕੈਮਲਪੁਰੀਆਂ ਦੇ ਚੱਕਰ 'ਚ ਪਏ ਹੋਏ ਆਂ, ਦਸਾ ਤੁਹਾਡੇ ਖਿਲਾ ਇਹਨਾਂ ਨਿਰਮੋਹੇ ਪਿੰਡਾਂ ਵਿਚ ਹੈ, ਜੀ ਕੋਈ? .... ਇਕ ਆਹ ਨਕਸਲਬਾੜੀਏ ਉਠੇ ਆ, ਆਖੇ ਸਾਰੀ ਸਰਕਾਰ ਬੰਦੂਕ ਦੀ ਨਾਲੀ 'ਚੋਂ ਨਿਕਲਦੀ ਆ। ਪਿਛਲੇ ਔਤਵਾਰ ਪੰਚਕੋਈਏ ਸਰਦਾਰ ਦਾ ਕਤਲ ਕਰ ਦਿੱਤਾ, ਅਜੇ ਤੱਕ ਉੱਘ-ਸੁੱਘ ਨਹੀਂ ਨਿਕਲੀ। ਅੱਜ ਦੇ ਅੱਜ ਫੇਰ ਇਕ ਕਾਂਸਟੇਬਲ ਨੂੰ ਮਾਰ ਗਿਆ। ਬੁਢਾਪਾ ਤਾਂ ਬਥੇਰਾ ਆ ਗਿਆ ਪਰ ਬਹਿਣਾਂ ਕੁਝ ਨਹੀਂ .........।" ਤੇ ਫਿਰ ਥਾਣੇਦਾਰ ਨੇ ਅੱਜ ਦੀ ਸਾਰੀ ਕਹਾਣੀ ਠੇਕੇਦਾਰ ਨੂੰ ਸੁਣਾ ਦਿੱਤੀ। ਹੋਸ਼ ਉਤੇ ਇਸ ਦੇਸ ਅਣਹੋਣੀ ਤਾਰੂ ਹੁੰਦੀ ਜਾ ਰਹੀ ਸੀ।

ਨੇਮ ਦਾ ਆਖੀਆ ਅੰਦਰ ਚਲੇ ਜਾਣ ਤੇ ਹੀ ਜਗਤ ਸਿੰਘ ਦੇ ਬੋਲਾਂ ਨੇ ਠੇਕੇਦਾਰ ਦਾ ਧਿਆਨ ਤਾਂ ਖਿੱਚਿਆ। ਉਹਦਾ ਸਾਰ ਤੇਰ ਤੇਜ, ਤੇਰ ਤੇਜ ਹੋਈ ਜਾ ਰਿਹਾ ਸੀ। ਤੇ ਆਖਰ ਉਹ ਥਾਣੇਦਾਰ ਅੱਗੇ ਢੇਰੀ ਵਾਂਗ ਵਿਛ ਗਿਆ।

"ਸਭ ਇਹਦੇ 'ਤੇ ਘਬਰਾਉਣ ਵਾਲੀ ਕਿਹੜੀ ਗੱਲ ਜੇ......।" ਥਾਣੇਦਾਰ ਨੇ ਥਾਪੀ ਦਿੱਤੀ ਅਤੇ ਆਪਣੀ ਅਗਲੀ ਕਾਰਵਾਈ ਦੇ ਸਬੰਧ ਵਿਚ ਪੁੱਛਿਆ, "ਇਹ ਤਾਂ ਠੀਕ ਐ, ਮੈਜਿਸਟਰੇਟ ਅਤੇ ਪਟਵਾਰੀ ਤੁਹਾਡੇ ਪਾਸ ਹੈਨ, ਕਿਤੇ ਉਸ ਰੁਕਦੇ ਕੇਸ ਇਹਨਾਂ ਦਾ ਕੋਈ ਸਬੂਤ-ਸਬੂਤ ਤਾਂ ਨਹੀਂ, ਜਿਹਦੇ ਨਾਲ ਉਹ ਸਾਬਤ ਕਰ ਸਕੇ ਕਿ ਉਹੀ ਪੈਸੇ ਉਹਨੇ ਤੁਹਾਨੂੰ ਦੇ ਦਿੱਤੇ ਸਨ?"

"ਨਾਂ ਜੀ, ਰੱਬ ਰੱਬ ਕਰੋ।" ਠੇਕੇਦਾਰ ਸ਼ਾਇਦ ਉਤੇ ਰੱਬ ਰੱਖਣ ਤੋਂ ਤਿਆਰ ਸੀ। "ਤਾਂ ਫਿਰ ਉਠੋ ਫਿਰ, ਚੱਲ ਕੇ ਵੇਖਦੇ ਆਂ ਹੁਣ ਸਾਲੇ ਦੇ।" ਥਾਣੇਦਾਰ ਦਾ ਹੁਕਮ ਸੁਣ ਕੇ 'ਹੁਕਮ ਦੇ ਬੰਦੇ' ਉਠ ਖਲੋਤੇ। ਤੇ ਫਿਰ ਨਸ਼ਾ ਖੁਸ਼ਾ ਕਰਨ ਲਈ ਸਾਰਾ ਲਾਣਾ ਠੇਕੇਦਾਰ ਦੇ ਪਿੱਛੇ ਪਿੱਛੇ ਹੋ ਤੁਰਿਆ।

* * * * * * * * * * * * * * * * * * * * * * * * * *

"ਕਿਉਂ ਓਏ ਰਗਸੀਆਂ, ਪੈਸੇ ਦੇਣੇ ਨੇ ਜਾਂ ਕਮੀਣੇ ਪੁੱਤਾਂ?" ਠੇਕੇਦਾਰ ਦਾ ਇਸ਼ਾਰਾ ਪਾ ਕੇ ਥਾਣੇਦਾਰ ਬੈਂਗਣਾਂ ਨੂੰ ਪੱਠੇ ਪਾ ਰਹੇ ਜਗਤ ਸਿੰਘ ਤੇ ਟੁੱਟ ਪਿਆ।

"ਕਿਹੜੇ ਪੈਸੇ? ਕਿਹਦੇ ਪੈਸੇ?" ਜਗਤ ਸਿੰਘ ਘਬਰਾ ਗਿਆ।

"ਸਾਲਿਆ ਮਕਰ ਕਰ ਕੇ ਦੱਸਦਾਂ, ਚੀਰਿਆਂ ਵਾਂਗੂ ਚਰ।" ਥਾਣੇਦਾਰ ਫਿਰ ਗਰਜਿਆ।

"..............................." ਜਗਤ ਸਿੰਘ ਨੂੰ ਕੁਝ ਨਾ ਅਹੁੜਿਆ।

"ਰਾਮਪੁਰੀਆ ਮੂੰਹੋਂ ਫੁੱਟ ਜੂੰ ਤਾਂ ਐਸੇ ਆ ਜਿਹਦਾ ਕੁੱਟ ਕਰਨ।"

"ਚੀਰਿਆਂ ਵਾਲੀ ਚੋਲੀ ਚਲੇ। ਇਹਦਾ ਬੈਗਣਾਂ ਸਮੇਤ ਨਾਲ ਰੁਲਣ ਦਾ ਇਹ ਕੰਟ.......।" ਜਗਤ ਸਿੰਘ ਨੇ ਅਜੇ ਇਹਨਾ ਹੀ ਆਖਿਆ ਸੀ, ਦੋ ਸਿਪਾਹੀਆਂ ਨੇ ਲੱਤਾਂ ਮਾਰ ਕੇ ਚੌਕੜੇ ਵਾਂਗੂੰ ਢਾ ਲਿਆ। ਪਿਛੇ ਨੂੰ ਪਰਤੇਦਾ ਆਰ ਕੇ ਉਹਨੇ ਠੇਕੇਦਾਰ ਨੂੰ ਲਲਕਾਰਿਆ, "ਇਹਦਾ ਪੋਤਾਂ ਦੀ ਕੀ ਲੋੜ ਸੀ ਕੁੱਤਿਆ! ਚੌਰੇ ਦਾ ਪੁੱਤ ਐਂ ਤਾਂ 'ਕੱਲੇ ਨਾਲ 'ਕੱਲਾ ਦੇਖ।" ਗੁੱਸੇ ਵਿਚ ਜਗਤ ਸਿੰਘ ਅੰਗਿਆਰ ਵਾਂਗ ਦਗਣ ਲੱਗ ਪਿਆ।

ਥਾਣੇਦਾਰ ਨੇ ਸਾਰੇ ਸਿਪਾਹੀਆਂ ਦੇ ਕੰਨੇ ਬੋਲ ਦਿੱਤੇ। ਕਿਸੇ ਨੇ ਮੁੱਕਾ, ਕਿਸੇ ਨੇ ਸਿਰ, ਪਗੜੀ ਕੁ ਇਕ ਧਾਪਲ ਕੇ ਉਹਨੀ ਜਗਤ ਸਿੰਘ ਨੂੰ ਚਿੱਤ ਹੋਣੇ ਬਾਣ ਦਰਗਾ ਕਰ ਦਿੱਤਾ। ਇਕ ਸਿਪਾਹੀ ਨੂੰ ਪਾਸੇ ਕਰਕੇ ਥਾਣੇਦਾਰ ਕਹਿਣ ਲੱਗਾ, "ਕਿਸ਼ ਹਿੰਮਤ...... ਸਾਲਾ ਗਦਾਰ ਐ। ਨਾਲ ਕਿਹੜੇ ਤਕਰਾਰ ਇਸ਼ਤਿਹਾਰ ਅਤੇ ਪਸਤੌਲ ਸੈਂਕੇ 'ਤੇ ਫੜੇ ਗਏ। ....... ਗਵਾਹੀ ਠੇਕੇਦਾਰ ਹੋਰਾਂ ਦੀ ਹੋਊ, ਇਨਕਲਾਬਜ਼ਿੰਦਾਬਾਦ ਬਾਣੀ ਦੀ ਇਹਨਾਂ ਨੂੰ ਲੋੜ ......... (ਜਗਤ ਸਿੰਘ ਵੱਲ ਵੇਖ ਕੇ) ਤੇ ਇਹਨੂੰ ਸਾਲੇ ਨੂੰ ਹਵੇ ਬਾਣੇ ਨੂੰ ........ ਉਥੇ ਚੱਲ ਕੇ ਨਿਪਟਦੇ ਆਂ ਕੈਂਸਰ ਦੀ ਮਾਰ ਨਾਲ।"

ਤੇ ਫਿਰ ਸਿਪਾਹੀ ਹੱਥ-ਕੜੀਆਂ ਲਾ ਕੇ ਜਗਤ ਸਿੰਘ ਨੂੰ ਕਚਹਿਰੀ ਦੇ ਵੱਲ ਖਿੱਚੀਂ ਧੂਹਦੇ ਲੈ ਤੁਰੇ। ਥਾਣੇਦਾਰ ਦੀ ਸੰਗਤ ਨਾਲ ਠੇਕੇਦਾਰ ਵੀ ਵੰਘਦੇ ਪੈਰੀਂ ਮਗਰ ਹੋ ਤੁਰਿਆ।

ਅਜੇ ਦੋ ਕੁ ਖੇਤਾਂ ਤੇ ਹੀ ਗਏ ਹੋਣਗੇ, ਜਗਤ ਸਿੰਘ ਦੇ ਅੰਦਰੋਂ ਲਾਵਾ ਵਗਣ ਲੱਗ ਪਿਆ। "ਓ ਮੈਂ ਮਰ ਗਿਆ ਲੋਕੋ! ........ ਬਚਾ ਲਉ ...... ਮੈਨੂੰ ਕੋਈ ਲਉ...... ਓ ਮੇਰਿਆ ਸੱਪਣਾ ਕਿਵੇਂ ਰਲਾ ਗਿਆ ਤੂੰ...... ਓ ਪੁੱਤ ਸੀਰਿਆ .... ਕੋਈ ਆਉ ...... ਕੋਈ ਆਉ ਮੈਨੂੰ ਛੁਡਾਉ ...... ਓ ਰੱਬਾ ਮੇਰੀ ਹੋਏ ਦਾ ਕੀ ਬਣੂੰ ....... ਉਹਨੂੰ ਕੌਣ ਦਿਆਊ ....... ਮੈਂ ਚੋਰਿਆ ਧਰਤੀਏ ...... ਮੈਂ ਕਹਿਆ ...... ਮ..ਮ.. ਮੈਂ ... ਤ... ਤ... ਤ... ਜਿ... ਆ .....।"

ਥਾਣੇਦਾਰ ਫੁੱਟ ਤਾਰੂ ਗਿਆ, ਜਗਤ ਸਿੰਘ ਆਖਰੀ ਸਾਹਾਂ 'ਤੇ ਸੀ। ਬੋਲ-ਬੁਲਾਰਾ ਸੁਣ ਕੇ ਇੱਕਾ ਦੁੱਕਾ ਲੋਕ ਨਾਲਾਂ ਖੂਹਾਂ ਤੋਂ ਤੁਰੇ ਆ ਰਹੇ ਸਨ। ਖਿਲਾ ਕੇਸ ਤਰ ਕਿਸ-ਮਰ ਕੀਤਿਆਂ ਥਾਣੇਦਾਰ ਨੇ ਰਿਵਾਲਵਰ ਕੱਢ ਕੇ ਗੋਲੀ ਜਗਤ ਸਿੰਘ ਦੀ ਛਾਤੀ ਵਿਚ ਦਾਗ਼ ਦਿੱਤੀ। ..... ਤੇ ਫਿਰ ਹੱਥੀ ਹੋਏ ਪਏ ਜਗਤ ਸਿੰਘ ਦੇ ਮੂੰਹ ਕੋਲ ਦੀਆਂ ਬੇਤਰਤੀਬ ਉਂਗਲਾਂ ਵਿਚ ਪੁਆਏ ਜਿਤੇ ਪਸਤੌਲ ਵਿਚ ਆਸ਼ਾ ਦੇ ਪੁਲਸ ਮੁਕਾਬਲੇ ਦੀ ਕਹਾਣੀ ਘੜਨ ਲੱਗ ਪਿਆ।

* * * * * * * * * * * * * * *

# ਸਪੇਰੇ

## ਸੁਖਵੰਤ ਹੁੰਦਲ

ਮੈਨੂੰ ਦੇਸ਼ ਵਾਪਿਸ ਆਇਆਂ ਹਫਤਾ ਕੁ ਹੋਇਆਂ ਸੀ। ਸਮਾਂ ਲੰਘਾਉਣ ਲਈ ਮੈਂ ਸ਼ਿੰਦ ਦੀ ਸਾਇਕਲਾਂ ਦੀ ਦੁਕਾਨ ਤੇ ਆ ਬੈਠਾ। ਸ਼ਿੰਦ ਸਾਇਕਲਾਂ ਨੂੰ ਪੰਚਰ ਲਾ ਰਿਹਾ ਸੀ ਅਤੇ ਮੈਂ ਬੱਸਾਂ ਵਿਚੋਂ ਉਤਰਦੀਆਂ ਚੜ੍ਹਦੀਆਂ ਸਵਾਰੀਆਂ ਵੇਖ ਮਨ ਪਰਚਾ ਰਿਹਾ ਸੀ। ਇੰਨੇ ਨੂੰ ਨਾਲ ਦੇ ਪ੍ਰਾਈਵੇਟ ਸਕੂਲ ਵਿਚ ਛੁੱਟੀ ਕਰ ਹਰਬੰਸ ਵੀ ਆ ਗਿਆ।

"ਕਿਵੇਂ ਆ ਮਾਸਟਰ" ਮੈਂ ਉਸਨੂੰ ਪੁਛਿਆ।

"ਠੀਕ ਆ" ਕਹਿ ਉਹ ਮੇਰੇ ਨੇੜੇ ਪਈ ਝੋਲੀ ਬਣੀ ਕੁਰਸੀ ਵਿਚ ਢਹਿ ਪਿਆ।

ਅਸੀਂ ਤਿੰਨੇ ਯਾਰ ਪੂਰੇ ਚਾਰ ਸਾਲਾਂ ਬਾਅਦ ਇਕੱਠੇ ਹੋਏ ਸਾਂ। ਮੈਂ ਸਾਡੇ ਤਿੰਨਾਂ ਨਾਲ ਸਬੰਧਤ ਪੁਰਾਣੀਆਂ ਯਾਦਾਂ ਵਿਚ ਖੋ ਗਿਆ।

ਦਸਵੀਂ ਤਕ ਅਸੀਂ ਤਿੰਨੇ ਜਮਾਤੀ ਰਹੇ ਸੀ। ਸ਼ਿੰਦ ਅਤੇ ਮੈਂ ਪੜ੍ਹਨ ਨੂੰ ਦਰਮਿਆਨੇ ਜਿਹੇ ਪਰ-ਹਰਬੰਸ ਨੰਬਰ ਵਨ ਹੁੰਦਾ ਸੀ। ਦਸਵੀਂ ਵਿਚੋਂ ਸ਼ਿੰਦ ਦੀ ਤੇ ਮੇਰੀ ਸੈਕਿੰਡ ਡਵੀਯਨ ਆਈ ਅਤੇ ਹਰਬੰਸ ਮੈਰਿਟ ਵਿਚ ਆਇਆ ਸੀ। ਘਰ ਦੇ ਹਾਲਾਤ ਚੰਗੇ ਨਾਂ ਹੋਣ ਕਾਰਨ ਸ਼ਿੰਦ ਨੌਕਰੀ ਦੀ ਤਲਾਸ਼ ਕਰਨ ਲੱਗਾ। ਹਰਬੰਸ ਤੇ ਮੈਂ ਕਾਲਜ ਵਿਚ ਦਾਖਲ ਹੋ ਗਏ। ਸਾਲ ਭਰ ਏਧਰ ਉਧਰ ਧੱਕੇ ਖਾ ਸ਼ਿੰਦ ਆਪਣੇ ਭਰਾ ਨਾਲ ਸਾਇਕਲਾਂ ਨੂੰ ਪੰਚਰ ਲਾਉਣ ਲੱਗਾ। ਮੈਂ ਪੜ੍ਹਾਈ ਵਿਚ ਹੀ ਛੱਡ ਪ੍ਰਦੇਸ਼ ਚਲਾ ਗਿਆ ਅਤੇ ਹਰਬੰਸ ਨੇ ਪ੍ਰੀ-ਇੰਜਨੀਅਰਿੰਗ ਵਿਚ ਦਾਖਲਾ ਲੈ ਲਿਆ। ਪਰਦੇਸ ਜਾਣ ਤੋਂ ਪੰਜ ਛੇ ਮਹੀਨੇ ਬਾਅਦ ਤਕ ਸਾਡਾ ਚਿੱਠੀਆਂ ਦਾ ਸਿਲਸਿਲਾ ਚਲਦਾ ਰਿਹਾ। ਫੇਰ ਮੈਂ ਨਵੇਂ ਦੇਸ਼ ਆਪਣੀਆਂ ਮੁਸ਼ਕਿਲਾਂ ਵਿਚ ਉਲਝਿਆ ਖੱਤ ਪਾਉਣ ਦੀ ਘੌਲ ਕਰ ਜਾਂਦਾ। ਸ਼ਿੰਦ ਅਤੇ ਹਰਬੰਸ ਲਈ ਡੇਢ ਰੁਪਏ ਨੂੰ ਖਤ ਲੈ ਪਾਉਣਾ ਔਖਾ ਸੀ। ਇਸ ਲਈ ਚਿੱਠੀਆਂ ਘਟਦੀਆਂ ਘਟਦੀਆਂ ਬੰਦ ਹੋ ਗਈਆਂ। ਹੁਣ ਚਹੁੰ ਵਰ੍ਹਿਆਂ ਬਾਅਦ ਦੇਸ ਪਰਤਣ ਤੇ ਅਸੀਂ ਫਿਰ ਇਕੱਠੇ ਹੋਏ ਸੀ।

ਏਨੇ ਚਿਰ ਤੱਕ ਸ਼ਿੰਦ ਵੀ ਆਪਣਾ ਕੰਮ ਮੁਕਾ ਸਾਡੇ ਕੋਲ ਆ ਬੈਠਾ।

"ਸ਼ਿੰਦ ਯਾਰ ਸੁਣਾ ਫੇਰ, ਇਹ ਚਾਰ ਵਰ੍ਹੇ ਕਿੰਝ ਬੀਤੇ" ਮੈਂ ਉਸਤੋਂ ਪੁਛਿਆ।

ਬੱਸ ਬੀਤ ਹੀ ਗਏ। ਤੇਰੇ ਏਥੇ ਹੁੰਦਿਆਂ ਹੀ ਮੈਂ ਭਰਾ ਨਾਲ ਦੁਕਾਨ ਤੇ ਕੰਮ ਕਰਨ ਲਗ ਪਿਆ ਸੀ। ਸਾਲ ਭਰ ਕੰਮ ਦੀ ਭਾਲ ਵਿਚ ਭਟਕ ਜਦੋਂ ਦੁਕਾਨ ਤੇ ਵਾਪਿਸ ਆਇਆ ਸੀ, ਮਨ ਵਿਚ ਬੜਾ ਕੁਝ ਸੀ। ਹੌਲੀ ੨ ਦੁਕਾਨ ਵਧਾ ਸਾਇਕਲਾਂ ਦੀ ਏਜੰਸੀ ਲਵਾਂਗੇ। ਪਰ ਸਭ ਵਿਚ ਹੀ ਰਹਿ ਗਿਆ। ਪਹਿਲਾ ਭਰਾ ਜੁਦਾ ਹੋ ਸ਼ਹਿਰ ਚਲਾ ਗਿਆ। ਚਾਰ ਪਾਨੇ ਅਤੇ ਚਾਬੀਆਂ ਤੋਂ ਬਿਨਾਂ ਕੁਝ ਨਹੀਂ ਦਿੱਤਾ ਅਤੇ ਦੁਕਾਨ ਦਾ ਸਾਰਾ ਸਾਮਾਨ ਮੈਂ ਆਪੇ ਬਣਾਇਆ। ਪਰ ਜਿਥੋਂ ਸਾਇਕਲਾਂ ਦਾ ਸਾਮਾਨ ਉਧਾਰ ਲਿਆਈਦਾ ਸੀ, ਉਹਦੇ ਜਿੰਨੇ ਪੈਸੇ ਦੇਣੇ ਸਨ, ਉਹਦਾ ਅੱਧ ਮੇਰੇ ਹਿੱਸੇ ਪਾ ਦਿੱਤਾ। ਏਧਰੋਂ ਉਧਰੋਂ ਫੜ ਉਹ ਪੈਸੇ ਲਾਹੇ ਅਤੇ ਹੋਰ ਸਾਮਾਨ ਲਿਆ ਕੰਮ ਚਲਾਇਆ। ਫੇਰ ਛੋਟੀ ਭੈਣ ਦਾ ਵਿਆਹ ਆ ਗਿਆ। ਉਹ ਸਾਰਾ ਖਰਚ ਵੀ ਮੈਨੂੰ ਕਰਨਾ ਪਿਆ। ਬਾਪੂ ਤਾਂ ਤੈਨੂੰ ਪਤਾ ਦਮੇ ਦਾ ਮਾਰਿਆ। ਬੱਸ ਦੁਕਾਨ ਵਿਚੋਂ ਮਾੜਾ ਮੋਟਾ ਗੁਜ਼ਾਰਾ ਹੋਈ ਜਾਂਦਾ। ਜ਼ਿੰਦਗੀ ਸਾਇਕਲ ਦੀ ਪੁਰਾਣੀ ਟਿਊਬ ਵਾਂਗ ਹੈ, ਜਿਸਨੂੰ ਪੰਚਰ ਲਾ ਹਵਾ ਭਰੀਦੀ ਹੈ ਪਰ ਮੀਲ ਦੋ ਮੀਲ ਜਾ ਉਸ ਵਿਚੋਂ ਫੇਰ ਹਵਾ ਨਿੱਕਲ ਜਾਂਦੀ ਹੈ। "ਤੂੰ ਸੁਣਾ, ਐਸ਼ ਕਰਦਾ ਹੋਣਾ ਓਥੇ" ਉਸ ਆਪਣੀ ਗੱਲ ਮੁਕਾ ਮੇਰੇ ਉਪਰ ਸੁਆਲ ਕਰ ਦਿੱਤਾ।

"ਐਸ਼ ਆਪਣੀ ਕਿਸਮੱਤ ਵਿਚ ਨਹੀਂ ਲਿਖੀ। ਐਸ਼ ਤਾਂ ਮਾਸਟਰ ਕਰਦਾ। ਆਰਾਮ ਨਾਲ ਛਾਵੇਂ ਬੈਠਾ ਮਾਸਟਰਾਨੀਆਂ ਨਾਲ ਗੱਲਾਂ ਮਾਰ ਛੱਡਦਾ। ਮੇਰੀ ਤਾਂ ਤੇਰੇ ਵਾਂਗ ਮਜ਼ਦੂਰੀ ਕਰ ਆਈ ਚਲਾਈ ਹੋਈ ਜਾਂਦੀ ਹੈ, ਹੋਰ ਕੁਝ ਨਹੀਂ।"

"ਐਸ਼ ਨਾਂ ਉਥੇ ਤੇਰੀ...ਲੱਗਾ ਸੀ ਹੋਰ ਸੁਨਣ। ਤੈਨੂੰ ਪਤਾ ਮੈਂ ਕਿਸ ਤਰ੍ਹਾਂ ਦਾ ਮਾਸਟਰ ਅਤੇ ਕਿਵੇਂ ਬਣਿਆ।" ਹਰਬੰਸ ਮੇਰੀ ਗੱਲੋਂ ਖਿੱਝ ਕੇ ਬੋਲਿਆ। ਪ੍ਰੀ-ਇੰਜੀਨਿਅਰਿੰਗ ਦੇ ਪੇਪਰ ਏਨੇ ਵਧੀਆ ਕਿ ਰੀਜ਼ਲਟ ਨਿਕਲਣ ਤਕ ਦਿਨ ਸੁਫਨਿਆਂ ਵਿਚ ਗੁਜ਼ਰ ਗਏ। ਬਈ ਐਤਕੀਂ ਇੰਜਨੀਅਰਿੰਗ ਕਾਲਜ ਵਿਚ ਦਾਖਲਾ ਮਿਲ ਜਾਣਾ। ਚਹੁੰ ਪੰਜਾਂ ਸਾਲਾਂ ਵਿਚ ਇੰਜਨੀਅਰ ਬਣ ਜਾਵਾਂਗੇ। ਪਰ ਜਦੋਂ ਰੀਜ਼ਲਟ ਨਿਕਲਿਆ ਸਭ ਕੁਝ ਤਬਾਹ ਹੋ ਚੁਕਾ ਸੀ। ਕਿਸੇ ਪੈਸੇ ਵਾਲੇ ਦੇ ਪੁਤਰ ਨੇ ਉਪਰ ਮਿਲ ਮੇਰੇ ਕੀਤੇ ਪਰਚਿਆਂ ਦੇ ਨੰਬਰ ਆਪਣੇ ਰੋਲ ਨੰਬਰ ਤੇ ਅਤੇ ਉਹਦੇ ਪਰਚਿਆਂ ਦੇ ਨੰਬਰ ਮੇਰੇ ਨਾਂ ਲਵਾ ਲਏ। ਥਰਡ ਡਵੀਯਨ ਵਿਚ ਮਸਾਂ ਹੀ ਪਾਸ ਹੋਇਆ। ਫੇਰ ਅਗਾਂਹ ਪੜ੍ਹਨ ਨੂੰ ਮਨ ਨਹੀਂ ਮੰਨਿਆ। ਕੁਝ ਸਮਾਂ ਬਿਨਾਂ ਮਕਸਦ ਭੌਂਦਾ ਰਿਹਾ। ਫੇਰ ਸਕੂਲ ਦੇ ਮੈਨੇਜਰ ਦੀਆਂ ਮਿੰਨਤਾਂ ਕਰ ਸਕੂਲ ਵਿਚ ਅਨਟਰੇਂਡ ਟੀਚਰ ਆ ਲੱਗਾ। ਕਮੇਟੀ ਵਾਲੇ ਪੌਣੇ ਦੋ ਸੌ ਦਿੰਦੇ ਹਨ ਅਤੇ ਦਸਤਖਤ ਢਾਈ ਸੌ ਉਪਰ ਕਰਾਉਂਦੇ ਹਨ। ਪੌਣੇ ਦੋ ਸੌ ਵਿਚ ਵੇਖ ਲਾ ਕਿੰਨੀ ਕੁ ਐਸ਼ ਹੋ ਸਕਦੀ ਹੈ।"

ਉਸਦੀ ਗਲ ਸੁਣ ਮੈਨੂੰ ਆਪਣੀ ਕਹੀ ਗਲ ਉਪਰ ਬਹੁਤ ਅਫਸੋਸ ਹੋਇਆ। ਤਿੰਨਾਂ ਵਿਚ ਚੁਪ ਛਾ ਗਈ। ਇਸ ਚੁਪ ਨੂੰ ਤੋੜਨ ਅਤੇ ਮੂਡ ਬਦਲਣ ਲਈ ਮੈਂ ਸਕੂਲ ਵੇਲੇ ਦੀ ਗੱਲ ਛੇੜੀ। "ਸ਼ਿੰਦ ਤੈਨੂੰ ਯਾਦ ਹੈ, ਇਕ ਵਾਰ ਆਪਾਂ ਬਦਨੀਤ ਕਰ ਸਕੂਲ ਜਾਣ ਦੀ ਥਾਂ, ਰਾਹ ਵਿੱਚ ਮੇਰੇ ਵਿਚਲੇ ਬੋਹੜ ਉਪਰ ਜੰਗ ਪਲੰਘਾ ਖੇਡਣ ਲਗ ਪਏ ਸੀ। ਜਦੋਂ ਖੇਡਣ ਤੋਂ ਅੱਕ ਆਪਣੇ ਕੋਲ ਕਰਨ ਲਈ ਕੁਝ ਨਾਂ ਰਿਹਾ ਤਾਂ ਇਕ ਸੱਪ ਦੀ ਪੈੜ ਕੱਢਦੇ ੨, ਉਹਦੀ ਖੁੱਡ ਤਕ ਪਹੁੰਚ ਗਏ।

ਫੇਰ ਨੇੜਲੇ ਖੂਹ ਤੋਂ ਕਹੀ ਲਿਆ, ਖੁੱਡ ਪੁਟ, ਉਹਦੇ ਵਿਚੋਂ ਸੱਪ ਨੂੰ ਕੱਢ ਬੋਹੜ ਨਾਲੋਂ ਤੋੜੀਆਂ ਸੋਟੀਆਂ ਨਾਲ ਮਾਰਿਆ ਸੀ। ਇਸ ਗੱਲ ਦਾ ਪਤਾ ਨਹੀਂ ਆਪਣੇ ਹੈਡਮਾਸਟਰ ਨੂੰ ਕਿੰਝ ਪਤਾ ਲਗ ਗਿਆ। ਦੂਜੇ ਦਿਨ ਸਵੇਰੇ ਪ੍ਰਾਰਥਨਾ ਵੇਲੇ, "ਕੀਂਗਰੇ ਦੇ ਸਪੇਰੇ ਖੜ੍ਹੇ ਹੋਣ" ਕਹਿ ਆਪਾਂ ਨੂੰ ਖੜ੍ਹੇ ਕਰ ਲਿਆ ਸੀ। ਉਸ ਤੋਂ ਬਾਅਦ ਉਸ ਆਪਣਾ ਨਾਂ ਹੀ ਸਪੇਰੇ ਰੱਖ ਲਿਆ ਸੀ। ਕੋਈ ਵੀ

# ਦੁਕਾਨਦਾਰ

**ਸਾਧੂ**

ਉਹਦੀਆਂ ਅੱਖਾਂ ਉਨੀਂਦਰੇ ਕਰਕੇ ਲਾਲ ਸਨ। ਉਹ ਬਹੁਤ ਥੱਕਿਆ ਨਜ਼ਰ ਆ ਰਿਹਾ ਸੀ। ਸਟੋਰ ਖੋਹਲ ਕੇ ਉਹਨੇ ਇਧਰ ਉਧਰ ਇਕ ਨਿਰਾਸ਼ ਜਿਹੀ ਨਜ਼ਰ ਦੌੜਾਈ। ਹੱਥਲਾ ਸਮਾਨ ਰੱਖ ਕੇ, ਬੱਤੀਆਂ ਜਗਾਈਆਂ। ਗੁਰੂ ਨਾਨਕ ਦੇਵ ਦੀ ਵੱਡੀ ਤਸਵੀਰ ਅੱਗੇ ਨਿਵ ਕੇ ਮੱਥਾ ਟੇਕਿਆ। ਤੇ ਨਾਲ ਹੀ ਰਾਮ ਚੰਦਰ ਤੇ ਸੀਤਾ ਵਾਲੀ ਤਸਵੀਰ ਵਲ ਦੂਰੋਂ ਹੀ ਸਿਰ ਨਿਵਾਉਣ ਦਾ ਇਸ਼ਾਰਾ ਜਿਹਾ ਕੀਤਾ। ਕੋਲ ਲਿਆਂਦੇ ਝੋਲੇ ਵਿਚੋਂ ਭਾਨ ਦੀਆਂ ਦੋ ਤਿੰਨ ਗੁੱਛੀਆਂ ਉਹਨੇ 'ਕੈਸ਼ ਰਜਿਸਟਰ' ਵਿਚ ਰੱਖੀਆਂ। ਇਕ ਰੰਗ ਬਰੰਗੇ ਖੰਭਾਂ ਦਾ ਬੁਰਸ਼ ਲੈ ਕੇ ਹੌਲੀ ਹੌਲੀ ਸਫ਼ਾਈ ਕਰਨ ਲੱਗ ਪਿਆ।

ਉਹਦੀ ਇਹ ਸਟੋਰ ਪਿੱਛੇ ਜਿਹੇ ਕਾਫ਼ੀ ਚਲ ਨਿਕਲੀ ਸੀ। ਕੰਮ ਤੁਰਿਆ ਦੇਖ ਕੇ ਸਟੋਰ ਨੂੰ ਵਧਾ ਲਿਆ। ਸਟੋਰ ਦੇ ਨਾਲ ਲੱਗਦੀ ਥਾਂ ਵੀ ਕਿਰਾਏ ਤੇ ਲੈ ਲਈ। ਆਟਾ, ਦਾਲਾਂ, ਅਚਾਰ, ਮਿਰਚ-ਮਸਾਲੇ, ਹਿੰਦੀ ਪੰਜਾਬੀ ਦੇ ਰੀਕਾਰਡ, ਕਿਤਾਬਾਂ ਤੇ ਰਿਸਾਲੇ ਆਦਿ ਪਹਿਲਾਂ ਨਾਲੋਂ ਵੱਡੀ ਮਾਤਰਾ ਵਿਚ ਰੱਖਣੇ ਸ਼ੁਰੂ ਕਰ ਦਿੱਤੇ। ਕੁਝ ਦੇਰ ਸਟੋਰ ਖ਼ੂਬ ਚੱਲੀ ਤੇ ਉਹਨੇ ਆਪਣੀ ਨੌਕਰੀ ਛੱਡਣ ਬਾਰੇ ਵੀ ਸੋਚਿਆ। ਪਰ ਫੇਰ ਜ਼ਰਾ ਹੋਰ 'ਪੱਕੇ ਪੈਰੀਂ' ਹੋਣ ਦੇ ਖਿਆਲ ਨਾਲ ਉਹਨੇ ਨੌਕਰੀ ਨਾ ਛੱਡੀ। ਨੌਕਰੀ ਉਹਨੂੰ ਸੋਹਣੀ ਮਿਲੀ ਹੋਈ ਸੀ। ਪੱਕਾ ਰਾਤ ਦਾ ਤੇ ਹਲਕਾ ਕੰਮ। ਰਾਤ ਨੂੰ ਨੌਕਰੀ ਤੇ ਦਿਨੇ ਸਟੋਰ। ਸਟੋਰ ਵਿਚ ਬਾਹਲਾ ਸਮਾਂ ਤਾਂ ਉਹਦੇ ਘਰ ਵਾਲੀ ਸੈਂਡੀ (ਜਿਹਦਾ ਪਹਿਲਾਂ ਨਾਂ ਸੁਰਿੰਦਰ ਕੌਰ ਹੁੰਦਾ ਸੀ) ਰਹਿੰਦੀ ਸੀ। ਤੇ ਆਪ ਉਹ ਹੋਰ ਉਪਰਲੇ ਕੰਮ ਕਰਦਾ। ਕਦੀ ਕਿਤਿਓਂ ਸਮਾਨ ਖਰੀਦ ਕੇ ਲਿਆਉਂਦਾ, ਕਦੀ ਪੈਸੇ ਦੇ ਹਿਸਾਬ ਕਿਤਾਬ ਦੇ ਚੱਕਰ 'ਚ ਭੱਜਾ ਫਿਰਦਾ। ਦੁਪਹਿਰੋਂ ਬਾਅਦ ਘਰ ਜਾ ਕੇ ਸੌਂ ਜਾਂਦਾ। ਇਸ ਤਰ੍ਹਾਂ ਉਹਨਾਂ ਦਾ ਵਾਹਵਾ ਕੰਮ ਤੁਰਿਆ ਜਾਂਦਾ ਸੀ।

ਪਰ ਹੁਣ ਜਦੋਂ ਦੀਆਂ ਇਸੇ ਇਲਾਕੇ ਵਿਚ ਦੋ ਹੋਰ ਸਟੋਰਾਂ ਆਪਣੇ ਹੀ ਬੰਦਿਆਂ ਨੇ ਖੋਹਲ ਲਈਆਂ ਤਾਂ ਉਹਨਾਂ ਦਾ ਕੰਮ ਬਹੁਤ ਮੱਠਾ ਪੈ ਗਿਆ। ਉਹਨੇ ਬੁਰਸ਼ ਮਾਰਦੇ ਨੇ ਦੇਖਿਆ ਕਈ ਥਾਂਈਂ ਕਿੰਨੀ ਕਿੰਨੀ ਮਿਟੀ ਚੜ੍ਹੀ ਪਈ ਸੀ। ਕਈਆਂ 'ਸ਼ੈਲਫਾਂ' ਤੋਂ ਕੋਈ ਵੀ ਡੱਬਾ ਕਈ ਦਿਨਾਂ ਦਾ ਨਹੀਂ ਸੀ ਵਿਕਿਆ। ਤਾਜ਼ਾ ਸਬਜ਼ੀਆਂ ਤਾਂ ਹੁਣ ਉਹਨਾਂ ਨੇ ਰੱਖਣੀਆਂ ਹੀ ਛੱਡ ਦਿਤੀਆਂ ਸਨ। ਅੱਜ ਕੱਲ੍ਹ ਉਹ ਦੋਵੇਂ ਤੀਵੀਂ-ਆਦਮੀ ਕਾਫੀ ਖਿਝੇ ਖਿਝੇ ਰਹਿੰਦੇ। ਦਿਹਾੜੀ ਵਿਚ ਜਿਹੜਾ ਥੋਹੜਾ ਜਿਹਾ ਸਮਾਂ ਉਹ ਸਟੋਰ ਵਿਚ ਇਕੱਠੇ ਹੁੰਦੇ, ਉਹਦੇ ਵਿਚ ਵੀ ਇਕ ਦੂਜੇ ਨੂੰ ਨਿਕੀ ਨਿਕੀ ਗਲੇ ਝਈਆਂ ਲੈ ਕੇ ਪੈਂਦੇ। ਬੇਦਿਲੀ ਜਿਹੀ ਨਾਲ ਉਹ ਬੁਰਸ਼ ਮਾਰਦਾ ਕਾਉਂਟਰ ਵਲ ਆ ਗਿਆ ਤੇ ਕੁਝ ਦੇਰ ਬਾਹਰਲੇ ਬੂਹੇ ਵੱਲ ਨਿਗਾਹ ਟਿਕਾ ਕੇ ਖੜਾ ਰਿਹਾ। ਗਾਹਕ ਤਾਂ ਇੰਨੀ ਸਵੇਰੇ ਅੱਗੇ ਵੀ ਕੋਈ ਘੱਟ ਹੀ ਆਉਂਦਾ ਸੀ। ਪਰ ਫੇਰ ਵੀ ਉਹ ਆਸ ਜਿਹੀ ਨਾਲ ਦਰਵਾਜ਼ੇ ਵੱਲ ਦੇਖ ਰਿਹਾ ਸੀ।

ਕੁਝ ਦੇਰ ਖੜਾ ਰਹਿਣ ਪਿਛੋਂ ਉਹ ਕਾਉਂਟਰ ਪਿਛੇ ਪਏ ਸਟੂਲ ਤੇ ਬੈਠ ਗਿਆ। ਸਟੋਰ ਅੰਦਰ ਚੁੱਪ ਛਾਈ ਹੋਈ ਸੀ। ਕਦੀ ਕਦੀ ਵੱਡੇ ਫਰਿਜ ਦੇ ਘੜੱਕ ਦੇਣੀ ਚੱਲਣ ਦੀ ਆਵਾਜ਼ ਆਉਂਦੀ ਤੇ ਫੇਰ ਉਹ ਫਰਿਜ ਵੀ ਦੂਜੀਆਂ ਵਾਂਗ ਹੀ ਲਗਾਤਾਰ ਬਰੀਕ ਜਿਹੀ ਸਾਂ ਸਾਂ ਕਰਨ ਲੱਗ ਪੈਂਦੀ। ਪਰ ਉਹਦੇ ਆਪਣੇ ਅੰਦਰ ਇੰਨੀ ਚੁੱਪ ਨਹੀਂ ਸੀ। ਬਾਹਰ ਸੜਕ ਤੇ ਤੇਜ਼ ਲੰਘਦੀਆਂ ਕਾਰਾਂ ਵੱਲ ਦੇਖਦਾ ਉਹ ਉਹਨਾਂ ਜਿੰਨਾ ਹੀ ਤੇਜ਼ ਸੋਚ ਰਿਹਾ ਸੀ। ਸਟੋਰ ਨੂੰ ਦੋਬਾਰਾ ਪਹਿਲਾਂ ਜਿੰਨੀ ਚਲਾਉਣ ਬਾਰੇ ਉਹ ਸਕੀਮਾਂ ਬਣਾ ਰਿਹਾ ਸੀ। ਪਰ ਉਹਨੂੰ ਸਮਝ ਨਹੀਂ ਸੀ ਆ ਰਹੀ ਕੀ ਕੀਤਾ ਜਾਵੇ। ਆਪਣੀ ਵਲੋਂ ਉਹ ਪੂਰੀ ਕੋਸਿਸ਼ ਕਰ ਰਹੇ ਸਨ। ਕਮਿਊਨਿਟੀ ਚੋਂ ਨਿਕਲਦੇ ਹਰ ਅਖਬਾਰ ਵਿਚ ਤੇ ਰੇਡੀਓ ਉਪਰ ਉਹਨੇ ਇਸ਼ਤਿਹਾਰ ਦੇ ਰਖੇ ਸਨ। ਪਰ ਫੇਰ ਵੀ ਪਤਾ ਨਹੀਂ ਕਿਉਂ ਉਹਨਾਂ ਦੀ ਗਾਹਕੀ ਇੰਨੀ ਘਟ ਗਈ ਸੀ।

ਇਕ ਸੋਚ ਜਿਹੜੀ ਘੜੀ ਮੁੜੀ ਉਹਦੇ ਦਿਮਾਗ ਵਿਚ ਸਮੁੰਦਰ ਦੀ ਵੱਡੀ ਛੱਲ ਵਾਂਗ ਟੱਕਰ ਮਾਰਦੀ, ਉਹਨੂੰ ਉਹ ਬਿਲਕੁਲ ਹੀ ਵਿਚਾਰਨ ਤੋਂ ਨਾਂਹ ਕਰ ਰਿਹਾ ਸੀ। ਉਹਦੇ ਤਜਰਬੇ ਨੇ ਇਕ ਗੱਲ ਪੂਰੀ ਤਰ੍ਹਾਂ ਸਾਬਤ ਕਰ ਦਿਤੀ ਸੀ ਕਿ ਕਿਸੇ ਵੀ ਤਰ੍ਹਾਂ ਦਾ ਕੰਮ ਚਲਾਉਣ ਲਈ ਸਭ ਤੋਂ ਵਧੀਆ ਤਰੀਕਾ ਸੀ : ਬੰਦਾ ਲੋਕਾਂ ਦੀਆਂ ਨਜ਼ਰਾਂ 'ਚ ਆਮ ਆਉਂਦਾ ਹੋਵੇ, ਕਮਿਊਨਿਟੀ ਦੇ ਸਾਂਝੇ ਕੰਮਾਂ ਵਿਚ, ਗੁਰਦੁਆਰਿਆਂ ਵਿਚ ਉਹਦਾ ਨਾਂ ਬਾਰ ਬਾਰ ਆਉਂਦਾ ਹੋਵੇ, ਬੰਦਾ ਕਿਸੇ ਸਭਾ ਦਾ ਪ੍ਰਧਾਨ ਕਿਸੇ ਦਾ ਸੈਕਟਰੀ ਤੇ ਜਿੰਨੀਆਂ ਵੀ ਵਧ ਤੋਂ ਵਧ ਸਭਾਵਾਂ ਦਾ ਮੈਂਬਰ ਹੋਵੇ ਵਧੀਆ ਹੈ। ਇਸ ਤਰ੍ਹਾਂ ਵਧ ਤੋਂ ਵਧ ਲੋਕਾਂ ਨਾਲ ਮਿਲਣ ਦੇ ਮੌਕੇ ਲਗਦੇ ਰਹਿੰਦੇ ਹਨ ਤੇ ਫੇਰ ਮੂੰਹ-ਮੱਥੇ ਲੱਗਦੇ ਸਾਰੇ ਬੰਦੇ ਹੀ ਸਟੋਰ 'ਚ ਆਉਂਦੇ ਰਹਿੰਦੇ ਹਨ। ਪਰ ਹੁਣ ਉਹ ਲਾਜਵਾਬ ਜਿਹਾ ਹੋਇਆ ਪਿਆ ਸੀ। ਗੁਰਦੁਆਰਿਆਂ ਦੇ ਚੱਕਰ ਵਿਚ ਉਹ ਕਾਫੀ ਰਿਹਾ ਸੀ। ਪਰ ਉਥੇ ਤਾਂ ਹੁਣ ਸਾਹਨਾਂ ਦੇ ਭੇੜ ਹੁੰਦੇ ਸਨ ਤੇ ਉਹ ਖਾਹਮਖਾਹ ਆਪਣੀ ਜਾਨ ਖਤਰੇ ਵਿਚ ਨਹੀਂ ਸੀ ਪਾਉਣੀ ਚਾਹੁੰਦਾ। ਹੋਰ ਵੀ ਕਈ ਕਿਸਮ ਦੀਆਂ ਸਭਾਵਾਂ ਕਮੇਟੀਆਂ ਵਿਚ ਉਹਨੇ ਕੋਸ਼ਿਸ਼ ਕਰ ਦੇਖੀ ਸੀ ਪਰ ਉਹਦਾ ਕਿਤੇ ਵੀ ਸੂਤ ਜਿਹਾ ਨਹੀਂ ਸੀ ਆਇਆ। ਗੋਰਿਆਂ ਵਲੋਂ ਹੁੰਦੇ ਨਸਲਵਾਦ ਵਿਰੁੱਧ ਬਣੀਆਂ ਕਮੇਟੀਆਂ ਵਿਚ ਵੀ ਉਹਦੇ ਪੈਰ ਨਹੀਂ ਸੀ ਜੰਮ ਸਕੇ। ਇਕ ਤਾਂ ਉਹਦੇ ਕੋਲ ਸਮਾਂ ਬਾਹਲਾ ਨਹੀਂ ਸੀ ਤੇ ਦੂਜਾ ਲੋਕ ਚਾਹੁੰਦੇ ਸਨ ਕਿ ਕੁਝ ਕਰਨ ਵਾਲਾ ਹੀ ਮੋਹਰੇ ਹੋਵੇ, ਫੋਕੇ ਲੈਕਚਰ ਈ ਨਾ ਝਾੜੇ। ਪਰ ਉਹਦੇ ਕੋਲ ਇਦਾਂ ਦੀ ਵਿਹਲ ਕਿਥੇ ਸੀ ਪਈ ਉਹ ਰੋਜ਼ ਲੋਕਾਂ ਦੇ ਭੱਜਦੇ ਸ਼ੀਸ਼ਿਆਂ ਦੀ ਨਿਗਰਾਨੀ ਕਰਦਾ ਫਿਰੇ। ਨਾਲੇ ਇਸ ਕੰਮ ਵਿਚ ਕਈ ਖਤਰੇ ਵੀ ਸਨ। ਸੈਂਡੀ ਤਾਂ ਕਾਫੀ ਨਰਾਜ਼ ਵੀ ਰਹੀ ਸੀ ਉਹਦੇ ਨਾਲ, ਜਿੰਨੇ ਦਿਨ ਉਹ ਨਸਲਵਾਦ ਦੇ ਮੁਕਾਬਲੇ ਦਾ ਨਾਹਰਾ ਦਿੰਦਾ ਰਿਹਾ ਸੀ। ਕਮਿਊਨਿਟੀ ਦੇ ਸਭਿਆਚਾਰਕ ਕੰਮਾਂ ਵਿਚ ਤਾਂ ਉਹ ਦੋਵੇਂ ਵਧ ਚੜ੍ਹ ਕੇ ਹਿਸਾ ਲੈਂਦੇ ਹੀ ਰਹਿੰਦੇ ਸਨ ਪਰ ਉਥੋਂ ਉਹਨਾਂ ਨੂੰ ਕੰਮ ਦੇ ਗਾਹਕ ਘਟ ਹੀ ਮਿਲਦੇ। ਸਭਿਆਚਾਰਕ ਕੰਮਾਂ ਵਿਚ ਹਿੱਸਾ ਲੈਣ ਵਾਲੇ ਤਾਂ ਕਈ 'ਨੰਗ-ਮਲੰਗ' ਈ ਮਿਲਦੇ ਜਿਹੜੇ ਸਗੋਂ ਉਧਾਰ ਕਰਕੇ ਉਹਨਾਂ ਨੂੰ ਹੀ ਰਗੜਾ ਲਾ ਜਾਂਦੇ।

ਸਟੋਰ ਦੇ ਦਰਵਾਜ਼ੇ ਨਾਲ ਬੰਨ੍ਹੀ ਹੋਈ ਟੱਲੀ ਨੇ ਉਹਦੀ ਸੋਚਾਂ ਦੀ ਲੜੀ ਤੋੜ ਦਿਤੀ। ਦੋ ਛੋਟੇ ਛੋਟੇ ਨਿਆਣੇ ਅੰਦਰ ਆਏ। ਨਿਆਣਿਆਂ ਵਲ ਦੇਖ ਕੇ ਉਹਨੇ ਮੁਸਕਰਾਉਣ ਦੀ ਕੋਸ਼ਿਸ਼ ਕੀਤੀ। ਨਿਆਣਿਆਂ ਨੇ ਹੱਥਾਂ 'ਚ ਫੜ੍ਹੀਆਂ ਦਸੀਆਂ ਕਾਊਂਟਰ ਤੇ ਰੱਖ ਦਿੱਤੀਆਂ ਤੇ ਕੋਲ ਹੀ ਪਾਲਾਂ ਵਿਚ ਟਿਕਾਏ ਹੋਏ 'ਰੰਗ' ਤੇ ਤੇ ਕੈਂਡੀਆਂ ਵਲ ਦੇਖਣ ਲੱਗ ਪਏ। ਕਦੀ ਇਕ ਚੁੱਕਦੇ ਫੇਰ ਰੱਖਕੇ ਦੂਜੀ। ਕਿੰਨੇ ਚਿਰ ਬਾਅਦ ਉਹਨਾਂ ਨੇ ਆਪਣੀ ਪਸੰਦ ਦੀਆਂ ਕੈਂਡੀਆਂ ਖਰੀਦੀਆਂ ਤੇ ਉਹਦੇ ਬੁਰੇ ਜਿਹੇ ਕੀਤੇ ਮੂੰਹ ਵਲ ਦੇਖਦੇ ਬਾਹਰ ਨੂੰ ਤੁਰ ਪਏ। ਉਹਨਾਂ ਵਿਚੋਂ ਇਕ ਨੇ ਦਰਵਾਜ਼ੇ ਕੋਲ ਜਾ ਕੇ ਫਿਰ ਪਿਛਾਂਹ ਨੂੰ ਵੇਖਿਆ ਤੇ ਮੁਸਕਰਾਉਂਦੇ ਨੇ ਹੱਥ ਹਿਲਾ ਕੇ ਉਹਨੂੰ 'ਬਾਏ ਬਾਏ' ਕਿਹਾ। ਬੱਚੇ ਦੀ ਮੁਸਕਰਾਹਟ ਨੇ ਇਕ ਪਲ ਲਈ ਉਹਦੇ ਅੰਦਰ ਨਿੱਘ ਜਿਹਾ ਭਰ ਦਿੱਤਾ ਤੇ ਉਹਦੇ ਚਿਹਰੇ ਤੇ ਵੀ ਆਪ ਮੁਹਾਰੇ ਹੀ ਮੁਸਕਰਾਹਟ ਖਿਲਰ ਗਈ। ਉਹਨੇ ਵੀ ਬੱਚੇ ਵਲ ਹੱਥ ਹਿਲਾਇਆ। ਨਿਆਣਿਆਂ ਦੇ ਜਾਣ ਬਾਅਦ ਉਹਨੇ ਹੋਰ ਵੀ ਖਾਲੀ ਖਾਲੀ ਮਹਿਸੂਸ ਕੀਤਾ। ਉਹਨੂੰ ਸੈਂਡੀ ਦਾ ਖਿਆਲ ਆਇਆ। ਸੈਂਡੀ ਨਾਲ ਹੋਈ ਬੱਚਿਆਂ ਬਾਰੇ ਗੱਲਬਾਤ ਵੀ ਚੇਤੇ ਆਈ। ਸੈਂਡੀ ਉਹਨੂੰ ਕਈਆਂ ਚਿਰਾਂ ਦੀ ਕਹਿੰਦੀ ਆ ਰਹੀ ਸੀ ਕਿ ਉਹ ਹੁਣ ਮਾਂ ਬਣਨਾ ਚਾਹੁੰਦੀ ਸੀ। ਪਰ ਉਹ ਅਜੇ ਉਹਨੂੰ ਗੋਲੀਆਂ ਖਾਣ ਤੇ ਮਜਬੂਰ ਕਰ ਰਿਹਾ ਸੀ। ਉਹਨੂੰ ਯਾਦ ਆਇਆ ਕਿਵੇਂ ਉਹਨੇ ਸਾਰੀ ਦੀ ਸਾਰੀ ਸੈਂਡੀ ਨੂੰ ਆਪਣੀਆਂ ਬਾਹਾਂ 'ਚ ਘੁਟਦਿਆਂ ਤੇ ਚੁੰਮਦਿਆਂ ਆਖਿਆ ਸੀ, "ਬੱਸ ਇਕ ਵਾਰੀ ਸਟੋਰ ਜ਼ਰਾ ਚੱਲ ਪਵੇ ਮੈਂ ਨੌਕਰੀ ਛੱਡ ਦੇਣੀ ਆ ਤੇ ਫੇਰ ਭਾਵੇਂ ਤੂੰ ਇਕ ਵਾਰੀ ਛੱਡ ਕੇ ਦੱਸ ਵਾਰੀ ਮਾਂ ਬਣੀਂ"। ਸੈਂਡੀ ਨੇ ਵੀ ਉਹਦੇ ਨਾਲ ਹੋਰ ਘੁੱਟ ਕੇ ਲਗਦਿਆਂ ਪਿਆਰ ਭਰੇ ਹਾਸੇ ਨਾਲ ਕਿਹਾ ਸੀ, "ਨਾ ਬਾਬਾ ਦਸ ਬਾਰੀ ਨਹੀਂ ਇਕ ਦੋ ਵੇਰੀ ਹੀ ਠੀਕ ਆ"। ਇਸ ਸੋਚ ਨੇ ਉਹਨੂੰ ਥੋੜ੍ਹੇ ਚਿਰ ਲਈ ਸੁਆਦ ਸੁਆਦ ਕਰ ਦਿੱਤਾ। ਉਹਦਾ ਦਿਲ ਕੀਤਾ ਉਹ ਸਟੋਰ ਬੰਦ ਕਰਕੇ ਘਰ ਨੂੰ ਚਲਿਆ ਜਾਵੇ।

ਘਰ ਜਾਣ ਦੀ ਖਾਹਿਸ਼ ਨੂੰ ਅੰਦਰੇ ਨੱਪ ਕੇ ਉਹ ਫੇਰ ਪਹਿਲਾਂ ਵਾਲੀਆਂ ਤਾਣੀਆਂ ਬੁਣਨ ਲੱਗਾ। ਕੋਲ ਪਿਆ ਰੇਡੀਓ ਲਾ ਲਿਆ। ਰੇਡੀਓ ਤੇ ਬੜਾ ਤੇਜ਼ ਸੰਗੀਤ ਬੱਜਦਾ ਸੀ। ਉਹਨੇ ਆਵਾਜ਼ ਹੌਲੀ ਕਰ ਦਿੱਤੀ। ਆਪ ਉੱਠ ਕੇ ਸਟੋਰ 'ਚ ਐਂਵੀ ਇੱਧਰ ਉੱਧਰ ਸਮਾਨ ਚੈਕ ਕਰਦਾ ਫਿਰਨ ਲੱਗਾ। ਕਮਿਊਨਿਟੀ ਵਿਚ ਨਾਂ ਬਨਾਉਣ ਦੀਆਂ ਸਕੀਮਾਂ ਘੜਦਾ ਉਹ ਸ਼ੈਲਫਾਂ ਤੇ ਪਏ ਡੱਬਿਆਂ ਤੋਂ ਮਿੱਟੀ ਝਾੜ ਰਿਹਾ ਸੀ। ਉਹਨੇ ਕਈਆਂ ਕੋਨਾਂ ਤੋਂ ਸੋਚਿਆ ਤੇ ਉਹ ਹਰ ਵਾਰ ਇਸੇ ਸਿਟੇ ਤੇ ਪਹੁੰਚਾ ਪਈ ਕੋਈ ਇਹੋ ਜਿਹੀ ਸਮੱਸਿਆ ਹੋਵੇ ਜਿਹਦੇ ਨਾਲ ਉਹਦਾ ਨਾਂ ਜਿਹਾ ਜੁੜ ਜਾਵੇ ਤੇ ਉਹ ਹਾਲੀਵੁੱਡ ਦੇ ਕਿਸੇ ਨਵੇਂ ਸਿਤਾਰੇ ਵਾਂਗ ਇਕ ਦਮ ਲੋਕਾਂ ਦੀਆਂ ਨਜ਼ਰਾਂ ਵਿਚ ਆ ਜਾਵੇ।

ਉਹਨੇ ਘੜੀ ਵਲ ਦੇਖਿਆ। ਹੁਣ ਤਾਂ ਇਕ ਵੱਜਣ ਵਾਲਾ ਸੀ। ਸੈਂਡੀ ਨੂੰ ਹੁਣ ਤੱਕ ਆ ਜਾਣਾ ਚਾਹੀਦਾ ਸੀ, ਉਹਨੇ ਸੋਚਿਆ। ਉਹਨੇ ਇਕ ਵਡੀ ਸਾਰੀ ਉਬਾਸੀ ਲਈ ਤੇ ਨੀਂਦ ਮਹਿਸੂਸ ਕੀਤੀ। ਉਹਦਾ ਦਿਲ ਕੀਤਾ ਕਿ ਪਿਛਲੇ 'ਸਟੋਰ-ਰੂਮ' 'ਚ ਪਏ ਸੋਫੇ ਤੇ ਦੋ ਪਲ ਲੱਤਾਂ ਸਿੱਧੀਆਂ ਕਰ ਲਵੇ। ਪਰ ਸਟੋਰ ਸੁੰਨੀ ਛੱਡ ਕੇ ਉਹ ਕਿਵੇਂ ਜਾ ਸਕਦਾ ਸੀ? ਉਸਨੂੰ ਇਕ ਪਲ ਲਈ ਆਪਣੇ ਹਾਲਤ ਉਤੇ ਤਰਸ ਤੇ ਖਿੱਝ ਜਿਹੀ ਆਈ। ਨਾਲ ਈ ਉਹਨੂੰ ਕਈਆਂ ਗਾਹਕਾਂ ਤੇ ਵੀ ਖਿਝ ਆਈ ਜਿਹੜੇ ਸਟੋਰ 'ਚ ਆਏ ਐਂਵੀਂ ਉਹਨੂੰ ਕਰਦੇ ਰਹਿਣਗੇ ਪਈ ਜੀਣਾ ਤਾਂ ਸਰਦਾਰ ਜੀ ਤੁਹਾਡਾ—ਆਪਣਾ ਕੰਮ ਨਾ ਕਿਸੇ ਫੋਰਮੈਨ ਦਾ ਡਰ ਨਾ ਕੁਝ ਹੋਰ—ਮਿਲ 'ਚ ਹੋਵੇ ਤਾਂ ਪਤਾ ਲੱਗੇ ਕਿਸ ਭਾਅ ਵਿਕਦੀ ਆ'। ਉਹ ਮਨ 'ਚ ਜਿਵੇਂ ਉਹਨਾਂ ਗਾਹਕਾਂ ਦੀ ਸਾਂਗ ਲਾਉਂਦਿਆਂ ਸੋਚਿਆ। ਉਹਨੇ ਆਪਣਾ ਮੁਕਾਬਲਾ ਉਹਨਾਂ ਨਾਲ ਕੀਤਾ ਤਾਂ ਉਹਨੂੰ ਆਪਣੀ ਹਾਲਾਤ ਬੜੀ ਹਲਕੀ ਲੱਗੀ। ਉਹਨੂੰ ਇਕ ਦੋ ਹੋਰ ਉਬਾਸੀਆਂ ਆਈਆਂ ਤਾਂ ਉਹਨੂੰ ਲੱਗਾ ਜਿਵੇਂ ਉਹਦਾ ਅੰਗ ਅੰਗ ਥਕਾਵਟ ਨਾਲ ਦੁੱਖ ਰਿਹਾ ਹੋਵੇ। ਕਾਊਂਟਰ ਤੇ ਪਿਆ ਇਕ ਪੇਪਰ ਚੁੱਕ ਕੇ ਫੋਲਣ ਲੱਗ ਪਿਆ। ਉਸ ਵਿਚ ਆਪਣੇ ਇਸ਼ਤਿਹਾਰ ਵਿਚ ਲਗੀ ਆਪਣੀ ਤਸਵੀਰ ਵਲ ਦੇਖਣ ਲੱਗਾ। ਤਸਵੀਰ ਵਿਚ ਕਈ ਨੁਕਸ ਜਾਪਦੇ ਸਨ। 'ਅਗਲੀ ਵਾਰੀ ਨਵੀਂ ਤਸਵੀਰ ਖਿਚਵਾ ਕੇ ਦੇਵਾਂਗਾ' ਉਹਨੇ ਪੇਪਰ ਪਰ੍ਹੇ ਸੁਟਦੇ ਨੇ ਸੋਚਿਆ।

ਉਹਨੂੰ ਫੇਰ ਸੈਂਡੀ ਦਾ ਖਿਆਲ ਆਇਆ ਤੇ ਲੇਟ ਹੋਣ ਤੇ ਖਿੱਝ ਜਿਹੀ ਵੀ। 'ਫੈਸ਼ਨ ਕਰਦੀ ਦੋ ਵਜਾ ਦਿੰਦੀ ਆ—ਅਗਲੇ ਦਾ ਇਹਨੂੰ ਰਤਾ ਖਿਆਲ ਨਹੀਂ ਪਈ ਭੁੱਖਾ ਹੋਓ ਜਾਂ ਥੱਕਿਆ ਹੋਊ, ਰਾਤ ਸਾਰੀ ਕੰਮ ਕਰਦਾ ਰਿਹਾ—ਬਸ ਆਪਣੇ ਚੋਹਲਾਂ 'ਚ ਰੁੱਝੀ ਰਹਿੰਦੀ ਆਂ—ਆ ਲੈਣ ਦੇ ਜ਼ਰਾ ਅੱਜ ਸੁਣਾਊਂਗਾ ਕਰਾਰੀਆਂ ਕਰਾਰੀਆਂ ਦੋ ਕੁ'...ਸੋਚਦਾ ਉਹ ਕਾਫੀ ਖਿਝ ਗਿਆ ਲੱਗਦਾ ਸੀ। ਬਾਹਰਲੇ ਦਰਵਾਜ਼ੇ ਦੀ ਟੱਲੀ ਨੇ ਉਹਦਾ ਧਿਆਨ ਫੇਰ ਖਿਚ ਲਿਆ। ਕੋਈ ਗਾਹਕ ਆਇਆ ਸੀ।

ਉਹ ਗਾਹਕ ਨੂੰ ਭੁਗਤਾ ਰਿਹਾ ਸੀ ਨਾਲੇ ਗਾਹਕ ਦੀਆਂ ਗੱਲਾਂ ਦਾ ਹੁੰਗਾਰਾ ਭਰ ਰਿਹਾ ਸੀ ਜਦ ਉਹਨੇ ਪਿਛਲੇ ਪਾਸੇ ਕਾਰ ਦੀ ਆਵਾਜ਼ ਸੁਣੀ। ਉਹਨੇ ਫੇਰ ਘੜੀ ਵਲ ਦੇਖਿਆ ਤਾਂ ਦੋ ਵਜਣ ਵਾਲੇ ਸਨ। ਉਹਦੀਆਂ ਅੱਖਾਂ 'ਚ ਨੀਂਦ ਰੜਕਣ ਲੱਗ ਪਈ ਸੀ। ਗਾਹਕ ਦੇ ਜਾਣ ਬਾਅਦ ਉਹ ਸੈਂਡੀ ਦੀ ਉਡੀਕ ਵਿਚ ਪਿਛਲੇ ਦਰਵਾਜ਼ੇ ਵਲ ਦੇਖਣ ਲੱਗਾ।

ਸੈਂਡੀ ਨੇ ਅੰਦਰ ਆ ਕੇ ਫੁਰਤੀ ਨਾਲ ਆਪਣਾ ਕੋਟ ਲਾਹ ਕੇ ਤੇ ਕੂੜੇ ਵਾਲੀ ਬਾਲਟੀ ਬੈਗ ਵਿਚ ਉਲਟਾਈ। ਤੇ ਹੋਰ ਨਿੱਕੇ ਨਿੱਕੇ ਕੰਮ ਫੁਰਤੀ ਨਾਲ ਕਰਨ ਲੱਗੀ। ਇਸ ਤੋਂ ਪਹਿਲਾਂ ਕਿ ਉਹ ਸੈਂਡੀ ਨੂੰ ਕੁਝ ਕਹਿੰਦਾ ਸੈਂਡੀ ਉਹਨੂੰ ਆਪਣੇ ਲੇਟ ਹੋਣ ਦੇ ਕਾਰਨ ਬਾਰੇ ਦਸਣ ਲੱਗ ਪਈ। "ਮੈਂ ਆ ਤਾਂ ਕਦੋਂ ਦੀ ਜਾਣਾ ਸੀ, ਤੁਰਨ ਲੱਗੀ ਨੂੰ ਅਮਰਜੀਤ ਦਾ ਫੋਨ ਆ ਗਿਆ ਤੇ ਉਹ ਕਈ ਚਿਰ ਗੱਲਾਂ ਕਰਦੀ ਰਹੀ"।

ਸੈਂਡੀ ਉਹਦੇ ਨਾਲ ਗੱਲਾਂ ਕਰਦੀ ਇਧਰ ਉਧਰ ਚੀਜ਼ਾਂ ਠੀਕ ਕਰ ਰਹੀ ਸੀ। ਉਹਦੇ ਕੋਲ ਆ ਕੇ ਸੈਂਡੀ ਨੇ ਬੜੀ ਦਰਦਨਾਕ ਆਵਾਜ਼ ਵਿਚ ਪੁਛਿਆ, "ਸੱਚ ਜੀ, ਤੁਸੀਂ ਰੇਡੀਓ ਤੇ ਕੋਈ ਖਬਰ ਵੀ ਸੁਣੀ ਆਂ? ਕਹਿੰਦੇ ਆ ਇੰਡੀਆ 'ਚ ਤਾਂ ਬਹੁਤ ਜ਼ਬਰਦਸਤ ਭੁਚਾਲ ਆਇਆ ਤੇ ਲੋਕਾਂ ਦੀ ਜਾਨ-ਮਾਲ ਦੀ ਬਹੁਤ ਤਬਾਹੀ ਹੋਈਆ। ਮੈਨੂੰ ਤਾਂ ਅਮਰਜੀਤ ਨੇ ਈ ਦਸਿਆ ਪਈ ਬਹੁਤ ਜ਼ਿਆਦਾ ਨੁਕਸਾਨ ਹੋਇਆ ਹੈ।"

ਸੈਂਡੀ ਅਜੇ ਗੱਲ ਕਰ ਰਹੀ ਸੀ ਕਿ ਇਕ ਗਾਹਕ ਆ ਗਿਆ ਤੇ ਉਹ ਵੀ ਉਹਨਾਂ ਨਾਲ ਭੁਚਾਲ ਦੀਆਂ ਗੱਲਾਂ ਕਰਨ ਲੱਗ ਪਿਆ। ਨਵਾਂ ਆਇਆ ਗਾਹਕ ਤੇ ਸੈਂਡੀ ਉਹਨੂੰ ਭੁਚਾਲ ਬਾਰੇ ਵਿਸਥਾਰ ਵਿਚ ਦਸਦੇ ਰਹੇ ਤੇ ਉਹ ਤਿੰਨੋਂ ਇਕ ਸਾਂਝੇ ਦੁੱਖ ਵਿਚ ਸ਼ਰੀਕ ਹੋਏ ਖੜ੍ਹੇ ਸਨ। ਸੈਂਡੀ ਤਾਂ ਰੋਣ ਨੂੰ ਤਿਆਰ ਸੀ ਤੇ ਆਪਣੇ ਦੁੱਖ ਨੂੰ

ਜ਼ਾਹਰ ਕਰਨ ਲਈ ਉਹ ਕੋਈ ਨਾ ਕੋਈ ਗੱਲ ਕਰੀ ਜਾ ਰਹੀ ਸੀ। ਇਕ ਡੂੰਘਾ ਸਾਹ ਲੈ ਕੇ ਉਹਨੇ ਕਿਹਾ, "ਖਬਰੇ ਵਿਚਾਰਿਆਂ ਦੀ ਮੱਦਦ ਲਈ ਕੋਈ ਬਹੁੜਿਆ ਹੋਊਗਾ ਵੀ ਕਿ ਨਹੀਂ ?"

"ਗਰੀਬ ਮੁਲਕ ਦੀ ਸਰਕਾਰ ਮੱਦਦ ਵੀ ਕਿੰਨੀ ਕੁ ਕਰ ਸਕਦੀ ਆ" ਗਾਹਕ ਦਾ ਜਵਾਬ ਸੀ।

"ਮੈਂ ਤਾਂ ਕਹਿੰਦੀ ਆਂ ਪਈ ਇਥੋਂ ਆਪਣੇ ਲੋਕਾਂ ਵਿਚੋਂ ਮੱਦਦ ਕੱਠੀ ਕਰਕੇ ਭੇਜਣੀ ਚਾਹੀਦੀ ਆ—ਜੇ ਅਜਿਹੀ ਭੀੜ ਦੇ ਮੌਕੇ ਅਸੀਂ ਕਿਸੇ ਦੇ ਕੰਮ ਨਹੀਂ ਆਉਂਦੇ ਤਾਂ ਸਾਡਾ ਇਥੇ ਕਮਾ-ਈਆਂ ਕਰਨ ਦਾ ਕੀ ਫੈਦਾ ਆ"। ਸੈਂਡੀ ਦੇ ਹਰ ਲਫਜ਼ ਵਿਚ ਦਰਦ ਕਰਾਹ ਰਿਹਾ ਸੀ।

ਸੈਂਡੀ ਤੇ ਗਾਹਕ ਦੀਆਂ ਗੱਲਾਂ ਸੁਣਦਾ ਉਹ ਆਪ ਕੁਝ ਨਹੀਂ ਸੀ ਬੋਲਿਆ। ਦੁੱਖ ਤਾਂ ਉਹਨੂੰ ਵੀ ਬਹੁਤ ਹੋਇਆ ਸੀ ਪਰ ਉਹਨੂੰ ਤਾਂ ਨੀਂਦ ਤੇ ਥਕਾਵਟ ਨੇ ਇੰਨਾ ਭੰਨਿਆ ਹੋਇਆ ਸੀ ਕਿ ਉਹ ਤਾਂ ਬੱਸ ਜਾ ਕੇ ਮੰਜੇ ਤੇ ਡਿੱਗਣਾ ਚਾਹੁੰਦਾ ਸੀ। ਸੋਲਹਾਂ ਘੰਟੇ ਹੋ ਗਏ ਸਨ ਉਹਨੂੰ ਕੰਮ ਕਰਦੇ ਨੂੰ, ਰਾਤ ਨੂੰ ਫੇਰ ਕੰਮ ਤੇ ਜਾਣਾ ਸੀ। ਗਾਹਕ ਨੂੰ ਤੋਰ ਕੇ ਉਹ ਆਪ ਵੀ ਸੈਂਡੀ ਨਾਲ ਇਕ ਦੋ ਗੱਲਾਂ ਕਰਕੇ ਪਿਛਲੇ ਕਮਰੇ ਵਲ ਨੂੰ ਤੁਰ ਪਿਆ। ਥੱਕੇ ਹੋਏ ਕਦਮੀ ਤੁਰਦਾ ਉਹ ਅਚਾਨਕ ਕੁਝ ਯਾਦ ਆਉਣ ਤੇ ਝਟਕੇ ਜਿਹੇ ਨਾਲ ਰੁਕ ਗਿਆ। ਜਿਵੇਂ ਮੱਛੀਆਂ ਫੜਨ ਵਾਲਾ ਡੋਰ ਦੇ ਸਿਰੇ ਤੇ ਪੈਂਦੀ ਖਿਚ ਮਹਿਸੂਸ ਕਰਕੇ ਮੱਛੀ ਦੇ ਫਸਣ ਦੀ ਆਸ ਵਿਚ ਤਣ ਜਾਂਦਾ ਹੈ। ਤੇ ਫੇਰ ਉਹਦੇ ਚੇਹਰੇ ਦੇ ਭਾਵ ਉਸ ਮਛੇਰੇ ਦੇ ਚੇਹਰੇ ਵਾਂਗ ਬਦਲਣੇ ਸ਼ੁਰੂ ਹੋ ਗਏ ਜਿਹਨੂੰ ਕਈ ਘੰਟੇ ਧੁੱਪੇ ਬੈਠੇ ਰਹਿਣ ਮਗਰੋਂ ਵਡੀ ਸਾਰੀ ਮੱਛੀ ਹੱਥ ਲੱਗੀ ਹੋਵੇ। ਉਹਦੀਆਂ ਅੱਖਾਂ ਵਿਚੋਂ ਨੀਂਦ ਪਤਾ ਨਹੀਂ ਕਿਥੇ ਭੱਜ ਗਈ। ਉਹਦੇ ਸਰੀਰ ਵਿਚ ਪਹਿਲਾਂ ਵਾਲੀ ਸੁਸਤੀ ਨਹੀਂ ਸੀ ਸਗੋਂ ਇਕ ਅੱਥਰੇ ਘੋੜੇ ਵਰਗੀ ਚੁਸਤੀ ਸੀ। ਇਕ ਚਾਅ ਜਿਹਾ ਚੜ੍ਹ ਗਿਆ ਸੀ ਉਹਨੂੰ। ਉਹਦਾ ਦਿਲ ਕੀਤਾ ਜਾ ਕੇ ਸੈਂਡੀ ਨੂੰ ਬਾਹਾਂ 'ਚ ਚੁੱਕ ਲਵੇ। ਲਗਦਾ ਸੀ ਜਿਵੇਂ ਸੈਂਡੀ ਨੇ ਦੇਸ ਆਏ ਭੁਚਾਲ ਨਾਲ ਹੋਈ ਤਬਾਹੀ ਦੀ ਖਬਰ ਨਾ ਦਿਤੀ ਹੋਵੇ ਸਗੋਂ ਲਾਟਰੀ ਵਿਚ ਮਿਲੀਅਨ ਡਾਲਰ ਜਿਤਣ ਦੀ ਖਬਰ ਦਿਤੀ ਹੋਵੇ।

ਉਹਦੇ ਵਿਚ ਲੋਹੜੇ ਦੀ ਫੁਰਤੀ ਆ ਗਈ ਸੀ। ਪਿਛਲੇ ਕਮਰੇ ਵਿਚ ਜਾ ਕੇ ਉਹਨੇ ਫੋਨਾਂ ਵਾਲੀ ਇਕ ਨਿਕੀ ਜਿਹੀ ਕਾਪੀ ਖੋਹਲੀ ਤੇ ਫੋਨ ਤੇ ਇਕ ਨੰਬਰ ਘੁਮਾਉਣ ਲੱਗਾ। ਇਕ ਦੋ ਸਰਸਰੀ ਗੱਲਾਂ ਕਰਨ ਤੋਂ ਬਾਅਦ ਉਹ ਕਹਿ ਰਿਹਾ ਸੀ, "ਦੇਖੋ ਪ੍ਰਧਾਨ ਸਾਹਿਬ ਸਾਡਾ ਇਥੇ ਸੁੱਖਾਂ 'ਚ ਬੈਠਿਆਂ ਦਾ ਇਹ ਧਰਮ ਬਣ ਜਾਂਦਾ ਹੈ ਪਈ ਅਸੀਂ ਆਪਣੇ ਭਰਾਵਾਂ ਦੀ ਅਜਿਹੇ ਮੌਕੇ ਮੱਦਦ ਕਰੀਏ"।

"ਗੱਲ ਤਾਂ ਤੇਰੀ ਠੀਕ ਆ ਪਰ ਇਥੇ ਵਡੇ ਕੰਮ ਨੂੰ ਹੱਥ ਕੌਣ ਪਾਊ—ਫੰਡ ਇਕੱਠੇ ਕਰਨੇ ਕੋਈ ਖੇਲ੍ਹ ਥੋਹੜੇ ਪਈ ਆ।" ਪ੍ਰਧਾਨ ਦਾ ਜਵਾਬ ਸੀ।

ਪ੍ਰਧਾਨ ਜੀ ਤੁਸੀਂ ਇਸ ਕੰਮ ਦੀ ਜ਼ਿੰਮੇਵਾਰੀ ਮੇਰੇ ਤੇ ਛਡੋ ਤੇ ਅੱਜ ਹੀ ਮੀਟਿੰਗ ਸੱਦ ਕੇ ਭੁਚਾਲ-ਫੰਡ ਕਮੇਟੀ ਬਣਾਓ ਤੇ ਮੈਂ ਆਪਣਾ ਪੂਰਾ ਤਾਣ ਲਵਾਂਗਾ ਉਸ ਕਮੇਟੀ ਦੀ ਜ਼ਿੰਮੇਵਾਰੀਆਂ ਸਾਂਭਣ ਲਈ।"

ਫੋਨ ਰੱਖ ਕੇ ਉਹਨੇ ਗੁਰੂ ਨਾਨਕ ਦੇਵ ਦੀ ਵਡੀ ਤਸਵੀਰ ਵਲ ਸ਼ੁਕਰਾਨੇ ਵਜੋਂ ਦੇਖਿਆ। ਕਾਊਂਟਰ ਤੇ ਖੜੀ ਸੈਂਡੀ ਕੋਲ ਜਾ ਕੇ ਉਹ ਆਪਣੀ ਸਕੀਮ ਦਸਣ ਲੱਗਾ, "ਇਹ ਆਪਣੀ ਕਮਿਉਨਿਟੀ ਦਾ ਇੰਨਾ ਨਾਜ਼ਿਕ ਮਸਲਾ ਹੈ ਕਿ ਹਰ ਬੰਦਾ ਇਸ ਦਰਦ ਵਿਚ ਭਾਈਵਾਲ ਹੋਵੇਗਾ ਤੇ ਫੰਡ ਇਕੱਠਾ ਕਰਨ ਵਾਲੇ ਮੋਹਰੀ ਦਾ ਨਾਂ ਹਰ ਅਖਬਾਰ ਤੇ ਰੇਡੀਓ ਉਤੇ ਹੋਵੇਗਾ। ਹੁਣ ਦੇਖੀਂ ਤੂੰ ਕਿਸਮਤ ਚਮਕਦੀ"। ਗੱਲਾਂ ਕਰਦਿਆਂ ਉਹਦੀਆਂ ਅੱਖਾਂ ਵਿਚ ਕੋਈ ਦੁੱਖ ਜਾਂ ਨਿਰਾਸ਼ਾ ਨਹੀਂ ਸੀ ਤੇ ਨਾ ਹੀ ਨੀਂਦ ਤੇ ਥਕਾਵਟ। ਸਗੋਂ ਇਕ ਚਾਅ ਤੇ ਚਮਕ ਸੀ।

o o o


# VICON MEDIC PHARMACY

ਵਾਈਕਾਨ ਫਾਰਮੇਸੀ ਤੁਹਾਡੀ ਸਹੂਲਤ ਲਈ 6407 MAIN ST. ਤੇ ਖੁੱਲ ਗਿਆ ਹੈ। ਇਥੇ ਤੁਸੀਂ ਦਵਾਈਆਂ ਅਤੇ ਹੋਰ ਲੋੜੀਂਦਾ ਸਮਾਨ ਬਹੁਤ ਹੀ ਸਸਤੀਆਂ ਕੀਮਤਾਂ ਤੇ ਖਰੀਦ ਸਕਦੇ ਹੋ। ਖੁਦ ਆਓ ਤੇ ਅਜ਼ਮਾ ਕੇ ਦੇਖੋ।

**TEL: 324-3177**

**KENNY K. H. NG** B.Sc. (PHARM.)
R.P.E.B.C.

**PAUL C. Y. FU** B.Sc. (PHARM.)
R.P.E.B.C.

**6407 MAIN ST.**
**VANCOUVER, B.C.**

FOR YOUR INSURANCE NEEDS:
SUCH AS —

* AUTO INSURANCE
* BUSINESS
* COMMERCIAL
* HOME OWNERS
* TRAVEL INSURANCE



BALDEV SANGRA
BUS: (604) 321-4125
RES; (604) 687-7711
PAGER: 7648
RES: 325-5857

Autoplan

ਹਰ ਪ੍ਰਕਾਰ ਦੇ ਬੀਮੇ ਜਿਵੇਂ ਕਾਰ, ਟ੍ਰੱਕ, ਮਕਾਨ, ਅਤੇ ਕੈਂਪਰ ਆਦਿ ਲਈ ਸਾਡੀਆਂ ਸੇਵਾਵਾਂ ਹਾਜ਼ਰ ਹਨ।

*W. H. Gallagher Ltd.*

**5186 VICTORIA DR.**
**VANCOUVER, B.C. V5P 3V2**

# ਮੁਲਤਵੀ ਕੀਤਾ ਜਿਊਣਾ

ਸੁਰਜੀਤ ਕਲਸੀ

ਅੱਜ ਸ਼ਾਮ ਦੇ ਵਕੇਸ਼ ਸਮੇਂ ਜਦੋਂ ਹਰਨਾਮੇ ਨੇ ਆਪਣੀ ਤੀਂਵੀਂ ਪੂਰੋ ਨੂੰ ਫੇਰ ਕੁੱਟਿਆ ਤਾਂ ਉਹ ਇਕ ਦਮ ਦਰਵਾਜ਼ਾ ਖੋਲ੍ਹ ਬਾਹਰ ਭੱਜ ਗਈ... ਰਾਤ ਦੇ ਗਿਆਰਾਂ ਦਾ ਵਕਤ ਸੀ, ਸੁੰਨ ਸਾਨ ਗਲੀਆਂ, ਖਾਮੋਸ਼ ਘਰ, ਉੱਚੇ ਖੰਭੇ ਦੀਆਂ ਵੱਡੀਆਂ ਬੱਤੀਆਂ ਦੀ ਦੂਧੀਆ ਰੋਸ਼ਨੀ ਵਿੱਚ ਉਹ ਮੇਨ ਸਟਰੀਟ ਵੱਲ ਭੱਜੀ ਜਾ ਰਹੀ ਸੀ; ਨੁਕਰ ਵਾਲੇ ਗੈਸ ਸਟੇਸ਼ਨ ਤੋਂ ਟੈਲੀਫੂਨ ਬੂਥ ਨਜ਼ਰੀ ਪਿਆ, ਪਰ ਉਸ ਕੋਲ ਟੁੱਟੀ ਕੌਡੀ ਵੀ ਨਹੀਂ ਸੀ... ਉਸ ਗੈਸ ਸਟੇਸ਼ਨ ਵੱਲ ਨਿਗਾਹ ਮਾਰੀ, ਇਕ ਗੋਰਾ ਕਾਊਂਟਰ ਤੇ ਬੈਠਾ ਸ਼ੀਸ਼ਿਆਂ ਵਿਚੋਂ ਨਜ਼ਰੀ ਪਿਆ... ਪੂਰੋ ਨੇ ਸੋਚਿਆ ਉਸ ਨੂੰ ਕਹੇ ਕਿ ਉਹ ਪੁਲਿਸ ਨੂੰ ਫੋਨ ਕਰ ਲੈਣ ਦੇਵੇ... ਪਰ ਫਿਰ ਇਕ ਡਰ ਤੇ ਸੰਗਮ ਨਾਲ ਉਹ ਉਸੇ ਤਰ੍ਹਾਂ ਵਾਪਸ ਘਰ ਵੱਲ ਭੱਜ ਆਈ ਤੇ ਘਰ ਦੇ ਬੈਕ ਯਾਰਡ ਵਿੱਚ ਆ ਕੇ ਕੰਧ ਨਾਲ ਢੋ ਲਾ ਕੇ ਬੈਠ ਗਈ...

ਘਰ ਦੇ ਅੰਦਰ ਅਜੇ ਵੀ ਬੱਤੀਆਂ ਜਗ ਰਹੀਆਂ ਸਨ, ਤੇ ਸ਼ਰਾਬੀ ਹਰਨਾਮਾ ਅਵਾਤਵਾ ਬੱਕ ਰਿਹਾ ਸੀ... ਉਸਦੀ ਉੱਚੀ ਉੱਚੀ ਘੁਰ ਘੁਰ ਹੀ ਵੱਜਦੀ ਸੀ ਸਾਫ਼ ਲਫ਼ਜ਼ ਕੋਈ ਨਹੀਂ ਸੀ ਬਾਹਰ ਸੁਣਾਈ ਦੇਂਦਾ। ਥੋੜ੍ਹਾਂ ਕੁ ਚਿਰ ਪਿੱਛੋਂ ਪਿਛਲਾ ਦਰਵਾਜ਼ਾ ਖੁੱਲ੍ਹਣ ਦੀ ਅਵਾਜ਼ ਆਈ ਤੇ ਹਰਨਾਮਾ ਕੋਟ ਪੈਂਟ ਪਾਈ ਗਰਾਜ ਵੱਲ ਨੂੰ ਹੋਇਆ - ਸ਼ਾਇਦ ਕਾਰ ਤੇ ਪੂਰੋ ਨੂੰ ਭਾਲਣ ਚਲਿਆ ਸੀ... ਹਰਨਾਮੇ ਨੇ ਕਾਰ ਸਟਾਰਟ ਕੀਤੀ ਤੇ ਗਰਾਜ 'ਚੋਂ ਕੱਢ ਲਈ ਤੇ ਬੈਕ ਐਲੀ ਚੋਂ ਤੇਜ਼ੀ ਨਾਲ ਚਲਾ ਗਿਆ... ਪੂਰੋ ਭੁੰਜੇ ਢਾਸਣਾ ਲਾ ਕੇ ਹਨੇਰੇ 'ਚ ਬੈਠੀ ਸੀ ਹੌਲੀ ਜਿਹੀ ਉੱਠੀ ਤੇ ਆ ਘਰ ਦਾ ਬੂਹਾ ਖੜਕਾਇਆ। ਉਸਦੀ ਸੱਸ ਜੋ ਕਲਪਦੀ ਫਿਰਦੀ ਸੀ ਸ਼ਾਇਦ ਇਸੇ ਲਈ ਆਪਣੇ ਕਮਰੇ ਵਿੱਚ ਜਾਣ ਦੀ ਬਜਾਏ ਕਿਚਨ ਵਿੱਚ ਹੀ ਸੀ ਉਸਨੇ ਝੱਟ ਦੇਣੇ ਬੂਹਾ ਖੋਲ੍ਹਿਆ। ਪੂਰੋ ਨੂੰ ਖੜ੍ਹੀ ਦੇਖ ਕੇ ਇਕਦਮ ਵਰ੍ਹ ਪਈ...

"ਬੇਸ਼ਰਮੇ ਅੱਧੀ ਰਾਤੇਂ ਸਾਡੀ ਇੱਜ਼ਤ ਪੱਟ ਤੀ ਜਿਨ੍ਹਾਂ ਤੈਨੂੰ ਗਲੀਆਂ 'ਚ ਫਿਰਦੀ ਨੂੰ ਤੱਕਿਆ ਹੋਊ ਕੀ ਸੋਚਦੇ ਹੋਣਗੇ, ਹੁਣ ਤਾਂ ਇਥੇ ਵਿਰਲਾ ਹੀ ਘਰ ਗੋਰਿਆਂ ਦਾ ਐ... ਸਾਰਾ ਮਹੱਲਾ ਹੀ ਆਪਣੇ ਲੋਕਾਂ ਦਾ ਹੈ... ਉਹ ਗਿਆ ਤੇਰਾ ਪਗਲਾ ਹੁਣ ਭਾਲਣ ਤੈਨੂੰ... ਉਹਦੀ ਸੱਸ ਬੋਲੀ ਜਾਂਦੀ ਸੀ...

ਪੂਰੋ ਨੇ ਚੁੱਪ ਕਰਕੇ ਅੰਦਰ ਵੜ ਕੇ ਬੂਹਾ ਬੰਦ ਕਰ ਦਿੱਤਾ ਤੇ ਆਪਣੇ ਬੈੱਡਰੂਮ ਵਿੱਚ ਚਲੀ ਗਈ। ਡਰੈਸਰ ਦੇ ਸ਼ੀਸ਼ੇ ਵਿੱਚ ਆਪਣੀ ਸੂਰਤ ਨਜ਼ਰ ਪਈ... ਸੁੱਜੀਆਂ ਅੱਖਾਂ, ਜਬਾੜੇ ਤੇ ਸੱਟ ਦਾ ਨਿਸ਼ਾਨ... ਫਿਰ ਉਸ ਆਪਣੀ ਕਮੀਜ਼ ਚੁੱਕ ਕੇ ਮੋਢੇ ਤੇ ਬਾਹਾਂ ਤੇ ਸੱਟਾਂ ਦੇ ਨਿਸ਼ਾਨ ਵੇਖੇ, ਪੈਂਟ ਦੇ ਪੌਂਚੇ ਉੱਚੇ ਕਰਕੇ ਲੱਤਾਂ ਤੇ ਨਿਸ਼ਾਨ ਵੇਖੇ... ਉਸਦੀਆਂ ਅੱਖਾਂ ਵਿੱਚ ਅਣਰੁਕ ਅਥਰੂਆਂ ਦੀ ਧਾਰਾ ਵਹਿ ਤੁਰੀ... ਕੀ ਖੁਰਿਆ ਪਿਆ ਇਹੋ ਜਿਹੀ ਜ਼ਿੰਦਗੀ ਤੋਂ ਹੇ ਰੱਬਾ ਮੌਤ ਕਿਉਂ ਨਹੀਂ ਆ ਜਾਂਦੀ? ਹੇ ਰੱਬਾ... ਮੈਨੂੰ ਮੌਤ ਹੀ ਦੇਦੇ... ਏਨੇ ਨੂੰ ਨੁੱਕਰ ਵਿੱਚ ਲੱਗੇ ਕਰਿਬ ਵਿੱਚ ਸੁੱਤੇ ਪਏ ਉਹਦੇ ਢਾਈਆਂ ਵਰ੍ਹਿਆਂ ਦੇ ਮੁੰਡੇ ਨੇ ਪਾਸਾ ਲਿਆ... ਪੂਰੋ ਦਾ ਰੋਣਾ ਰੁਕ ਗਿਆ, ਉਸਦੇ ਹਉਕੇ ਗਲੇ ਵਿੱਚ ਹੀ ਰਹਿ ਗਏ ਉਸਨੇ ਕਲੀਨੈਕਸ ਲੈ ਕੇ ਅੱਖਾਂ ਪੂੰਝੀਆਂ, ਨੱਕ ਸਾਫ਼ ਕੀਤਾ ਤੇ ਸੁੱਤੇ ਪਏ ਕੇਵਲ ਨੂੰ ਚੁੱਕ ਕੇ ਆਪਣੀ ਛਾਤੀ ਨਾਲ ਲਾ ਲਿਆ। ਇਸ ਕਰਨ ਨਾਲ ਉਸਨੂੰ ਕੁਝ ਸੁੱਖ ਮਹਿਸੂਸ ਹੋਇਆ, ਜ਼ਖਮਾਂ ਦੇ ਨਿਸ਼ਾਨ ਭੁੱਲ ਗਏ ਪਲ ਕੁ ਪਹਿਲਾਂ ਆਇਆ ਮਰਨ ਦਾ ਖਿਆਲ ਕਿਧਰੇ ਅਲੋਪ ਹੋ ਗਿਆ ਸਗੋਂ ਆਪਣੇ ਲਾਲ ਵਾਸਤੇ ਜਿਊਣ ਦੀ ਲਾਲਸਾ ਨੇ ਮਨ ਨੂੰ ਆ ਘੇਰਿਆ... ਉਸਨੂੰ ਇਕ ਸ਼ਕਤੀ ਮਿਲੀ ਇਕ ਅੰਤਰ ਪ੍ਰੇਰਣਾ ਮਿਲੀ... ਉਸਦੇ ਵਿਚੋਂ ਅਵਾਜ਼ ਆਈ:

"ਪੂਰੋ ਤੂੰ ਬੇਵਕੂਫ ਹੈਂ, ਪੜ੍ਹੀ ਲਿਖੀ ਹੋ ਕੇ ਵੀ, ਹਜ਼ਾਰ ਬਾਰਾਂ ਸੌ ਡਾਲਰ ਦੀ ਨੌਕਰੀ ਕਰਦੀ ਏਂ, ਆਪਣੇ ਲਹੂ ਪਸੀਨੇ ਨਾਲ ਇਸ ਘਰ ਨੂੰ ਬਣਾਇਐ, ਪਰ ਇਕ ਮੂਰਖ ਪਤੀ ਜੋ ਈਰਖਾ, ਸਾੜੇ ਤੇ ਹੀਣ ਭਾਵਾਂ ਦਾ ਸ਼ਿਕਾਰ ਹੈ ਉਸਦਾ ਇਲਾਜ ਨਹੀਂ ਕਰ ਸਕਦੀ? "ਐਸੇ ਸ਼ਰਣ ਗ੍ਰਹਿ ਇਥੇ ਖੁਲ੍ਹੇ ਹੋਏ ਨੇ" ਇਕ ਦਿਨ ਉਸਦੀ ਇਕ ਸਹੇਲੀ ਨੇ ਉਸਦੇ ਨੀਲ ਦੇਖ ਕੇ ਦੱਸਿਆ ਸੀ, ਕਿ ਜਿਨ੍ਹਾਂ ਔਰਤਾਂ ਦੇ ਘਰੇਂ ਮਾਰਕੁੱਟ ਪੈਂਦੀ ਹੋਵੇ ਉਹ ਉਥੇ ਜਾ ਕੇ ਰਹਿ ਸਕਦੀਆਂ ਨੇ ਡਾਕਟਰ ਤੇ ਮਨੋਵਿਗਿਆਨੀ ਪਤੀ ਪਤਨੀ ਦੋਹਾਂ ਦਾ ਮਨੋ ਭਾਵਕ ਤਰੀਕੇ ਨਾਲ ਇਲਾਜ ਕਰਦੇ ਨੇ। ਉਸਨੇ ਮਨ 'ਚ ਫੈਸਲਾ ਕੀਤਾ ਕਿ ਉਹ ਕਲ੍ਹ ਹੀ ਕਿਸੇ ਅਜਿਹੇ ਗ੍ਰਹਿ ਨੂੰ ਫੋਨ ਕਰੇਗੀ।

ਪੂਰੋ ਨੇ ਕੇਵਲ ਨੂੰ ਹੌਲੀ ਜਿਹੀ ਮੁੜ ਕਰਿਬ ਵਿੱਚ ਪਾ ਦਿੱਤਾ... ਪਰ ਦਿਮਾਗ ਵਿੱਚ ਖਿਆਲਾਂ ਦਾ ਹੜ੍ਹ ਆਇਆ ਪਿਆ ਸੀ... ਪਤੀ ਦਾ ਖਿਆਲ ਆਉਂਦਿਆਂ ਹੀ ਉਸਨੂੰ ਇਕ ਦਮ ਇਕ ਗੁੱਝਾ ਡਰ ਮਹਿਸੂਸ ਹੋਇਆ... ਸ਼ਰਾਬ ਪੀਤੀ ਹੋਈ ਹੈ... ਕਿਤੇ ਹੋਰ ਈ ਜਾ ਵੱਜਦੀ ਨਾਂ ਹੋ ਜਾਏ... ਕਿਤੇ ਐਕਸੀਡੈਂਟ... ਫਿਰ ਉਹ ਆਪਣੇ ਆਪ ਨੂੰ ਕੋਸਣ ਲੱਗ ਪਈ ਜੇ ਮੈਂ ਘਰੋਂ ਪੈਰ ਨਾਂ ਬਾਹਰ ਪਾਉਂਦੀ...

ਜਾਂ ਉਸਨੂੰ ਜਾਂਦੇ ਨੂੰ ਵੇਖ ਤਾਂ ਕਿਹਾ ਸੀ... ਹੋਰ ਲੈਂਦੀ... ਜੇ ਉਹਨੂੰ ਕੁਝ ਹੋ ਗਿਆ ਤਾਂ ਸਾਰੀ ਉਮਰ ਗੁਨਾਹ ਦੀ ਕਲੰਕੀ ਹੋਵਾਂਗੀ... ਉਸ ਨੂੰ ਹੁਣ ਇਹ ਗੱਲ ਕੁਝ ਭੁੱਲ ਚੁੱਕੀ ਸੀ ਕਿ ਗੁਲਾਮਾ ਉਸਨੂੰ ਕਿੰਨੀ ਬੁਰੀ ਤਰ੍ਹਾਂ ਕੁੱਟਦਾ ਮਾਰਦਾ ਹੈ... ਸਿਰਫ਼ ਆਪਣੀ... ਜ਼ਮੀਰਦਾਰੀ ਦਿਖੌਣ ਕਰਕੇ... ਔਰਤ ਤੇ ਮਰਦ ਤੋਂ ਵੱਧ ਕਿਵੇਂ ਕਮਾ ਜਾਏ ਇਹ ਗੱਲ ਗੁਲਾਮੇ ਨੂੰ ਪਲ ਪਲ ਖੁਰਦੀ ਰਹਿੰਦੀ ਹੈ। ਉਹ ਇਸਨੂੰ ਹੇਠੀ ਸਮਝਦਾ ਹੈ... ਗੁਲਾਮਾ ਘੱਟ ਪੜ੍ਹਿਆ ਲਿਖਿਆ ਸੀ ਪਰ ਝੂਠ ਝਾਠ ਬੋਲ ਕੇ, ਕੁਝ ਕੈਨੇਡਾ ਦਾ ਲੋਭ ਪਾ ਕੇ ਬੀ. ਏ. ਪਾਸ ਪੂਰੋ ਨੂੰ ਵਿਆਹ ਲਿਆਇਆ ਸੀ... ਇਕ ਦੋ ਸਾਲ ਤਾਂ ਚੰਗੇ ਨਿਕਲ ਗਏ ਫਿਰ ਉਨ੍ਹਾਂ ਦੇ ਕੇਵਲ ਨੇ ਜਨਮ ਲਿਆ ਤਾਂ ਉਹਨਾਂ ਨੇ ਗੁਲਾਮੇ ਦੀ ਮਾਂ ਨੂੰ ਪਾਲੀ ਪੂਰੋ ਦੀ ਸੱਸ ਦੀ ਅਰਜ਼ੀ ਭਰ ਦਿੱਤੀ। ਪੂਰੋ ਨੂੰ ਚੰਗੀ ਨੌਕਰੀ ਮਿਲ ਗਈ ਸੀ ਤੇ ਬਾਕਾ ਉਹ ਸਾਂਭ ਲਿਆ ਕਰੂ, ਉਸ ਦੀ ਗੁਲਾਮੇ ਤੋਂ ਛੋਟੇ ਤਿੰਨ ਭੈਣ ਭਰਾ ਜਿਨ੍ਹਾਂ ਦੇ ਅਣਵਿਆਹੇ ਸਨ ਬੇਬੇ ਨਾਲ ਆ ਜਾਣਗੇ... ਇੱਕ ਦੀ ਤਾਂ ਉਮਰ ਵੱਡੀ ਹੋ ਗਈ ਸੀ ਇਸ ਲਈ ਦੋ ਨਾਲ ਆ ਗਏ ਸਨ। ਇਕ ਮੁੰਡਾ ਵੀਹ ਸਾਲਾਂ ਦਾ ਤੇ, ਕੁੜੀ ਪੂਰੇ ਅਠਾਰ੍ਹਾਂ ਸਾਲਾਂ ਦੀ। ਮੁੰਡਾ ਤਾਂ ਗੁਲਾਮੇ ਨੇ ਕਿਧਰੇ ਲੋਭ ਵਿੱਚ ਆਪਣੇ ਦੋਸਤ ਕੋਲ ਮਿਲ 'ਚ ਕੰਮ ਕਰਨ ਭੇਜ ਦਿੱਤਾ ਸੀ, ਕੁੜੀ ਨੂੰ ਕੋਈ ਕੋਰਸ ਕਰਵਾ ਦੇਣ ਦਾ ਇਰਾਦਾ ਸੀ...

ਪੂਰੋ ਨੇ ਬੈੱਡਰੂਮ ਦਾ ਥੋੜ੍ਹਾ ਜਿਹਾ ਦਰਵਾਜ਼ਾ ਖੋਲ੍ਹ ਕੇ ਵੇਖਿਆ, ਬੇਬੇ ਅਜੇ ਕਿਚਨ ਵਿੱਚ ਹੀ ਬੈਠੀ ਸੀ। ਵੀਕਐਂਡ ਸੀ, ਗੁਲਾਮਾ ਅਜੇ ਤੱਕ ਮੁੜਿਆ ਨ ਨਹੀਂ ਸੀ... ਉਸਨੂੰ ਡਰ ਸੀ ਪਿਛਲੀ ਵਾਰ ਅਜੇ ਸ਼ਰੀਫ ਹੋਇਆ, ਸ਼ਰਾਬ ਪੀ ਕੇ ਤਮਾਸ਼ਾ ਕਰਨ ਕਰਕੇ, ਪੁਲਿਸ ਵਾਲਿਆਂ ਸਾਰੀ ਰਾਤ ਘਰ ਨਹੀਂ ਸੀ ਆਉਣ ਦਿੱਤਾ... ਕਿਤੇ ਔਂਤਰੀ ਦੀ ਲਾਈਸੈਂਸ ਨਾਂ ਖੁਸ ਜਾਏ...

ਪੂਰੋ ਹੌਲੀ ਜਿਹੀ ਕਿਚਨ ਵਿੱਚ ਆਈ ਠੰਡੇ ਪਾਣੀ ਦਾ ਇਕ ਗਲਾਸ ਪੀਤਾ... ਤੇ ਬੜੀ ਨਿੱਮੀ ਆਵਾਜ਼ ਵਿਚ ਬੋਲੀ... "ਬੇ ਜੀ ਤੁਸੀਂ ਉੱਠ ਕੇ ਪੈ ਜਾਓ ਬੇ ਅਰਾਮ ਨਾਲ ਫਿਰ ਬਿਮਾਰ ਹੋ ਜਾਓਗੇ।"

ਉਹ ਜਿਵੇਂ ਅੰਦਰੋਂ ਅੰਦਰ ਰਿੱਝਦੀ ਪਈ ਸੀ ਬਗਾਨਾ ਹੀ ਤਾਹਨੀ ਸੀ ਜਵਾਲਾ ਮੁੱਖੀ ਦੇ ਲਾਵੇ ਵਾਂਗ ਫੁੱਟ ਪਈ:

"ਮੈਂ ਤਾਂ ਉਸ ਘੜੀ ਨੂੰ ਪਛਤਾਉਂਦੀ ਹਾਂ ਜਦੋਂ ਮੈਂ ਏਥੇ ਕਨੇਡਾ ਆਉਣ ਲਈ ਹਾਂ ਕਰਤੀ... ਮੈਨੂੰ ਕੀ ਪਤਾ ਸੀ ਇਥੇ ਆਹ ਕੁਝ ਹੁੰਦਾ ਐ... ਕੁੜੀ ਮੁਟਿਆਰ ਹੋਈ ਪਈ ਹੈ ਤੁਸੀਂ ਕੁਝ ਉਹਦਾ ਸੋਚੋ, ਉਹ ਕੀ ਸਿੱਖਿਆ ਤੁਹਾਥੋਂ ਲੈ ਰਹੀ ਹੈ... ਤੁਹਾਡੀ ਹੌਰਕ ਬਾਜ਼ੀ ਨਹੀਂ ਮੁੱਕਦੀ... ਕੋਲ ਪੀਣੇ ਦਾ ਸ਼ੁਗਲ ਤੱਤਾ ਐ... ਪਤਾ ਹੈ, ਇਕ ਵਾਰ ਹੋਈ ਦੋ ਵਾਰ ਹੋਈ, ਤੁਸੀਂ ਦਾ ਕੀ ਕੰਮ ਅਜੇਂ ਕੁਸਕ ਕੀ ਜਾਏ...

ਪੂਰੋ ਨੇ ਪਹਿਲਾਂ ਤਾਂ ਸੋਚਿਆ ਕਿ ਸਾਫ਼ ਸਾਫ਼ ਉਹਨੂੰ ਦੱਸ ਦੇਵੇ ਕਿ ਗੁਲਾਮਾ ਪੁਲਿਸਾਂ ਦਾ ਰੀ ਪੈਂਦਾ ਹੈ, ਜਦੋਂ ਘਰੇ ਪੂਰੋ ਨਹੀਂ ਹੁੰਦੇ, ਘਰ ਦੀ ਕਿਸ਼ਤ, ਟੈਕਸ, ਬਿੱਲ, ਫਿਰ ਦੋ ਜੀਆਂ ਦਾ ਵੱਧ ਖਰਚ, ਉਨ੍ਹਾਂ ਨੂੰ ਕੱਪੜੇ ਲੱਤੇ ਸਭ ਕੁਝ ਪਤਾ ਹੈ ਕਿਉਂ... ਤੇ ਗੁਲਾਮਾ ਕਦੀ ਇਹਨਾਂ ਸ਼ਾਮਾਂ ਕਦੀ ਦਿਨ ਨੂੰ ਆਵੇ। ਘਰ ਵਿੱਚ ਸਿਰਫ਼ ਪੂਰੋ ਦੀ ਹੀ ਪੱਕੀ ਤਨਖਾਹ ਆਉਂਦੀ ਹੈ ਉਹਦੀ ਕਦੀ ਸ਼ਾਮ ਨੂੰ ਤੇ ਕਦੀ ਰਾਤ ਜਿਹੜਾ ਉਹ ਕਰ ਸਕਦੀ ਹੈ ਕਰੀ ਜਾਂਦੀ ਹੈ ਉਸਨੇ ਤਾਂ ਕਦੀ ਬਾਹਰ ਦੀ ਦੁਨੀਆ ਵੇਖ ਕੇ ਨਹੀਂ ਵੇਖਿਆ... ਫੇਰ ਹੁਣ ਪ੍ਰੀਤੋ ਹੈ, ਉਸਦਾ ਖਰਚ ਤੇ ਉੱਤੋਂ ਗੁਲਾਮੇ ਦੀ ਸ਼ਰਾਬ... ਉੱਤੋਂ ਸਾਰਾਂ ਧੀਆਂ ਦੀ ਲੇਕਾ ਟੋਰੀ ਤੇ ਰਖਣੇ, ਤੇ ਗੁਲਾਮੇ ਦੀ ਆਰ ਸਾਂਭ ਨੂੰ ਵੀ ਪੂਰੋ। ਕਿਉਂਕਿ ਬੇਬੇ ਅੱਗੇ ਤਾਂ ਉਹ ਸੇਮਣਾ ਬਣ ਜਾਂਦੈ। ਉਹਨਾਂ ਨੂੰ ਕਹਿ ਨਹੀਂ ਸਕਦਾ ਸਾਰੀਆਂ ਪੜ੍ਹੀਆਂ ਲਿਖੀਆਂ ਕੰਮ ਕਰਨ ਜਾਂਦੀਆਂ, ਤੇ ਕੁ ਦਿਨ ਉਹ ਵੀ ਕਰ ਆਇਆ ਕਰਨ। ਪਰ ਪੂਰੋ ਨੇ ਸਾਰੀ ਗੱਲ ਦੰਦਾਂ ਹੇਠ ਜੀਭ ਦੇ ਕੇ ਦੱਬ ਲਈ ਤੇ ਚੁੱਪ ਚਾਪ ਮੁੜ ਬੈੱਡਰੂਮ ਵਿੱਚ ਆ ਗਈ...

ਰਾਤ ਦੇ ਦੋ ਵੱਜ ਗਏ ਸਨ। ਪੂਰੋ ਅਜੇ ਵੀ ਜਾਗਦੀ ਪਈ ਸੀ। ਉਸਦੀ ਬੋਰ ਵਿੱਚ ਦਰਦ ਹੋ ਰਿਹਾ ਸੀ। ਜਿਥੇ ਗੁਲਾਮੇ ਨੇ ਬੂਟ ਸਣੇ ਲੱਤ ਮਾਰੀ ਸੀ... ਪਿਛਲੇ ਮਹੀਨੇ ਉਸਨੂੰ ਕੰਮ ਤੇ ਸੱਟ ਲੱਗਣ ਕਰਕੇ ਉਹ ਦੋ ਚਾਰ ਦਿਨ ਕੰਪਨਸੇਸ਼ਨ ਤੇ ਰਹੀ ਸੀ, ਉਸ ਨੂੰ ਡਰ ਸੀ ਕਿਤੇ ਫਿਰ ਉਸੇ ਥਾਂ ਤੇ ਸੱਟ ਨਾ ਵੱਜ ਗਈ ਹੋਵੇ, ਹੁਣ ਕੀ ਕੰਮ ਵਾਲਿਆਂ ਨੂੰ ਕਹੇਗੀ ਕਿ ਕਿਸ ਤਰ੍ਹਾਂ ਸੱਟ ਵੱਜੀ ਕੰਪਨਸੇਸ਼ਨ ਦੇ ਦਿਓ... ਟੈਲੇ ਨੂੰ ਕਾਰ ਦੇ ਬਾਜ਼ ਵੱਜੀ ਪਈ। ਪੂਰੋ ਨੇ ਸਹਿਕਦੇ ਜਿਹੇ ਉੱਠ ਕੇ ਕਿਚਨ 'ਚ ਆ ਕੇ ਪਰਦਾ ਸਾਰਾ ਜਿਹਾ ਹਟਾ ਕੇ ਵੇਖਿਆ, ਗੁਲਾਮਾ ਗਰਾਜ ਵਿੱਚ ਕਾਰ ਪਾਰਕ ਕਰ ਰਿਹਾ ਸੀ... ਉਸਨੇ ਸਾਰੀ ਸਨ ਸ਼ੁਕਰ ਕੀਤਾ... ਠੀਕ ਠਾਕ ਘਰੇ ਆ ਗਿਆ ਸੀ... ਤੇ ਚੁੱਪ ਚਾਪ ਆ ਕੇ, ਬੱਤੀ ਬੁਝਾ ਕੇ ਮੰਜੇ ਤੇ ਪੈ ਗਈ...

ਘੰਟਾ ਕੁ ਪਿੱਛੋਂ ਗੁਲਾਮਾਂ ਘਰ ਦੇ ਮੂਹਰਲੇ ਦਰਵਾਜ਼ੇ ਦਾ ਤਾਲਾ ਚਾਬੀ ਖੋਲ੍ਹ ਕੇ ਅੰਦਰ ਦਾਖਲ ਹੋਇਆ... ਉਹ ਬਿਲਕੁਲ ਖਾਮੋਸ਼ ਸੀ... ਉਸ ਚੁੱਪ ਚਾਪ ਬੂਟ ਲਾਹੇ, ਜੈਕਟ ਲਾਹੀ, ਕਿਚਨ ਵਿੱਚ ਗਿਆ, ਫਰਿੱਜ 'ਚੋਂ ਕਢ ਕੇ ਠੰਡੇ ਦੁੱਧ ਦਾ ਇਕ ਗਲਾਸ ਪੀਤਾ ਤੇ ਬੈੱਡਰੂਮ ਵਿੱਚ ਆ ਗਿਆ, ਉਸ ਬੱਤੀ ਨਾ ਜਗਾਈ ਸ਼ਾਇਦ ਇਹ ਸੋਚ ਕੇ ਕਿ ਕੇਵਲ ਜਾਗ ਨਾ ਪਵੇ, ਜੇ ਹੋ ਪਿਆ ਤਾਂ ਸ਼ਾਇਦ ਉਸ ਤੋਂ ਚੁੱਪ ਵੀ ਨਾ ਹੋਵੇ।

ਗੁਲਾਮਾ ਬੈੱਡ ਤੇ ਪੈਣ ਲੱਗਾ ਤਾਂ ਉਹ ਪੂਰੋ ਦੇ ਸਰੀਰ ਨਾਲ ਟਕਰਾ ਗਿਆ. ਇਕ ਦਮ ਉਹਦੇ ਹੱਥ ਇਕ

— ਬਾਕੀ ਸਫ਼ਾ 20 ਤੇ

# ਘਰੋਂ ਬੇ-ਘਰੇ

ਹਰੀ ਪਾਲ/ਫੋਰਟ ਨੈਲਸਨ ਬੀ. ਸੀ.

"ਸੁਣੋ ਵੀ ਇਉਂ ਕਰ ਤੂੰ ਦੋ ਰੋਆਂ ਦੇ ਪੱਤੇ ਝਾੜ ਦੇ ਫੇਰ ਕੱਠੇ ਹੀ ਸਪਰੋਟ ਤੋੜ ਲਵਾਂਗੇ"।

"ਐਧਰ ਧਿਆਨ ਤਾਂ ਕਰ ਐਥੇ ਬੈਠਾ ਜੱਕੜ ਮਾਰੀ ਜਾਨਾ ਹੈਂ ਦੁਨੀਆਂ ਕਿਵੇਂ ਮਾਰੋ ਮਾਰ ਕਰਦੀ ਫਿਰਦੀ ਐ, ਤੈਨੂੰ ਤਾਂ ਭੋਰਾ ਵੀ ਲਾਲਚ ਨੀ" ਗੁਰਨਾਮ ਕੌਰ ਸਪਰੋਟਾਂ ਨੂੰ ਡਾਲਿਆਂ ਨਾਲ ਤੋਲੀ ਜਾਂਦੀ ਸੀ।

"ਤੂੰ ਜਾਣ ਦੇ ਵੱਡੇ ਲਾਲਚ ਵਾਲੀ ਕਿਸੇ ਨਾਲ ਕੋਈ ਗੱਲ ਵੀ ਨਹੀਂ ਕਰਨ ਦਿੰਦੀ, ਨੂੰਹ ਪੁੱਤ ਦਾ ਢਿੱਡ ਭਰੀ ਜਾਨੀ ਐਂ ਉਨ੍ਹਾਂ ਨੇ ਕਿਹੜਾ ਕੋਈ ਕਦਰ ਕਰਨੀ ਹੈ" ਸੰਤਾ ਸਿੰਘ ਗੋਡਿਆਂ ਤੇ ਹੱਥ ਰੱਖ ਕੇ ਉਠਿਆ ਤੇ ਆਪਣੇ ਹਮ ਉਮਰ ਦੇ ਬਜ਼ੁਰਗ ਵੱਲ ਝਾਕਿਆ "ਚੰਗਾ ਯਾਰ ਹੋਰ ਲੇਖਾ ਦੇ ਲਈਏ ਜਿਹੜਾ ਰਹਿੰਦਾ ਹੈ" ਸੰਤਾ ਸਿੰਘ ਨੇ ਸਾਥੀ ਤੋਂ ਵਿਦਾ ਲਈ ਤੇ ਆਕੇ ਰੋਆਂ ਦੇ ਪੱਤੇ ਝਾੜਨ ਲੱਗ ਪਿਆ। ਮਸਾਂ ਅੱਜ ਹੀ ਦਿਨ ਲੱਗਿਆ ਸੀ ਨਹੀਂ ਤਾਂ ਹਰ ਰੋਜ਼ ਮੀਂਹ ਹੀ ਪਈ ਜਾਂਦਾ ਸੀ। ਸੰਤਾ ਸਿੰਘ ਸੋਚਦਾ ਸੀ ਬਈ ਸਾਡੇ ਤਾਂ ਮੀਂਹ ਵਿਚ ਡੰਗਰ ਨੂੰ ਬਾਹਰੋਂ ਅੰਦਰ ਕਰ ਦਿੰਦੇ ਹਨ। ਪਰ ਇਥੇ ਤਾਂ ਬੰਦਿਆਂ ਦਾ ਹਾਲ ਡੰਗਰਾਂ ਨਾਲੋਂ ਵੀ ਭੈੜਾ ਸੀ। ਸਾਰਾ ਦਿਨ ਵੱਡੇ ਵੱਡੇ ਬੂਟ ਪਾਕੇ ਗਾਰੇ ਵਿਚ 'ਚਗਲ ਚਗਲ' ਕਰੀ ਚਲੋ। ਚਲੋ ਠੀਕ ਹੈ ਜੁਆਨ ਉਮਰ ਵਾਸਤੇ ਇਹ ਕੰਮ ਕੋਈ ਖਾਸ ਗੱਲ ਨਹੀਂ। ਸੰਤਾ ਸਿੰਘ ਸੋਚਦਾ ਕਿ ਇਹ ਤਾਂ ਕੰਮ ਕੀ ਉਹ ਤਾਂ ਜੁਆਨੀ ਵਿਚ ਸੂਰਜ ਚੜ੍ਹਦੇ ਨੂੰ ਡੇਢ ਕਿੱਲਾ ਵਾਹ ਦਿੰਦਾ ਸੀ ਅਤੇ ਜੇਕਰ ਵੱਟਾਂ ਪਾਉਣ ਲੱਗ ਪਿਆ ਤਾਂ ਪੰਜ ਸੱਤ ਕਿਲੇ ਕੀ ਗੱਲ ਹੁੰਦੇ ਸਨ ਉਸ ਦੇ ਵਾਸਤੇ। ਸਾਰੇ ਕੰਮ ਉਮਰਾਂ ਦੇ ਹਿਸਾਬ ਨਾਲ ਹੁੰਦੇ ਹਨ ਇਹ ਕੋਈ ਉਮਰ ਥੋੜ੍ਹੋਂ ਹੈ ਕੰਮ ਕਰਨ ਦੀ। ਪੁੱਤ ਉਤੇ ਉਸਨੂੰ ਮਣਾ ਮੂੰਹੀ ਗੁਸਾ ਆਉਂਦਾ ਹੈ, ਤੂੰ ਬੁਢਾਪੇ ਵਿਚ ਸਾਨੂੰ ਸਾਡੇ ਹੱਡ ਰੋਲਣ ਲਈ ਸੱਦਿਆ ਸੀ, ਤੇਰੇ ਹਿਸਾਬ ਕਿਤਾਬ ਤਾਂ ਸੂਤ ਹੀ ਨਹੀਂ ਆਉਣੇ।

ਸੰਤਾ ਸਿੰਘ ਨੇ ਘਰ ਵਾਲੀ ਵੱਲ ਵੇਖਿਆ। ਗੁਰਨਾਮ ਕੁਰ ਜਿਹੜੀ ਪਲੰਘ ਤੋਂ ਪੈਰ ਥੱਲੇ ਨਹੀਂ ਸੀ ਲਾਹੁੰਦੀ ਹੁਣ ਸਪਰੋਟਾਂ ਨਾਲ ਆਪਦਾ ਆਪ ਵੀ ਤੋੜੀ ਜਾਂਦੀ ਸੀ।

"ਮਖਿਆ ਮੈਥੋਂ ਤਾਂ ਕੈਬਿਨ ਵਿਚ ਰਹਿ ਨਹੀਂ ਹੁੰਦਾ, ਸਾਰਾ ਦਿਨ ਹੱਡ ਭੰਨ ਕੇ ਕੰਮ ਕਰੋ ਫਿਰ ਦੋ ਘੜੀ ਮੱਛਰ ਵੀ ਆਰਾਮ ਨਹੀਂ ਕਰਨ ਦਿੰਦਾ। ਵਾਸ਼ਰੂਮ ਚਲੇ ਜਾਓ ਤਾਂ ਵਾਰੀ ਨਹੀਂ ਆਉਂਦੀ ਨ੍ਹਾਉਣ ਦੀ ਗੱਲ ਤਾਂ ਪਾਸੇ ਰਹੀ" ਸੰਤਾ ਸਿੰਘ ਸਪਰੋਟਾਂ ਵਾਲੇ ਡੰਡੇ ਵੱਢ ਵੱਢ ਗੁਰਨਾਮ ਕੁਰ ਕੋਲ ਧਰਨ ਲੱਗ ਪਿਆ "ਮਖਾਂ ਮੇਰੀ ਗੱਲ ਸੁਣ ਬਣਾ ਕਿਰਾਏ ਜੋਗੇ ਪੈਸੇ ਤੇ ਚੱਲ ਦੇਸ ਨੂੰ। ਕੈਬਿਨਾਂ ਵਿਚ ਰਹਿਣ ਦਾ ਕੋਈ ਹੱਜ ਨਹੀਂ"।

ਗੁਰਨਾਮ ਕੁਰ ਹਿਸਾਬ ਲਾ ਰਹੀ ਇਕ ਬਾਲਟੀ ਸਪਰੋਟਾਂ ਦੀ ਦਾ ਇਕ ਡਾਲਾ ਜਾਣੀ ਦੇਸ ਦੇ ਸੱਤ ਰੁਪਏ। ਇਹ ਕਮਲਾ ਦੇਸ ਦੀ ਰੱਟ ਲਾਈ ਜਾਂਦਾ ਹੈ। ਚਾਰ ਪੈਸੇ ਅਸੀਂ ਜੋੜ ਲਈਏ ਚਾਰ ਪੈਸੇ ਮੁੰਡਾ ਬਣਾ ਲਵੇ, ਘਰ ਲੈ ਲਈਏ ਚੱਜਦਾ। ਨਾਲੇ ਸਿਆਲੋ ਸਿਆਲ ਵਿਹਲੀਆਂ ਖਾਣ ਨੂੰ। ਦੋ ਵੀਕਾਂ ਬਾਦ ਐਂਪਲੋਮੈਂਟ ਦੀ ਚਿੱਕ। ਇੰਡੀਆ ਨੂੰ ਕੀ ਹੈ ਜਦੋਂ ਮਰਜੀ ਚਲੇ ਜਾਈਏ"।

× × ×

"ਸੁਣੋ ਵੀ ਤੈਨੂੰ ਤਾਂ ਲੱਗੀ ਹੈ ਮੌਜ, ਸਾਰਾ ਦਿਨ ਗੁਰਦਵਾਰੇ ਬੈਠਾ ਰਹਿੰਦਾ ਹੈਂ, ਮੈਥੋਂ ਤੇ ਘਰੇ ਜੁਆਕ ਹੀ ਨਹੀਂ ਸਾਂਭੇ ਜਾਂਦੇ। ਨਾਂ ਇਨ੍ਹਾਂ ਦੀ ਕੋਈ ਸਮਝ ਆਉਂਦੀ ਹੈ; ਸਾਰਾ ਦਿਨ ਟੀ. ਵੀ. ਮੂਹਰੇ ਬੈਠੇ ਗਿਟ ਮਿਟ ਕਰੀ ਜਾਂਦੇ ਹਨ। ਮੈਨੂੰ ਤਾਂ ਇਉਂ ਲੱਗਦਾ, ਜਦ ਤੱਕ ਫਾਰਮਾਂ ਦਾ ਕੰਮ ਨਹੀਂ ਚੱਲ ਪੈਂਦਾ ਸੁਰਜੀਤ ਨੇ ਕੰਮ ਨਹੀਂ ਛੱਡਣਾ" ਗੁਰਨਾਮ ਕੁਰ ਕਿੱਚਨ ਵਿਚ ਭਾਂਡੇ ਧੋਂਦੀ ਨੂੰਹ ਨੂੰ ਵੀ ਕੋਸੀ ਜਾਂਦੀ ਹੈ।

"ਗੁਰਨਾਮ ਕੁਰੇ ਰੱਬ ਦੇ ਰੰਗ ਨੇ ਕਿਥੇ ਐਸ ਉਮਰੇ ਸੁਰਜੀਤ ਨੇ ਤੇਰੀ ਸੇਵਾ ਕਰਨੀ ਸੀ ਕਿਥੇ"...।

ਸੰਤਾ ਸਿੰਘ ਬੈਠਾ ਸੋਚਦਾ ਸੀ ਬਈ ਜਦੋਂ ਅਸੀਂ ਕੰਮ ਤੋਂ ਹਟਗੇ ਸੁਰਜੀਤ ਕੰਮ ਤੇ ਲੱਗ ਗਈ, ਬਈ ਲਾਹਾ ਲੈ ਲਉ ਬੁੜਿਆਂ ਦਾ ਜਿਹੜਾ ਲੈਣਾ ਹੈ। ਘਰੇ ਜੁਆਕ ਤਾਂ ਸਾਂਭਣਗੇ।—ਫੇਰ ਸੋਚਦਾ ਨੂੰਹ ਦਾ ਵੀ ਕੀ ਕਸੂਰ ਹੈ ਘਰ ਦੀ ਪੇਮੈਂਟ ਕਿਹੜਾ ਤੁਰਦੀ ਹੈ।

ਮੁੰਡਾ ਪੈਸੇ ਤਾਂ ਚੰਗੇ ਬਣਾਉਂਦਾ ਹੈ ਪਰ ਸੌਹਰੇ ਦਾ ਵੀਕ ਐਂਡ ਹੀ ਸੂਤ ਨਹੀਂ ਆਉਂਦਾ। ਘਰ ਵੀ ਕਾਹਦਾ ਲੈ ਲਿਆ। ਘਰ ਤਾਂ ਅਜੇ ਪੱਚੀ ਸਾਲ ਤਕ ਇਸਦਾ ਹੋਵੇਗਾ...ਪੱਚੀ ਸਾਲ ਤਾਂ ਪੇਮੈਂਟਾਂ ਚੱਲਣਗੀਆਂ। ਚੱਲ ਅਸੀਂ ਕੰਮ ਤੋਂ ਬਾਦ ਸਿਰ ਢੱਕਣ ਇਥੇ ਆ ਜਾਂਦੇ ਹਾਂ...ਕਿਤੇ ਸੌਹਰਾ ਨਫਾ ਮਿਲਦਾ ਦੇਖ ਘਰ ਨੂੰ ਵੇਚ ਹੀ ਨਾਂ ਦੇਵੇ...ਨਹੀਂ ਵੇਚਦਾ ਤਾਂ ਨਹੀਂ ਘਰ ਤਾਂ ਇਸਨੇ ਮਸਾਂ ਸਾਡੀ ਮਦਦ ਨਾਲ ਲਿਆ ਹੈ..."।

"ਟਰਨ...ਟਰਨ" ਦਰਵਾਜ਼ੇ ਦੀ ਘੰਟੀ ਖੜਕਦੀ ਹੈ ਗੁਰਨਾਮ ਕੌਰ ਡੋਰ ਖੋਲਦੀ ਹੈ।

"ਬੇਬੇ ਸੁਰਜੀਤ ਕੰਮ ਤੇ ਚਲੀ ਗਈ ਸੀ" ਗੁਰਚਰਨ ਬੂਟ ਲਾਹੁੰਦਾ ਹੋਇਆ ਕਹਿੰਦਾ ਹੈ।

"ਹਾਂ ਚਲੀ ਗਈ ਸੀ ਕੀ ਗੱਲ ਹੈ" ਬੇਬੇ ਟਿੰਕੂ ਦਾ ਡਾਇਪਰ ਬਦਲਦੀ ਜੁਆਬ ਦਿੰਦੀ ਹੈ।

"ਰਾਤੀਂ ਕਹਿੰਦੀ ਸੀ ਸਿਰ ਜਿਹਾ ਦੁਖਦਾ, ਮਖਿਆ ਕਿਤੇ ਦਿਹਾੜੀ ਹੀ ਨਾਂ ਭੰਨ ਲਵੇ" ਗੁਰਚਰਨ ਜਾਕੇ ਟੀ. ਵੀ. ਦੇਖਣ ਲੱਗ ਪਿਆ।

"ਚੰਗਾ ਫਿਰ ਤੁਸੀਂ ਮਾਂ ਪੁੱਤ ਕਰੋ ਗੱਲਾਂ ਮੈਂ ਜ਼ਰਾ ਗੁਰਦਵਾਰੇ ਗੇੜਾ ਮਾਰ ਆਵਾਂ" ਸੰਤਾ ਸਿੰਘ ਬੂਟ ਪਾਉਣ ਲੱਗਿਆਂ ਬੋਲਦਾ ਹੈ।

"ਉਥੇ ਜਾਕੇ ਬਾਪੂ ਕਿਹੜਾ ਤੁਸੀਂ ਪਾਠ ਕਰਨਾ, ਧੀਆਂ ਪੁੱਤਾਂ ਨੂੰ ਹੀ ਨਿੰਦਣਾ ਹੈ।" ਗੁਰਚਰਨ ਨੂੰ ਪਤਾ ਹੈ ਕਿ ਬਜ਼ੁਰਗ ਗੁਰਦਵਾਰੇ ਜਾਕੇ ਕੀ ਕਰਦੇ ਹਨ।

"ਕਿਵੇਂ ਮਰਜ਼ੀ ਸਮਝ ਲਾ ਪੁੱਤ ਉਥੇ ਮੇਰੇ ਵਰਗੇ ਪੰਜ ਚਾਰ ਹੋਰ ਬੈਠੇ ਹੁੰਦੇ ਹਨ, ਦੁਖ ਸੁਖ ਕਰਕੇ ਦਿਲ ਹੌਲਾ ਕਰ ਲਈਦਾ ਹੈ।" ਸੰਤਾ ਸਿੰਘ ਡੋਰ ਕੋਲ ਪਹੁੰਚਕੇ ਜੁਆਬ ਦਿੰਦਾ ਹੈ।

"ਮੈਂ ਤਾਂ ਬਾਪੂ ਥੋਨੂੰ ਦੱਸਣਾ ਹੀ ਭੁਲ ਗਿਆ, ਅਗਲੇ ਵੀਕ ਫਾਰਮਾਂ ਦਾ ਕੰਮ ਚਲ ਪਵੇਗਾ। ਉਨ੍ਹਾਂ ਦਾ ਕੱਲ੍ਹ ਫੂਨ ਆਇਆ ਸੀ ਫਾਰਮ ਵਾਲਿਆਂ ਦਾ..." ਗੁਰਚਰਨ ਨੂੰ ਕੱਲ੍ਹ ਆਇਆ ਫੂਨ

ਯਾਦ ਆ ਗਿਆ।

"ਚੰਗਾ ਪੁਤ" ਕਹਿੰਦਾ ਹੋਇਆ ਸੰਤਾ ਸਿੰਘ ਗੁਰਦਵਾਰੇ ਨੂੰ ਚਲਿਆ ਗਿਆ।

× × ×

"ਮਖਾਂ ਕੀਹਦਾ ਫੂਨ ਆ ਗਿਆ ਸੀ" ਸੰਤਾ ਸਿੰਘ ਸਾਥਣ ਨੂੰ ਪੁਛਦਾ ਹੈ ਜ਼ਿਹੜੀ ਹੁਣੇ ਫਾਰਮਰ ਦੇ ਘਰ ਫੂਨ ਆਏ ਤੋਂ ਗਈ ਸੀ। "ਗੁਰਚਰਨ ਦਾ ਫੂਨ ਆਇਆ ਸੀ ਕਹਿੰਦਾ ਬੇਬੇ ਘਰ ਸੇਲ ਤੇ ਲਾ ਦਿੱਤਾ ਹੈ। ਇਕ ਤਾਂ ਉਮੀਦ ਹੈ ਕਾਫੀ ਨਫਾ ਮਿਲ ਜਾਏਗਾ। ਦੂਜਾ ਉਸਦਾ ਇਰਾਦਾ ਬੀ. ਸੀ. ਤੋਂ ਬਾਹਰ ਕੰਮ ਕਰਨ ਦਾ ਹੈ। ਕਿਉਂਕਿ ਉਸਦੀ ਕੰਪਨੀ ਨੇ ਅਲਬਰਟਾ ਵਿਚ ਵੀ ਕੰਮ ਸ਼ੁਰੂ ਕਰ ਦਿਤਾ ਹੈ। ਕਹਿੰਦਾ, ਬੇਬੇ ਘਰ ਵੇਚਣ ਨੂੰ ਤਾਂ ਜੀਅ ਨਹੀਂ ਸੀ ਕਰਦਾ ਪਰ ਅਲਬਰਟਾ ਵਿਚ ਬੀ. ਸੀ. ਨਾਲੋਂ ਚੰਗੇ ਪੈਸੇ ਜੁੜ ਜਾਣਗੇ। ਅਤੇ ਉਥੇ ਘਰ ਵੀ ਕੁਝ ਸਸਤੇ ਹਨ। ਉਥੇ ਘਰ ਹੋਰ ਲੈ ਲਵਾਂਗੇ।" ਗੁਰਨਾਮ ਕੁਰ ਫੂਨ ਤੇ ਹੋਈ ਗੱਲ ਸੰਤਾ ਸਿੰਘ ਨੂੰ ਦੱਸ ਰਹੀ ਸੀ, "ਜਦੋਂ ਤਾਂ ਘਰ ਲੈਣਾ ਸੀ, ਉਦੋਂ ਬੇਬੇ ਤੇ ਬਾਪੂ ਯਾਦ ਆਉਂਦੇ ਸਨ। ਜਦੋਂ ਵੇਚਣਾ ਸੀ ਤਾਂ ਸਾਨੂੰ ਪੁੱਛਿਆ ਤਕ ਨਹੀਂ।" ਹੁਣ ਤਾਂ ਗੁਰਨਾਮ ਕੁਰ ਨੂੰ ਵੀ ਪੁੱਤ ਤੇ ਗੁਸਾ ਆ ਰਿਹਾ ਸੀ। ਉਸ ਨੂੰ ਯਾਦ ਸੀ ਉਨ੍ਹਾਂ ਨੇ ਕਿੰਨੇ ਔਖੇ ਹੋ ਕੇ ਘਰ ਲੈਣ ਵਾਸਤੇ ਪੈਸੇ ਜੋੜੇ ਸਨ। "ਸੁਣੇ ਵੀ ਇਉਂ ਕਰਦੇ ਹਾਂ ਛੋਟੇ ਮੁੰਡੇ ਨੂੰ ਸੱਦ ਲੈਂਦੇ ਹਾਂ। ਐਵੇਂ ਰੇਲਵੇ ਵਾਲਿਆਂ ਵਿਚ ਧੱਕੇ ਖਾਂਦਾ ਫਿਰਦਾ ਹੈ। ਉਸਦਾ ਕੁਝ ਬਣਾ ਦੇਈਏ, ਉਸਦੇ ਨਾਲ ਰਹਾਂਗੇ। ਗੁਰਚਰਨ ਨੂੰ ਤਾਂ ਹੁਣ ਇਕ ਪੈਨੀ ਵੀ ਨਹੀਂ ਦੇਣੀ।"

"ਹੁਣ ਛੋਟੇ ਦਾ ਬਣਾ ਦੇ, ਫੇਰ ਉਹ ਵੀ ਮਿਠਾ ਜਿਹਾ ਮੂੰਹ ਬਣਾ ਕੇ ਕਹਿ ਦੇਵੇਗਾ, ਬਾਪੂ ਘਰ ਤਾਂ ਵੇਚਤਾ ਕਾਫੀ ਨਫਾ ਮਿਲਦਾ ਸੀ। ਹੁਣ ਮੇਰਾ ਬਾਹਰ ਕੰਮ ਕਰਨ ਦਾ ਇਰਾਦਾ ਹੈ ਕਿਉਂਕਿ ਸਾਡੀ ਕੰਪਨੀ ਨੇ ਬੀ. ਸੀ. ਤੋਂ ਬਾਹਰ ਕਈ ਕੰਮ ਲਏ ਹਨ।"

'ਮੱਖਿਆ ਗੱਲ ਸੁਣ ਬਣਾ ਕਰਾਇਆ ਇੰਡੀਆ ਜੋਗਾ, ਐਵੇਂ ਘਰੋਂ ਬੇਘਰ ਹੋਈ ਬੈਠੇ ਹਾਂ, ਨਾਂ ਉਹ ਘਰ ਸੇਲ ਤੇ ਲੱਗੇ, ਨਾ ਕਿਸੇ ਸਾਲੇ ਦੀ ਕੰਪਨੀ ਬਾਹਰ ਕੰਮ ਲਵੇ।'

ਸੰਤਾ ਸਿੰਘ ਕੂਹਣੀ ਦੇ ਭਾਰ ਪਿਆ ਬੋਲਦਾ ਹੈ। "ਗੱਲ ਤਾਂ ਤੇਰੀ ਠੀਕ ਹੈ।" ਡੂੰਘਾ ਜਿਹਾ ਸਾਹ ਲੈਂਦਿਆਂ ਗੁਰਨਾਮ ਕੁਰ ਲੰਚ ਕਿਟ ਸਾਫ ਕਰਨ ਲੱਗ ਜਾਂਦੀ ਹੈ।

o o o

---

— ਸਫ਼ਾ 18 ਦੀ ਬਾਕੀ

ਵਾਰ ਪਿਛਾਂਹ ਹੋਏ ਫਿਰ ਉਸ ਫੈਂਗੀ ਤਰ੍ਹਾਂ ਪੂਰੇ ਦੇ ਸਰੀਰ ਨੂੰ ਟੋਹਿਆ, ਤੇ ਅੰਦਰੋਂ ਇਕ ਖ਼ੁਸ਼ੀ ਜਿਹੀ ਮਹਿਸੂਸ ਹੋਈ ਕਿ ਪੂਰੇ ਘਰੇ ਹੀ ਹੈ ਕਿਧਰੇ ਗਵਾਚੀ ਨਹੀਂ; ਉਸਦੇ ਮਨ ਨੂੰ ਧਰਵਾਸ ਜਿਹੀ ਹੋਈ ਤੇ ਉਹ ਚੁੱਪ ਚਾਪ ਉਹਦੇ ਨਾਲ ਪੈ ਗਿਆ।

ਸਵੇਰੇ ਦੋਹਾਂ ਦੇ ਮੂੰਹਾਂ ਤੇ ਕੋਈ ਰੋਸ ਬਾਕੀ ਨਹੀਂ ਸੀ ਪੂਰੇ ਨੇ ਰੋਜ਼ ਵਾਂਗ ਹੀ ਬਰੇਕਫ਼ਾਸਟ ਤੇ ਲੰਚ ਬਣਾ ਕੇ ਹਰਨਾਮੇ ਨੂੰ ਕੰਮ ਤੇ ਤੋਰਿਆ, ਆਪਨੂੰ ਉਹਨੂੰ ਛੁੱਟੀ ਸੀ। ਨੌਂ ਕੁ ਵਜੇ ਉਹਦੀ ਸਹੇਲੀ ਦਾ ਫੋਨ ਆਇਆ ਜਿਸਨੂੰ ਉਸਨੇ ਪਹਿਲਾਂ ਹੀ ਬਾਹਰੋਂ ਮਦਦ ਲੈਣ ਲਈ ਕਹਿ ਰਖਿਆ ਸੀ ਉਸਨੇ ਦੱਸਿਆ ਕਿ ਅੱਜ ਜੇ ਉਹ ਜਾਣੇ ਤਾਂ ਉਥੇ ਜਾ ਕੇ ਕੌਂਸਲਰ ਨੂੰ ਮਿਲ ਸਕਦੀ ਹੈ ਪਰ ਪੂਰੇ ਨੇ ਅਗੋਂ ਹੱਸ ਕੇ ਗੱਲ ਹੀ ਟਾਲ ਦਿੱਤੀ ਕਹਿਣ ਲੱਗੀ ਐਨਾ ਮਾੜਾ ਤਾਂ ਨਹੀਂ ਉਹ ਤਾਂ ਕਦੀਂ ਕਦਾਈਂ ਉਬਾਲ ਆ ਜਾਂਦੈ, ਫੇਰ ਬਾਪੂ 'ਚ ਨਹੀਂ ਰਹਿੰਦਾ, ਪਰ ਸਗੋਂ ਪਛਤਾਉਂਦਾ ਬੜਾ ਏ, ਉਸਦੀ ਬਰਾਦਰੀ ਵਿੱਚ ਬੇਇਜ਼ਤੀ ਹੋਊ, ਪੁੱਤ ਨੂੰ ਕਿਸੇ ਨੇ ਕੁਝ ਨਹੀਂ ਕਹਿਣਾ ਲੋਕਾਂ ਸਾਰਿਆਂ ਇਹੀ ਕਹਿਣੈ ਤੀਂਵੀਂ ਮਾੜੀ ਹੋਊ। ਪਰ ਜੇ ਉਸ ਫਿਰ ਇੰਜ ਕੀਤਾ ਤਾਂ ਅਗਲੀ ਵਾਰ ਮੈਂ ਜ਼ਰੂਰ ਕੋਈ ਕਦਮ ਲੈ ਹੀ ਲਵਾਂਗੀ। ਅਗੋਂ ਸਹੇਲੀ ਬੋਲੀ ਚਲ ਤੇਰੀ ਮਰਜ਼ੀ ਏ, ਆਪਾਂ ਐਪੁਆਇੰਟਮੈਂਟ ਕੈਂਸਲ ਕਰਾ ਲੈਂਦੇ ਹਾਂ, ਪਰ ਆਖ਼ਰ ਕਦੋਂ ਕੁ ਤੱਕ ਰੋਜ਼ ਨਾਲ ਜਿਊਣਾ ਕਰਦੀ ਰਹੇਂਗੀ ਸੁਲਤਾਨੀ? ।

---


# AZAD INSURANCE AGENCIES

- FOR ALL YOUR General & Life Insurance needs.
- Compare our most competitive rates on any plan of Insurance.
- Before you decide to buy any plan, please call:



RUPINDER AZAD M.A.

Phone:
OFFICE - 324-2844

6612 - MAIN ST.
VANCOUVER, B.C.

# GOYAL TRAVEL

4152 Fraser St.
Vancouver, B.C.
Tel:
[604] 872-7658

*WE OFFER THE CHEAPEST FARES TO*

. India . Pakistan .
. Nairobi . Dareselam .

*SPECIAL FARES FROM SEATTLE TO LONDON-*
*One way or Return*
4 Offices in India to serve you:

New Delhi . Jullundur
. Moga Jagroan .

# ਫਰੈਂਕ ਕਿ ਸੂਜ਼ਨ

ਕੇਸਰ ਸਿੰਘ

ਜੂਨ ਦੇ ਅਖੀਰ ਵਿੱਚ ਸਕੂਲ ਦੇ ਗਰਮੀਆਂ ਦੀਆਂ ਛੁੱਟੀਆਂ ਲਈ ਬੰਦ ਹੁੰਦੇ ਹਨ। ਜਿਨ੍ਹਾਂ ਬੱਚਿਆਂ ਨੇ ਸਿਤੰਬਰ ਵਿੱਚ ਪਹਿਲੀ ਜਮਾਤ ਵਿੱਚ ਦਾਖ਼ਲ ਹੋਣਾ ਹੁੰਦਾ ਹੈ ਉਨ੍ਹਾਂ ਨੂੰ ਜੂਨ ਵਿੱਚ ਦਸਾਂ ਦਿਨਾਂ ਲਈ ਸਕੂਲ ਆਉਣਾ ਹੁੰਦਾ ਹੈ। ਇਹਨਾਂ ਦਸਾਂ ਦਿਨਾਂ ਵਿੱਚ ਇਨ੍ਹਾਂ ਬੱਚਿਆਂ ਨੂੰ ਸਕੂਲ ਦਾ ਆਲਾ ਦੁਆਲਾ ਦਿਖਾਇਆ ਜਾਂਦਾ ਹੈ। ਟੀਚਰਾਂ ਨਾਲ ਜਾਣ ਪਛਾਣ ਕਰਾਈ ਜਾਂਦੀ ਹੈ। ਟੀਚਰ ਬੱਚਿਆਂ ਦੀਆਂ ਲੋੜਾਂ ਅਨੁਸਾਰ ਸਕੂਲ ਦਾ ਚੱਪਾ ਚੱਪਾ ਉਹਨਾਂ ਨੂੰ ਦਿਖਾਂਦੇ ਹਨ। ਵੱਖੋ ਵੱਖਰੇ ਘਰਾਂ ਵਿੱਚੋਂ ਆਏ ਬੱਚਿਆਂ ਨੂੰ ਇਕ ਦੂਜੇ ਨਾਲ ਜਾਣ ਪਛਾਣ ਕਰਾਂਦੇ ਹਨ। ਉਹਨਾਂ ਨੂੰ ਆਪਸ ਵਿੱਚ ਬਹਿਣਾ ਖੇਲ੍ਹਣਾ ਸਿਖਾਂਦੇ ਹਨ। ਮਿਲ ਕੇ ਬਹਿ ਕੇ, ਪੜ੍ਹਨ ਲਿਖਣ ਲਈ ਤਿਆਰ ਕਰਦੇ ਹਨ। ਰਲ ਮਿਲ ਕੇ ਖੇਡਣਾ, ਉਹਨਾਂ ਦੀ ਆਦਤ ਦਾ ਹਿੱਸਾ ਬਣਾਉਣ ਦਾ ਜਤਨ ਕਰਦੇ ਹਨ।

ਇਹ ਦਸੇ ਦਿਨ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਦੇ ਹਰ ਕੰਮ ਵਿੱਚ ਹਿੱਸਾ ਲੈਣ ਲਈ ਸੱਦਿਆ ਜਾਂਦਾ ਹੈ। ਪਹਿਲੇ ਦਿਨ ਤਾਂ ਲੱਗਭੱਗ ਸਭ ਮਾਪੇ ਆਉਂਦੇ ਹਨ। ਪਰ ਬਾਕੀ ਦਿਨ ਆਮ ਤੌਰ ਤੇ ਬੱਚਿਆਂ ਦੀਆਂ ਮਾਵਾਂ ਹੀ ਉਹਨਾਂ ਨਾਲ ਆਉਂਦੀਆਂ ਹਨ। ਜਿਸ ਟੀਚਰ ਨੇ ਬੱਚਿਆਂ ਨੂੰ ਪੜ੍ਹਾਉਣਾ ਹੁੰਦਾ ਹੈ ਉਹ ਇਕ ਇਕ ਕਰਕੇ ਸਭ ਮਾਵਾਂ ਨਾਲ ਮੁਲਾਕਾਤ ਕਰਦੀ ਹੈ। ਬੱਚੇ ਦੇ ਜਨਮ ਤੋਂ ਲੈ ਕੇ ਉਸਦੇ ਬਾਰੇ ਸਭ ਕੁਝ ਜਾਣਨ ਦਾ ਜਤਨ ਕਰਦੀ ਹੈ। ਉਸ ਬਾਰੇ ਸਾਰੀ ਜਾਣਕਾਰੀ ਪ੍ਰਾਪਤ ਕਰਕੇ ਉਸਦੀ ਵੱਖਰੀ ਫਾਈਲ ਬਣਾਂਦੀ ਹੈ। ਉਸ ਫਾਈਲ ਵਿੱਚ ਉਸਦਾ ਪੂਰਾ ਰਿਕਾਰਡ ਰੱਖਦੀ ਹੈ।

ਇਹਨਾਂ ਦਿਨਾਂ ਵਿੱਚ ਮੇਰਾ ਕੰਮ ਹੁੰਦਾ ਹੈ ਵੱਖੋ ਵੱਖਰੇ ਦਸਾਂ ਸਕੂਲਾਂ ਵਿੱਚ ਇਕ ਇਕ ਦਿਨ ਜਾ ਕੇ ਬੱਚਿਆਂ, ਉਨ੍ਹਾਂ ਦੇ ਮਾਪਿਆਂ ਤੇ ਟੀਚਰਾਂ ਨੂੰ ਮਿਲਣਾ। ਉਹਨਾਂ ਦੀਆਂ ਜ਼ਾਤੀ ਤੇ ਵਿਦਿਅਕ ਲੋੜਾਂ ਨੂੰ ਸਮਝਣਾ। ਸਭ ਤੋਂ ਵੱਡਾ ਕੰਮ ਹੁੰਦਾ ਹੈ ਇਕ ਇਕ ਬੱਚੇ ਨੂੰ ਸਮਝਣ ਦਾ ਜਤਨ ਕਰਨਾ। ਇਕ ਮੁਲਾਕਾਤ ਵਿੱਚ ਹੀ ਬੱਚੇ ਬਾਰੇ ਕਾਫ਼ੀ ਕੁਝ ਸਮਝ ਲੈਣ ਦਾ ਉਪਰਾਲਾ ਕਰਨਾ। ਫਿਰ ਜੋ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਸਨੂੰ ਟੀਚਰ ਨਾਲ ਸਾਂਝਾ ਕਰਨਾ ਤਾਂ ਕਿ ਟੀਚਰ ਇਕ ਜਮਾਤ ਦੀ ਟੀਚਰ ਹੋਇਆਂ ਵੀ ਹਰ ਇਕ ਬੱਚੇ ਬਾਰੇ ਲੋੜੀਂਦੀ ਜਾਣਕਾਰੀ ਰੱਖਦੀ ਹੋਵੇ। ਉਸਦੀਆਂ ਜ਼ਾਤੀ ਲੋੜਾਂ, ਉਸ ਦੀਆਂ ਆਦਤਾਂ ਤੇ ਉਸ ਦੇ ਸੁਭਾਅ ਦੀ ਜਾਣਕਾਰੀ ਰੱਖ ਕੇ ਉਸ ਬੱਚੇ ਨਾਲ, ਉਸ ਯੋਗ ਰਵਈਆ ਮਿਥਣਾ ਸ਼ੁਰੂ ਕਰ ਸਕੇ

ਜਦ ਮੈਂ ਨੰਬਰ ੨ ਸਕੂਲ ਵਿੱਚ ਗਿਆ ਤਾਂ ਬੱਚੇ, ਟੀਚਰ ਤੇ ਆਪਣੀਆਂ ਮਾਵਾਂ ਦੀ ਨਿਗਰਾਨੀ ਵਿੱਚ ਖੇਡ ਰਹੇ ਸਨ। ਬੱਚੇ ਬਹੁਤੇ ਸਨ ਤੇ ਪੀਂਘਾਂ ਥੋੜੀਆਂ। ਆਪੋ ਆਪਣੀ ਵਾਰੀ ਲੈਣ ਲਈ ਬੱਚੇ ਕਤਾਰਾਂ ਬਣਾ ਕੇ ਖੜੇ ਸਨ। ਜੋ ਬੱਚਾ ਆਪਣੀ ਵਾਰੀ ਲੈ ਲੈਂਦਾ ਕਤਾਰ ਦੇ ਪਿਛੇ ਜਾ ਖੜਾ ਹੁੰਦਾ। ਕੁਝ ਦੇਰ ਕੁੜੀਆਂ ਮੁੰਡੇ ਸਾਂਝੀਆਂ ਕਤਾਰਾਂ ਵਿੱਚ ਪੀਂਘਾਂ ਝੂਟਦੇ ਰਹੇ ਪਰ ਕੁਝ ਦੇਰ ਮਗਰੋਂ ਆਪਣੇ ਆਪ ਹੀ ਕੁੜੀਆਂ ਇਕ ਕਤਾਰ ਵਿੱਚ ਹੋ ਗਈਆਂ। ਦੂਜੇ ਪਾਸੇ ਸੱਤ ਮੁੰਡੇ ਰਹਿ ਗਏ। ਇਕ ਮੁੰਡਾ ਕਿਸੇ ਕਤਾਰ ਵਿੱਚ ਵੀ ਨਹੀਂ ਸੀ ਖਲੋਤਾ ਹੋਇਆ। ਉਹ ਪੀਂਘਾਂ ਤੋਂ ਹਟਵਾਂ ਖੜਾ ਸੀ। ਮਿਸਜ਼ ਜਾਨਸਨ ਨੇ ਮੈਨੂੰ ਦੱਸਿਆ ਕਿ ਇਸ ਮੁੰਡੇ ਦੀ ਮਾਂ ਨਾਲ ਨਹੀਂ ਆਈ। ਕਲ੍ਹ ਵੀ ਇਸਦਾ ਪਿਤਾ ਹੀ ਨਾਲ ਆਇਆ ਸੀ। ਉਹ ਪੀਂਘਾਂ ਵੱਲੋਂ ਹਟ ਕੇ, ਕੁਝ ਕਦਮ ਪਿਛੇ ਖਲੋਤੇ, ਪਿਤਾ ਦੀਆਂ ਲੱਤਾਂ ਨਾਲ ਜਾ ਚੰਬੜਿਆ। ਮਿਸਜ਼ ਜਾਨਸਨ ਨੇ ਉਸਦੇ ਨੇੜੇ ਜਾ ਕੇ, ਹੱਥ ਅੱਗੇ ਵਧਾ ਕੇ ਕਿਹਾ "ਫਰੈਂਕ ਆ ਮੇਰੇ ਪਾਸ ਆ। ਤੇਰੀ ਵਾਰੀ ਪੀਂਘ ਝੂਟਣ ਦੀ ਆਉਣ ਵਾਲੀ ਹੈ" ਪਰ ਫਰੈਂਕ ਨੇ ਆਪਣੇ ਪਿਤਾ ਦੀਆਂ ਲੱਤਾਂ ਨੂੰ ਹੋਰ ਵੀ ਪੱਕੀ ਜੱਫੀ ਪਾ ਲਈ।

ਘੰਟੀ ਵੱਜੀ। ਸਭ ਬੱਚੇ ਆਪਣੀ ਜਮਾਤ ਦੇ ਕਮਰੇ ਵੱਲ ਭੱਜ ਉਠੇ। ਫਰੈਂਕ ਦਾ ਪਿਤਾ ਵੀ ਉਸਨੂੰ ਨਾਲ ਲੈ ਕੇ ਉਨ੍ਹਾਂ ਦੇ ਪਿਛੇ ਤੁਰ ਪਿਆ। ਸਭ ਬੱਚੇ ਆਪੋ ਆਪਣੀ ਥਾਂਈਂ ਬੈਠ ਕੇ ਰੰਗਦਾਰ ਪੈਨਸਲਾਂ ਨਾਲ ਕਾਗਜ਼ਾਂ ਉੱਤੇ ਲੀਕ ਘਚੋਲੇ ਵਾਹੁਣ ਲੱਗੇ। ਫਰੈਂਕ ਦੀ ਸੀਟ ਦੇ ਅੱਗੇ ਇਕ ਮੁੰਡਾ ਸੀ ਤੇ ਇਕ ਉਸਦੇ ਪਿਛੇ। ਬੱਚੇ ਰਲੇ ਮਿਲੇ ਬੈਠੇ ਸਨ। ਫਰੈਂਕ ਆਪਣੀ ਕੁਰਸੀ ਛੱਡ ਕੇ ਇਕ ਕੁੜੀ ਦੇ ਪਿਛੇ ਖਾਲੀ ਪਈ ਕੁਰਸੀ ਉੱਤੇ ਜਾ ਬੈਠਾ। ਬੱਚਿਆਂ ਦੀਆਂ ਮਾਵਾਂ, ਕਮਰੇ ਦੀਆਂ ਕੰਧਾਂ ਉੱਤੋਂ ਪੁਰਾਣੀਆਂ ਤਸਵੀਰਾਂ ਲਾਹ ਕੇ ਨਵੀਆਂ ਤਸਵੀਰਾਂ ਲਾ ਰਹੀਆਂ ਸਨ। ਨਾਲੇ ਆਪਸ ਵਿੱਚ ਗੱਲਾਂ ਕਰ ਰਹੀਆਂ ਸਨ। ਫਰੈਂਕ ਦੇ ਸਾਹਮਣੇ ਰੰਗਦਾਰ ਪੈਨਸਲਾਂ ਵੀ ਸਨ ਤੇ ਕਾਗਜ਼ ਵੀ, ਪਰ ਉਹ ਆਪਣੀ ਠੋਡੀ ਹੇਠਾਂ ਸੱਜੇ ਹੱਥ ਦਾ ਠੁੰਮ੍ਹਣਾ ਦੇ ਕੇ ਡੌਰ ਭੌਰੀਆਂ ਨਜ਼ਰਾਂ ਨਾਲ ਛੱਤ ਵੱਲ ਇੱਕ ਟਿਕੀ ਲਾਈ ਬੈਠਾ ਸੀ। ਉਸਦਾ ਪਿਉ ਉਹਨਾਂ ਦੇ ਕਮਰੇ ਤੋਂ ਬਾਹਰ ਦਰਵਾਜ਼ੇ ਨਾਲ ਲੱਗ ਕੇ ਖੜਾ ਸੀ।

ਮਿਸਜ਼ ਜਾਨਸਨ ਨੇ ਮੇਰੇ ਕੋਲ ਆ ਕੇ ਕਿਹਾ - "ਫਰੈਂਕ ਦੇ ਵਤੀਰੇ ਬਾਰੇ ਮੈਨੂੰ ਕੁਝ ਸਮਝ ਨਹੀਂ ਆਉਂਦੀ। ਇਸਦੇ ਪਿਤਾ ਤੋਂ ਮੈਂ ਆਮ ਜਾਣਕਾਰੀ ਲੈ ਲਈ ਹੈ ਪਰ ਕੋਈ ਖ਼ਾਸ ਜਾਣਕਾਰੀ ਨਹੀਂ ਲੈ ਸਕੀ। ਮੈਂ ਜਿੰਨਾ ਪੁੱਛਦੀ ਹਾਂ ਉਨਾ ਹੀ ਉੱਤਰ ਦਿੰਦਾ ਹੈ। ਖੁੱਲ੍ਹ ਕੇ ਗੱਲ ਨਹੀਂ ਕਰਦਾ। ਮੈਨੂੰ ਫਰੈਂਕ ਦਾ ਕੇਸ ਮੇਰੇ ਵੱਸੋਂ ਬਾਹਰ ਦਿਸਦਾ ਹੈ। ਜੇ ਤੁਸੀਂ ਫਰੈਂਕ ਦੇ ਪਿਤਾ ਨਾਲ ਮੁਲਾਕਾਤ ਕਰਕੇ, ਫਰੈਂਕ ਨੂੰ ਸਮਝਣ ਲਈ, ਮੇਰੀ ਮਦਦ ਕਰ ਸਕੋ ਤਾਂ ਬੜੀ ਮਿਹਰਬਾਨੀ ਹੋਵੇਗੀ।"

ਮੈਂ ਫਰੈਂਕ ਦੇ ਪਿਤਾ ਨੂੰ ਨਾਲ ਲੈ ਕੇ ਆਪਣੇ ਦਫ਼ਤਰ ਵੱਲ ਤੁਰ ਪਿਆ। ਫਰੈਂਕ ਪਹਿਲਾਂ ਵਾਂਗੂੰ ਹੀ ਖ਼ਾਲੀ ਖ਼ਾਲੀ ਨਜ਼ਰਾਂ ਨਾਲ ਕੰਧਾਂ ਉੱਤੇ ਲੱਗੀਆਂ ਤਸਵੀਰਾਂ ਵੱਲ ਤੱਕ ਰਿਹਾ ਸੀ। ਫਰੈਂਕ ਦੇ ਪਿਤਾ ਨੇ ਦੋ ਕਦਮ ਪਿੱਛੇ ਮੁੜ ਕੇ ਉਸ ਵੱਲ ਇਕ ਵਾਰੀ ਤੱਕਿਆ ਤੇ ਮੇਰੇ ਪਿੱਛੇ ਪਿੱਛੇ ਮੇਰੇ ਦਫ਼ਤਰ ਆ ਪਹੁੰਚਾ। ਅਸੀਂ ਇਕ ਦੂਜੇ ਦੇ ਆਹਮੋ ਸਾਹਮਣੇ ਬੈਠ ਗਏ। ਮੈਂ ਫਰੈਂਕ ਪ੍ਰੋਫੈੱਕਰ ਦੀ ਫ਼ਾਈਲ ਫੋਲਣ ਲੱਗ ਪਿਆ। ਉਸ ਦੀ ਫ਼ਾਈਲ ਵਿੱਚ ਉਸਦੇ ਨਾਂ, ਜਨਮ ਦੀ ਤਰੀਕ, ਮਾਂ ਪਿਉ ਦੇ ਨਾਂ ਤੇ ਘਰ ਦੇ ਪਤੇ ਤੋਂ ਬਿਨਾਂ ਹੋਰ ਕੁਝ ਨਹੀਂ ਸੀ ਮੇਰੀਆਂ ਸੁਆਲੀਆ ਨਜ਼ਰਾਂ ਵੇਖ ਕੇ ਮਿਸਟਰ ਫਿਲ ਪ੍ਰੋਫੈੱਕਰ ਨੇ ਨੀਵੀਂ ਪਾ ਲਈ। ਮੈਂ ਵੀ ਚੁੱਪ ਰਿਹਾ। ਉਹ ਥੋੜ੍ਹੀ ਦੇਰ ਹੀ ਚੁੱਪ, ਮੱਸਿਆ ਦੀ ਹਨੇਰੀ ਰਾਤ ਵਰਗੀ ਚੁੱਪ ਸੀ।

ਮੈਂ ਸੋਚ ਰਿਹਾ ਸਾਂ ਕਿ ਗੱਲ ਕਿਵੇਂ ਸ਼ੁਰੂ ਕਰਾਂ। ਏਧਰ ਉਧਰ ਦੀਆਂ ਗੱਲਾਂ ਕਰਕੇ ਭੂਮਿਕਾ ਬੰਨ੍ਹਣ ਦਾ ਮੌਕਾ ਨਹੀਂ ਸੀ। ਉਸਨੇ ਸਿਰ ਉੱਤੇ ਚੁੱਕ ਕੇ ਮੇਰੇ ਵੱਲ ਤੱਕਿਆ। ਉਸ ਦੀਆਂ ਅੱਖਾਂ ਵਿੱਚ ਉਦਾਸੀ ਦਾ ਰਾਜ ਸੀ। ਮੈਂ ਜੱਗ ਵਿੱਚੋਂ ਪਾਣੀ ਦੇ ਦੋ ਗਲਾਸ ਭਰ ਕੇ, ਇਕ ਉਸਦੇ ਅੱਗੇ ਤੇ ਦੂਜਾ ਆਪਣੇ ਅੱਗੇ ਰੱਖ ਲਿਆ। ਉਸ ਨੇ ਗਲਾਸ ਚੁੱਕ ਕੇ, ਇੱਕੋ ਡੀਕ ਨਾਲ ਸਾਰਾ ਪਾਣੀ ਪੀ ਕੇ, ਖ਼ਾਲੀ ਗਲਾਸ ਮੇਜ਼ ਉੱਤੇ ਰੱਖਦਿਆਂ ਕਿਹਾ - "ਮੈਨੂੰ ਪਤਾ ਲੱਗਾ ਹੈ ਕਿ ਜਿਹੜੇ ਬੱਚੇ ਆਪਣੇ ਮਾਪਿਆਂ ਨਾਲ ਗੱਲ ਨਹੀਂ ਕਰਦੇ, ਉਹ ਵੀ ਤੁਹਾਡੇ ਨਾਲ ਦਿਲ ਖੋਲ੍ਹ ਲੈਂਦੇ ਹਨ। ਮੈਂ ਵੀ ਆਪਣੀ ਮਰਜ਼ ਦੱਸਣ ਲਈ ਕਲ੍ਹ ਦੀ ਉਡੀਕ ਕਰ ਰਿਹਾ ਸਾਂ। ਮੇਰੀ ਮਰਜ਼ ਬੜੀ ਕੁਵੱਲੀ ਤੇ ਅਜੀਬ ਹੈ। ਕਹਾਣੀ ਬੜੀ ਲੰਮੀ ਹੈ। ਜੇ ਤੁਹਾਡੇ ਪਾਸ ਸਮਾਂ ਹੋਵੇ ਤਾਂ ਮੈਂ ਸੰਖੇਪ ਕਰ ਕੇ ਸੁਣਾਵਾਂ"।

ਮੈਂ ਉੱਤਰ ਦਿੱਤਾ - "ਮਿਸਟਰ ਪ੍ਰੋਫੈੱਕਰ! ਮੇਰਾ ਸਮਾਂ ਤੁਹਾਡਾ ਸਮਾਂ ਹੈ। ਆਪਣੀ ਗੱਲ ਖੋਲ੍ਹ ਕੇ ਸੁਣਾਓ।"

ਉਸਨੇ ਨੀਵੀਂ ਪਾ ਕੇ ਆਪਣੀ ਗੱਲ ਤੋਰ ਲਈ - "ਤੁਸੀਂ ਅਜੀਬ ਅਜੀਬ ਕੇਸ ਵੇਖੇ ਹੋਣਗੇ ਪਰ ਮੇਰਾ ਕੇਸ ਇਕ ਅਨੋਖਾ ਹੀ ਕੇਸ ਹੈ। ਇਕ ਅਨੋਖੀ ਹੀ ਮਰਜ਼ ਹੈ। ਮੈਨੂੰ ਤਾਂ ਇਸਦਾ ਇਲਾਜ ਕੋਈ ਨਹੀਂ ਦਿਸਦਾ ਹੈ। ਪਰ ਹੋ ਸਕਦਾ ਹੈ ਤੁਸੀਂ ਕੋਈ ਰਾਹ ਲੱਭ ਸਕੋ।"

ਮੈਂ ਉਸਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਤੱਕਣਾ ਚਾਹੁੰਦਾ ਸਾਂ ਪਰ ਉਹ ਨੀਵੀਂ ਪਾਈ ਬੈਠਾ ਗੱਲ ਕਰ ਰਿਹਾ ਸੀ। ਉਸ ਨੇ ਗੱਲ ਜਾਰੀ ਰੱਖਦਿਆਂ ਕਿਹਾ - "ਮੇਰੇ ਘਰ ਵਾਲੀ ਦਾ ਨਾਂ ਫੇਅ ਹੈ। ਸਾਡੀ ਇਕੋ ਲੜਕੀ ਸੀ ਸੂਜ਼ਨ। ਉਹ ਅਜੇ ਮਸਾਂ ਤੇਰ੍ਹਾਂ ਸਾਲਾਂ ਦੀ ਹੋਈ ਸੀ। ਇਕ ਦਿਨ ਤਰਕਾਲਾਂ ਵੇਲੇ ਉਹ ਨੇੜੇ ਦੇ ਕਸਬੇ ਜਾਣ ਦੀ ਜ਼ਿਦ ਕਰਨ ਲੱਗ ਪਈ ਅਸੀਂ ਜ਼ਿਮੀਂਦਾਰਾ ਕਰਦੇ ਹਾਂ। ਹਫ਼ਤੇ ਵਿੱਚ ਦੋ ਤਿੰਨ ਵਾਰੀ ਕਸਬੇ ਜਾਂ ਆਉਂਦੇ ਹਾਂ। ਸਾਰੀ ਸ਼ਾਪਿੰਗ ਅਸੀਂ ਉੱਥੋਂ ਹੀ ਕਰਦੇ ਹਾਂ। ਮੈਂ ਫੇਅ ਨੂੰ ਕਿਹਾ ਕਿ ਚਲੋ ਅਸੀਂ ਸਾਰੇ ਚੱਲੀਏ। ਉਹ ਅੱਗੋਂ ਕੜਕ ਕੇ ਬੋਲੀ ਕਿ ਸੂਜ਼ਨ ਆਪਣੇ ਹਾਣ ਦੇ ਮੁੰਡੇ ਕੁੜੀਆਂ ਨਾਲ ਜਾਣਾ ਚਾਹੁੰਦੀ ਹੈ"

"ਤੁਹਾਨੂੰ ਪਤਾ ਹੀ ਹੈ ਕਿ ਅਜ ਕਲ੍ਹ ਦੇ ਟੀਨ-ਏਜਰਜ਼ ਮਾਪਿਆਂ ਦੇ ਹੱਥੋਂ ਨਿਕਲਦੇ ਜਾਂਦੇ ਹਨ। ਮੁੰਡਿਆਂ ਦੇ ਮੁੱਛ ਵੀ ਨਹੀਂ ਫੁੱਟਦੀ ਕਿ ਕਾਰਾਂ ਭਜਾਉਣ ਲੱਗ ਪੈਂਦੇ ਹਨ। ਲਾਈਸੈਂਸ ਹੋਵੇ ਜਾਂ ਨਾ ਹੋਵੇ ਇਸ ਗੱਲ ਦੀ ਪਰਵਾਹ ਨਹੀਂ ਕਰਦੇ। ਫੇਰ ਟੁੱਟੀ ਭੱਜੀ ਕਾਰ ਲੈ ਕੇ ਫੁਲ-ਸਪੀਡ ਉੱਤੇ ਛੱਡ ਦੇਂਦੇ ਹਨ। ਦਿਨ ਹੋਵੇ ਰਾਤ ਹੋਵੇ ਭੇਡਾਂ ਵਾਂਗੂੰ ਅੱਠ-ਅੱਠ, ਦਸ ਦਸ ਕਾਰ ਵਿੱਚ ਤੂੜ ਚਾੜ੍ਹਦੇ ਹਨ। ਸਭ ਤੋਂ ਵੱਡਾ ਹਨੇਰ ਇਹ ਹੈ ਕਿ ਵਿੰਗੇ ਟੇਢੇ ਤਰੀਕਿਆਂ ਨਾਲ ਬੀਅਰ ਦੀਆਂ ਪੇਟੀਆਂ ਵੀ ਨਾਲ ਰੱਖ ਲੈਂਦੇ ਹਨ। ਬੀਅਰ ਪੀ ਕੇ ਰੌਲਾ ਪਾਉਂਦੇ ਹਨ ਹੱਦਾਂ ਟੱਪਣ ਤੋਂ ਵੀ ਨਹੀਂ ਟਲਦੇ"। ਕਹਿ ਕੇ ਉਹ ਰੁਕ ਗਿਆ।

ਮੈਂ ਧੀਰਜ ਰੱਖ ਕੇ ਚੁੱਪ ਵੱਟੀ ਰੱਖੀ। ਉਸਨੇ ਕਈ ਉੱਚੇ ਸਾਹ ਭਰੇ। ਫਿਰ ਕਈ ਵਾਰੀ ਉਸਨੇ ਆਪਣਾ ਸਿਰ ਸੱਜੇ ਖੱਬੇ ਮਾਰਿਆ, ਮੈਂ ਤਾੜ ਰਿਹਾ ਸਾਂ ਕਿ ਉਸਦਾ ਅੰਦਰਲਾ ਦੁੱਖ ਉਭਰ ਉਭਰ ਕੇ ਉੱਠ ਰਿਹਾ ਸੀ। ਮੈਂ ਉਸਦੀ ਗੱਲ ਦਾ ਅੰਤ ਲੱਭਣ ਲਈ ਜਤਨ ਕਰ ਰਿਹਾ ਸਾਂ, ਪਰ ਮੇਰੇ ਪੱਲੇ ਕੁਝ ਨਹੀਂ ਸੀ ਪੈ ਰਿਹਾ। ਮੈਂ ਥੋੜ੍ਹੇ ਜਿਹੇ ਸਮੇਂ ਵਿੱਚ ਸਮਝ ਸਕਿਆ ਸਾਂ ਕਿ ਫਰੈਂਕ ਮੁੰਡਿਆਂ ਵਾਂਗੂੰ ਨਹੀਂ, ਸਗੋਂ ਕੁੜੀਆਂ ਵਾਂਗੂੰ ਬੋਲਦਾ ਚਾਲਦਾ ਹੈ। ਇਹ ਵੀ ਮੈਂ ਸਮਝ ਲਿਆ ਸੀ ਕਿ ਉਸ ਦਾ ਸਾਰਾ ਧਿਆਨ ਪੱਖਾਂ ਫੁੱਟਣ ਸਮੇਂ, ਕੁੜੀਆਂ ਵੱਲ ਰਿਹਾ ਸੀ ਤੇ ਉਸਨੇ ਕਿਸੇ ਇਕ ਵੀ ਮੁੰਡੇ ਵੱਲ ਨਜ਼ਰ ਭਰ ਕੇ ਨਹੀਂ ਸੀ ਤੱਕਿਆ।

ਮਿਸਟਰ ਪ੍ਰੋਫੈੱਕਰ ਨੇ ਆਪਣੇ ਆਪ ਪਾਣੀ ਦਾ ਗਲਾਸ ਭਰ ਕੇ ਫਿਰ ਖ਼ਾਲੀ ਕਰਕੇ ਰੱਖਦਿਆਂ, ਮੇਰੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਜ਼ਰਾ ਉੱਚੀ ਆਵਾਜ਼ ਵਿੱਚ ਕਿਹਾ - "ਸਾਡੇ ਗੇਟ ਤੋਂ ਦੋ ਢਾਈ ਸੌ ਗਜ਼ ਦੂਰ ਇਕ ਕਾਰ ਖੜੀ ਸੀ। ਉਸ ਦੀਆਂ ਵੱਡੀਆਂ ਬੱਤੀਆਂ ਜਗ ਰਹੀਆਂ ਸਨ। ਉਸਦਾ ਇੰਜਨ ਚਲ ਰਿਹਾ ਸੀ। ਘੜੀ ਘੜੀ ਹਾਰਨ

ਵੱਲ ਰਿਹਾ ਸੀ। ਮੈਂ ਸਮਝ ਗਿਆ ਸੀ ਕਿ ਸੁਜਨ ਦੇ ਨਾਲ ਦੇ ਟੀਨ-ਏਜਰਜ਼ ਉਸਨੂੰ ਸੱਦ ਰਹੇ ਹਨ ਪਰ ਮੈਂ ਉਸਨੂੰ ਜਾਣ ਦੀ ਆਗਿਆ ਨਹੀਂ ਦਿੱਤੀ। ਉਹ ਜਾਣ ਦੀ ਜ਼ਿਦ ਕਰ ਰਹੀ ਸੀ। ਫਿਰ ਉਸਨੇ ਫੋਮ ਪਾਸ ਜਾ ਕੇ ਰੋਣਾ ਸ਼ੁਰੂ ਕਰ ਦਿੱਤਾ। ਉਸਦੀਆਂ ਭੁਬਕੀਆਂ ਉੱਤੇ ਪਸੀਜ ਕੇ ਫੋਮ ਨੇ ਮੇਰੀ ਮਰਜ਼ੀ ਦੇ ਉਲਟ, ਉਸਨੂੰ ਪਿਛਲੇ ਦਰਵਾਜ਼ਿਓਂ ਬਾਹਰ ਕੱਢ ਦਿੱਤਾ। ਮੈਂ ਸੁਜਨ ਨੂੰ ਕਾਰ ਵੱਲ ਤੇਜ਼ੀ ਜਾਂਦਿਆਂ ਤੱਕਿਆ। ਮੇਰੀ ਕੋਈ ਪੇਸ਼ ਨਾ ਗਈ। ਮੈਂ ਫੋਮ ਨੂੰ ਚਪੇੜ ਕੱਢ ਮਾਰੀ। ਸਾਡਾ ਝਗੜਾ ਹੋ ਗਿਆ। ਮੈਂ ਸ਼ਰਾਬ ਦੇ ਦੋ ਤਕੜੇ ਪੈੱਗ ਪੀ ਕੇ ਸੋਫੇ ਤੇ ਹੀ ਲੰਮਾ ਪੈ ਗਿਆ ਉਥੇ ਹੀ ਘੂਕ ਸੌਂ ਗਿਆ" ਗਲ ਕਰਦਿਆਂ ਕਰਦਿਆਂ ਉਸਦਾ ਸਾਹ ਫੁਲਣ ਲੱਗ ਪਿਆ ਸੀ। ਮੈਨੂੰ ਇਉਂ ਜਾਪਿਆ ਜਿਵੇਂ ਉਸਦਾ ਸਾਹ ਘੁੱਟਦਾ ਹੋਵੇ। ਉਸਨੇ ਉੱਠ ਕੇ ਬਾਰੀ ਖੋਲ੍ਹ ਜਾ ਕੇ ਬਾਹਰ ਨਜ਼ਰ ਮਾਰੀ। ਉਹ ਲੰਗਤੰਗ ਤਾਰੀਆਂ ਘੜਾਈਆਂ ਦਾ ਲਗਦਾ ਸੀ। ਪਰ ਇਕ ਘੁੱਟ ਵਾਂਗੂੰ ਕੁਰਸੀ ਉੱਤੇ ਬਹਿੰਦਿਆਂ ਹੀ ਉਸਨੇ ਆਪਣੀ ਗੱਲ ਫਿਰ ਤੋਰ ਲਈ– "ਅੱਧੀ ਰਾਤ ਤੋਂ ਮਗਰੋਂ ਟੈਲੀਫੂਨ ਦੀ ਘੰਟੀ ਕਈ ਵਾਰੀ ਖੜਕੀ। ਮੈਂ ਸੋਚਿਆ ਫੋਮ ਆਪੇ ਚੁਕੇਗੀ। ਨਾ ਉਸਨੇ ਚੁੱਕੀ ਨਾ ਮੈਂ। ਉਹ ਬੈੱਡਰੂਮ ਬੰਦ ਕਰਕੇ ਸੁੱਤੀ ਰਹੀ। ਫੇਰ ਘੰਟੇ ਡੇਢ ਘੰਟੇ ਮਗਰੋਂ ਕਿਸੇ ਨੇ ਬੂਹਾ ਖੜਕਾਇਆ ਮੈਂ ਨਸ਼ੇ ਵਿੱਚ ਚੂਰ ਹੋਏ ਨੇ ਬੂਹਾ ਖੋਲ੍ਹਿਆ। ਬਾਹਰ ਆਰ. ਸੀ. ਐਮ. ਪੀ ਦੇ ਦੋ ਬਾਵਰਦੀ ਸਿਪਾਹੀ ਖੜੇ ਸਨ। ਉਹਨਾਂ ਵਿਚੋਂ ਇਕ ਨੇ ਬੜੇ ਅਫਸੋਸ ਹੋਏ ਦਿਲ ਨਾਲ ਦੱਸਿਆ ਕਿ ਕਸਬੇ ਤੋਂ ਮੁੜ-ਦਿਆਂ ਕਾਰ ਦਾ ਡਰਾਈਵਰ- ਮੁੰਡਾ ਨਸ਼ੇ ਵਿੱਚ ਚੂਰ ਸੀ। ਉਹ ਕਾਰ ਸੰਭਾਲ ਨਹੀਂ ਸਕਿਆ। ਕਾਰ ਇੱਕ ਰੁੱਖ ਨਾਲ ਟਕਰਾ ਕੇ ਇਕ ਖੱਡ ਵਿੱਚ ਜਾ ਡਿੱਗੀ। ਸੁਜਨ ਥਾਂ ਮਰ ਗਈ ਤੇ ਬਾਕੀ ਮੁੰਡੇ ਕੁੜੀਆਂ ਫੱਟੜ ਹੋ ਕੇ ਹਸ-ਪਤਾਲ ਪਏ ਹਨ।"

"ਇਹ ਤਾਂ ਬੜੀ ਅਫਸੋਸ ਭਰੀ ਦੁਰਘਟਨਾ ਹੈ।" ਮੇਰੇ ਮੂੰਹ ਵਿਚੋਂ ਹੀ ਗਲ ਫੜ ਕੇ ਉਹ ਬੋਲ ਪਿਆ:- "ਉਹ ਗਲ ਤਾਂ ਮੁੱਕੀ। ਉਸ ਤੋਂ ਅਗਲੀ ਗਲ ਹੋਰ ਵੀ ਦਰਦਨਾਕ ਹੈ।"

ਮੈਂ ਹੈਰਾਨ ਹੋ ਕੇ ਉਸ ਵੱਲ ਤੱਕਿਆ। ਉਸਨੇ ਮੇਰੀਆਂ ਅੱਖਾਂ ਵਿੱਚ ਅੱਖਾਂ ਗੱਡਦਿਆਂ ਕਿਹਾ—"ਸੁਜਨ ਦੀ ਮੌਤ ਦਾ ਧੱਕਾ ਸਾਨੂੰ ਦੋਹਾਂ ਨੂੰ ਲੱਗਣਾ ਹੀ ਸੀ ਪਰ ਫੋਮ ਚੁੱਪ ਗੜੁੱਪ ਹੋ ਗਈ। ਉਹ ਅੰਦਰੋ ਅੰਦਰ ਕੁੜ੍ਹਣ ਲੱਗ ਪਈ ਕਿ ਜੇ ਉਹ ਮੈਥੋਂ ਚੋਰੀ ਹੋ ਕੇ ਸੁਜਨ ਨੂੰ ਨਾ ਭੇਜਦੀ ਤਾਂ ਉਸਨੇ ਨਹੀਂ ਸੀ ਮਰਨਾ। ਉਸਨੇ ਸੁਜਨ ਦੀ ਮੌਤ ਦਾ ਸਾਰਾ ਦੋਸ਼ ਆਪਣੇ ਸਿਰ ਲੈ ਲਿਆ। ਰਾਤ ਦਿਨੇ ਸੁਜਨ ਸੁਜਨ ਕੂਕਦੀ ਰਹਿੰਦੀ। ਜਦ ਸੁਜਨ ਦੀ ਮੌਤ ਹੋਈ ਉਦੋਂ ਫੋਮ ਗਰਭਵਤੀ ਸੀ। ਫ੍ਰੈੱਡ ਦੇ ਪੈਦਾ ਹੁੰਦਿਆਂ ਹੀ ਫੋਮ ਨੇ ਉਸਨੂੰ "ਸੁਜਨ" ਦੇ ਨਾਂ ਨਾਲ ਬੁਲਾਉਣਾ ਸ਼ੁਰੂ ਕਰ ਦਿੱਤਾ। ਉਸਨੂੰ ਕੁੜੀਆਂ ਵਾਲੇ ਕਪੜੇ ਪਹਿਨਾਉਣੇ ਸ਼ੁਰੂ ਕਰ ਦਿੱਤੇ। ਉਹ ਹਰ ਵੇਲੇ ਫ੍ਰੈਡ ਵਿਚੋਂ ਸੁਜਨ ਨੂੰ ਲੱਭਣ ਲੱਗ ਪਈ। ਮੈਂ ਕਈ ਵਾਰੀ ਸਮਝਾਉਂਦਾ ਪਰ ਕੋਈ ਪੇਸ਼ ਨਾ ਜਾਂਦੀ ਵੇਖਕੇ ਚੁੱਪ ਹੋ ਜਾਂਦਾ। ਫ੍ਰੈਡ ਸੁਜਨ ਬਣਦਾ ਗਿਆ। ਫ੍ਰੈੱਡ ਵਿੱਚ ਮੁੰਡਿਆਂ ਵਾਲੀ ਕੋਈ ਗਲ ਹੀ ਨਾ ਆਈ। ਉਸ ਦਾ ਰਹਿਣ ਬਹਿਣ ਕੁੜੀਆਂ ਵਾਲਾ ਹੋ ਗਿਆ। ਮੁੰਡਾ ਹੁੰਦਾ ਹੋਇਆਂ ਵੀ ਕੁੜੀ ਬਣ ਕੇ ਰਹਿ ਗਿਆ। ਸਾਢਿਆਂ ਪੰਜਾਂ ਸਾਲਾਂ ਦਾ ਮੁੰਡਾ ਕੁੜੀ ਬਣਦਾ ਆ ਰਿਹਾ ਸੀ। ਉਹ ਮੁੰਡਿਆਂ ਵਿੱਚ ਰਲਦਾ ਹੀ ਨਹੀਂ। ਫੋਮ ਆਪਣੇ ਪਛਤਾਵੇ ਵਿੱਚ ਘੁਸ ਘੁਸ ਰਹਿੰਦੀ ਹੈ। ਫ੍ਰੈਡ ਪੂਰੇ ਤੌਰ ਤੇ ਸੁਜਨ ਬਣਿਆ ਬੈਠਾ ਹੈ। ਮੈਂ ਅੱਧਾ ਪਾਗਲ ਹੋ ਗਿਆ ਹਾਂ" ਕਹਿੰਦਿਆਂ ਹੀ ਉਸਨੇ ਆਪਣਾ ਸਿਰ ਦੋਹਾਂ ਹੱਥਾਂ ਨਾਲ ਘੁੱਟ ਲਿਆ।

ਉਹ ਕਿੰਨੀ ਦੇਰ ਸਿਰ ਸੁਟ ਕੇ ਬੈਠਾ ਰਿਹਾ। ਮੈਂ ਇਸ ਅਨੋਖੀ ਮਰਜ਼ ਦਾ ਇਲਾਜ਼ ਸਮਝਣ ਲਈ ਤੰਬਲ ਭੂਸੇ ਖਾਣ ਲੱਗ ਪਿਆ। ਮੈਨੂੰ ਫ੍ਰੈਡ ਦੇ ਨਾਲ ਫੋਮ ਤੇ ਬਿਲ ਵੀ ਮਰੀਜ਼ ਦਿਸਣ ਲੱਗ ਪਏ। ਮੈਂ ਇਨ੍ਹਾਂ ਤਿੰਨਾਂ ਦੇ ਕੇਸ ਬਾਰੇ ਹੋਰ ਮਨੋਵਿਗਿਆਨੀਆਂ ਦੀ ਸਲਾਹ ਲੈਣ ਬਾਰੇ ਸੋਚਣ ਲੱਗ ਪਿਆ।

ਏਨੇ ਨੂੰ ਬੱਸਾਂ ਆ ਕੇ ਖੜ੍ਹੀਆਂ ਹੋਣ ਲੱਗ ਪਈਆਂ। ਛੁੱਟੀ ਦੇ ਵੇਲਾ ਨੇੜੇ ਢੁੱਕ ਆਇਆ ਸੀ। ਬਿੱਲ ਨੇ ਇਕ ਵਾਰੀ ਫੇਰ ਬਾਹਰ ਵੱਲ ਝਾਤੀ ਮਾਰ ਕੇ ਕਿਹਾ — "ਮੈਂ ਕਲ੍ਹ ਫ੍ਰੈੱਡ ਨੂੰ ਮੁੰਡਿਆਂ ਵਾਲੇ ਕੱਪੜੇ ਪੁਆ ਕੇ ਸਕੂਲ ਲਿਆਇਆ ਸਾਂ। ਘਰ ਮੁੜਦਿਆਂ ਹੀ ਫੋਮ ਨੇ ਇਸਨੂੰ ਫਿਰ ਕੁੜੀਆਂ ਵਾਲਾ ਫਰਾਕ ਪਾ ਦਿੱਤਾ। ਸਕੂਲੇ ਮੁੰਡਾ ਤੇ ਘਰ ਕੁੜੀ। ਸਕੂਲੇ ਫ੍ਰੈਡ ਤੇ ਘਰ ਸੁਜਨ। ਮੈਨੂੰ ਤਾਂ ਕੁਝ ਨਹੀਂ ਸੁਝਦਾ। ਮੈਂ ਤਾਂ ਪਾਗਲ ਹੋ ਰਿਹਾ ਹਾਂ।"

ਏਨੇ ਨੂੰ ਘੰਟੀ ਵੱਜੀ। ਮੁੰਡੇ ਕੁੜੀਆਂ ਦੌੜ ਕੇ ਬੱਸਾਂ ਵਿੱਚ ਜਾ ਬੈਠੇ। ਬਿਲ ਨੇ ਫ੍ਰੈੱਡ ਨੂੰ ਆਪਣੇ ਨਾਲ ਕਾਰ ਵਿੱਚ ਬਿਠਾਇਆ ਕਿਹਾ- "ਮੈਂ ਸਵੇਰੇ ਫ੍ਰੈੱਡ ਨੂੰ ਨਾਲ ਲਿਆਵਾਂਗਾ। ਜੇ ਤੁਸੀਂ ਵੀ ਆ ਸਕੋ ਤਾਂ......" ਮੈਂ ਉਸਦੀ ਹਾਂ ਵਿੱਚ ਹਾਂ ਮਿਲਾਈ।

ਮੈਂ ਜਦ ਵੀ ਸਕੂਲ ਦੇ ਗੇਟ ਉੱਤੇ ਜਾਂਦਾ ਫ੍ਰੈੱਡ ਨੂੰ ਜ਼ਰੂਰ ਮਿਲ ਕੇ ਆਉਂਦਾ। ਡਾਕਟਰਾਂ, ਨਰਸਾਂ, ਕੌਂਸਲਰਾਂ, ਸੋਸ਼ਲ ਵਰਕਰਾਂ ਤੇ ਮਨੋਵਿਗਿਆਨੀਆ ਨੂੰ ਸਾਰਾ ਜ਼ੋਰ ਲਾਇਆ ਪਰ ਫ੍ਰੈੱਡ ਨੂੰ ਅਜੇ ਤੱਕ ਪਤਾ ਨਹੀਂ ਸੀ ਲੱਗਾ ਕਿ ਉਹ ਫ੍ਰੈੱਡ ਹੈ ਜਾਂ ਸੁਜਨ।

# ਮਠਿਆਈ ਦੀ ਨਵੀਂ ਦੁਕਾਨ

# ਮੌਡਰਨ ਸਵੀਟ ਸ਼ੌਪ

ALSO

**Try Raja's Famous**



TANDOORIE CHICKEN

**MAKKI—DI-ROTTI & SAAG**

AT

*Tandori Hut*

*LICENSED*

**PHONE: 325-5014**

**7209 Main St. Vancouver**

ਇੱਥੋਂ ਤੁਹਾਨੂੰ ਹਰ ਪਰਕਾਰ ਦੀ ਸੁਆਦੀ ਤੇ ਤਾਜ਼ੀ ਮਠਿਆਈ ਜਿਵੇਂ ਕਿ ਲਡੂ, ਬਰਫੀ, ਪੇੜੇ, ਗੁਲ਼ਾਬ ਜਾਮਣ, ਬਾਲੂ ਸ਼ਾਹੀ, ਬੇਸਣ, ਕਲਾ ਕੰਦ, ਆਦਿ ਹਰ ਸਮੇਂ ਮਿਲ ਸਕਦੀ ਹੈ

**ਸਪੈਸ਼ਲ**

6 ਪਰਕਾਰ ਦੀ ਬਰਫੀ, ਕੁਲਫੀ

ਵਿਆਹ ਸ਼ਾਦੀਆਂ ਦੀਆਂ ਪਾਰਟੀਆਂ ਅਤੇ ਧਾਰਮਿਕ ਕਾਰਜਾਂ ਤੇ ਖ਼ਾਸ ਖਾਸ ਰਾਇਤ।

ਇਹ ਕੂਪਨ ਲੈ ਕੇ ਆਉਣ ਵਾਲਿਆਂ ਨੂੰ 15% ਦੀ ਰਿਆਇਤ ਦਿੱਤੀ ਜਾਵੇਗੀ

**325-5014 OR 324-3515**

# MODERN SWEET SHOP

DIVISION OF RAJA RESTAURANT LTD..

**6450 MAIN STREET VANCOUVER. B.C.**

# ਕਿੰਗਜ਼ਗੇਟ ਇਨਸ਼ੋਰੈਂਸ ਏਜੰਸੀਜ਼

**ALL TYPES OF INSURANCE AT COMPETITIVE RATES INCLUDING: AUTO, HOME, COMMERCIAL, BUSINESS, TRAVEL, LIFE, ACCIDENT and SICKNESS, RRSP.**



**FAZAL KHAN**
104 Kingsgate Mall
370 E. Broadway, Vancouver
Tel: 872-7827

**Autoplan**

**AUTHORIZED AGENT**

THE BEST SERVICE
COSTS NO MORE

**INSURANCE**

WHEN YOU RENEW IT
REVIEW IT



**DALJIT S. SIDHU**
6679 Main St. (at 51st.)
Vancouver
Tel: 324-2311



# ELITE TAILORS

## ਈਲਾਈਟ ਟੇਲਰਜ਼

ਆਦਮੀਆਂ ਅਤੇ ਲੜਕਿਆਂ ਦੇ ਹਰ ਕਿਸਮ ਦੇ ਰੈਡੀਮੇਡ ਕਪੜੇ ਗਰਮ ਅਤੇ ਵੈਲਵਟ ਦੇ ਸੂਟ, ਜੈਕਟਾਂ, ਖੁਲ੍ਹੀ ਮੋਹਰੀ ਦੀਆਂ ਪੈਂਟਾਂ ਕਮੀਜ਼ਾਂ ਅਤੇ ਬੂਟ ਆਦਿ ਬਹੁਤ ਹੀ ਵਾਜਬ ਕੀਮਤਾਂ ਤੇ ਲੈਣ ਲਈ ਸਾਡੇ ਸ਼ੋਅ ਰੂਮ 'ਚ ਆਓ

**LADIES 2PC VELVET SUIT..........SPECIAL $79.00**
**LADIES VELVET JACKET.** REG.$79.SPECIAL **$59.95.**
**MEN'S SHIRTS ............SPECIAL $6.95 AND $11.95**
**MEN'S VELVET JACKET................SPECIAL 99.00**
**MEN'S PANT'S .........SUPER SPECIAL $9.95**

ਦਰਸ਼ਨ ਦਿਓ ਜਾਂ ਫੋਨ

**Ph: 872 [illegible]76**
**4219 MAIN STREET** (at 26th Ave.)
VANCOUVER, B.C.



***PAUL'S PLUMBING & ELECTRICAL SUPPLY***

PLUMBING & BATHROOM FIXTURES & SUPPLIES
HOT WATER TANKS
HOT WATER HEATING & SUPPLIES





ਖੁਸ਼ਖਬਰੀ! ਤੁਹਾਡੀ ਸਹੂਲਤ ਲਈ ਪਲੰਬਿੰਗ, ਹੀਟਿੰਗ ਤੇ ਬਿਜਲੀ ਦੇ ਸਮਾਨ ਦਾ ਸਟੋਰ ਆਪਣੇ ਭਾਈ ਓਮ ਪਾਲ ਵਲੋਂ 32 ਐਵਨਿਊ ਲਾਗੇ 4774 ਮੇਨ ਸਟਰੀਟ ਤੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ।

ਸਾਡੇ ਕੋਲ ਆਓ, ਪੰਜਾਬੀ 'ਚ ਗੱਲ ਬਾਤ ਕਰੋ। ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਫੋਨ ਕਰੋ।

872 3118

**English - Punjab - Hindi Spoken**
**4774 Main St (at 32nd)**
**Vancouver ● 872-3118**
**Open Sunday — Parking at rear.**

# ਦਿਹਾੜੀਦਾਰ

ਕੁਲਵੰਤ ਸਹੋਤਾ

ਮੈਂ ਪਾਟੇ ਹੋਏ ਅੱਧੋਰਾਣੇ ਐਪਰਨ ਨੂੰ ਉਤਾਂਹ ਕਰਕੇ ਵੱਧਰ ਨੂੰ ਘੁੱਟ ਕੇ ਮਰੋੜੀ ਦੇ ਲਈ ਤਾਂ ਕਿ ਪਾਟਾ ਹੋਇਆ ਥਾਂ ਕੁਝ ਉਤਾਂਹ ਹੋ ਜਾਵੇ ਤੇ ਇੰਜ ਇੰਜ ਵਾਰ ਵਾਰ ਲੰਘਦੇ ਫੱਟੇ ਮੇਰੀ ਪੈਂਟ ਨੂੰ ਨਾਂ ਘਸਾ ਸੁੱਟਣ ।

ਦਾਅੜ ਦਾਅੜ ਫੱਟੇ ਕਨਵੇਅਰ ਤੋਂ ਆਉਂਦੇ ਅਤੇ ਗ੍ਰੇਡਿੰਗ ਟੇਬਲ ਤੇ ਡਿੱਗੀ ਜਾਂਦੇ । ਲੰਬੇ ਲੰਬੇ ਭਾਰੇ ਟੂਵਾਈ ਏਟ ਟੂ ਵਾਈ ਟਵੇਲਥ ਨੂੰ ਪਲਟਾ ਪਲਟਾ ਦੇਖਦਿਆਂ ਮੈਂ ਪਸੀਨੋਂ ਪਸੀਨਾਂ ਹੋਇਆ ਪਿਆ ਸੀ । ਕਈ ਵਾਰੀ ਕਨਵੇਅਰ ਤੋਂ ਗਰੇਡਿੰਗ ਟੇਬਲ ਦੀਆਂ ਚੇਨਾਂ 'ਚ 22-24 ਫੁੱਟ ਲੰਬਾ ਫੱਟਾ ਅਜਿਹਾ ਅੜਦਾ ਕਿ ਮੇਰੇ ਧੂ ਧੂ ਖਿੱਚਿਆਂ ਵੀ ਨਾਂ ਨਿਕਲਦਾ । ਅੱਕ ਮੈਂ ਚੇਨ ਖੜਾ ਦਿੰਦਾ, ਜਦ ਨੂੰ ਮੈਂ ਫੱਟੇ ਨੂੰ ਕੱਢ ਕੇ ਹਟਿਆ ਹੁੰਦਾ ਤਾਂ ਮਗਰੋਂ ਕਨਵੇਅਰ ਤੋਂ ਡਿਗ ਰਹੇ ਫੱਟੇ ਵੱਡਾ ਸਾਰਾ ਢੇਰ ਬਣ ਚੁੱਕੇ ਹੁੰਦੇ । ਇਹ ਮੇਰੇ ਲਈ ਮੁਸ਼ਕਲਾਂ ਵਾਲੀ ਘੜੀ ਹੁੰਦੀ । ਆਲਾ ਦੁਆਲਾ ਦੇਖਦਾ ਕਿਤੇ ਫੋਰਮੈਨ ਤਾਂ ਨੇੜੇ ਨਹੀਂ ? ਜੇ ਹੁੰਦਾ ਤਾਂ ਹੋਰ ਵੀ ਬਿਪਤਾਵਾਂ ਸਿਰ ਸਵਾਰ ਲਗਦੀਆਂ ਨਹੀਂ ਤਾਂ ਅੱਖ ਬਚਾਕੇ ਸੋਈਅਰ ਨੂੰ ਘੰਟੀ ਮਾਰ ਦਿੰਦਾ, ਉਹ ਫੱਟੇ ਭੇਜਣੋਂ ਰੁਕ ਜਾਂਦਾ ਤੇ ਇੰਜ ਜਮ੍ਹਾਂ ਹੋਇਆ ਫੱਟਿਆਂ ਦਾ ਢੇਰ ਜ਼ਰਾ ਤਸੱਲੀ ਨਾਲ ਗ੍ਰੇਡ ਕਰ ਅਗਾਂਹ ਤੁਰਦੇ ਕਰਦਾ ।

ਕਈ ਵਾਰੀ ਤਾਂ ਫੱਟੇ ਇਤਨੀ ਕਾਹਲੀ ਆਉਂਦੇ ਕਿ ਮੈਨੂੰ ਰੋਣ ਹਾਕਾ ਕਰ ਦਿੰਦੇ । ਇਕ ਪਾਸੇ ਇਕੱਲੇ ਇਕੱਲੇ ਫੱਟੇ ਨੂੰ ਪਲ-ਟਾਕੇ ਚੰਗੀ ਤਰ੍ਹਾਂ ਘੋਖਣਾਂ, ਦੂਸਰੇ ਉਹਨਾਂ ਨੂੰ ਇਕ ਦਮ ਸਿੱਧੇ ਵੀ ਕਰਨਾਂ, ਮਤਾਂ ਅਗਲੀਆਂ ਚੇਨਾਂ ਤੇ ਫਸ ਕੇ ਸਭ ਕੁਝ ਹੀ ਸੱਟਕ ਨਾਂ. ਕਰ ਦੇਣ ਅਤੇ ਸਭ ਤੋਂ ਵੱਧ ਖੌਫ ਜੋ ਰਹਿੰਦਾ ਉਹ ਇਹ ਕਿ ਫੋਰਮੈਨ ਭਾੜ ਹੀ ਨਾਂ ਆ ਪਾਏ ਕਿ ਗ੍ਰੇਡਿੰਗ ਗਲਤ ਕਰ ਰਿਹਾ ਹਾਂ । ਇਹ ਸਭ ਕੁਝ ਇਕੋ ਸਮੇਂ ਸੋਚ ਇਕ ਵਾਰੀ ਤਾਂ ਪਹਿਲੋਂ ਹੀ ਪਸੀਨੋ ਪਸੀਨਾਂ ਹੋਇਆ ਸਰੀਰ ਧੁਰੋਂ ਹੀ ਪਾਣੀ ਪਾਣੀ ਹੋਕੇ ਰਹਿ ਜਾਂਦਾ ।

ਰਤਾ ਕੁ ਫੱਟੇ ਆਉਣੇ ਘੱਟ ਹੁੰਦੇ ਤਾਂ ਜ਼ਰਾ ਸੁਖ ਦਾ ਸਾਹ ਆਉਂਦਾ । ਫੋਰਮੈਨ ਦੀ ਪਹਿਲਾਂ ਦੀ ਕੀਤੀ ਹੋਈ ਟੈਂ ਟੈਂ ਕੰਨਾਂ 'ਚ ਠਾਹ ਠਾਹ ਵੱਜਦੀ ਜਿਹੜੀ ਫੱਟਿਆਂ ਦੇ ਖੜਾਕ ਜਾਂ ਆਰੇ ਦੀ ਚੀਂ ਚੀਂ ਨਾਲੋਂ ਵੀ ਵੱਧ ਚੀਰਵੀਂ ਲਗਦੀ ।

ਵੱਧ ਪ੍ਰੋਡਕਸ਼ਨ ਲੈਣ ਲਈ ਫੋਰਮੈਨ ਨੱਠਾ ਫਿਰਦਾ ਕਦੇ ਇੱਧਰ ਤੇ ਕਦੇ ਉਧਰ । ਵਾਹੋਦਾਹੀ ਉਹ ਮੇਰੇ ਬੰਨੀਂ ਆਉਂਦਾ ਦਿਸਦਾ ਤਾਂ ਸੌ ਘੜਾ ਪਾਣੀ ਦਾ ਸਿਰ ਪੈ ਜਾਂਦਾ, ਖਿਆਲਾਂ ਦੇ ਵਹਾ ਵਗਣ ਲਗਦੇ, ਹੁਣ ਉਹ ਕਹਿਣ ਆ ਰਿਹਾ ਹੋਏਗਾ ਇੰਨਿਆਂ 'ਚੋਂ ਇੰਨੇ ਫੱਟੇ ਗਲਤ ਨਿਕਲੇ ਹਨ : ਗਰੇਡਿੰਗ ਗਲਤ ਕਰ ਰਿਹਾ ਹਾਂ ਇਸ ਕਰਕੇ ਕੱਲ੍ਹ ਕੰਮ ਨਾਂ ਆਣਾਂ ਇਤਿ ਆਦਿ ਸੋਚ ਮਨ 'ਚ ਹੀ ਹੁੰਦੀ ਕਿ ਉਹ ਦੂਸਰੇ ਬੰਨੇ ਲੰਘ ਜਾਂਦਾ ਤਾਂ ਮਨ ਨੂੰ ਕੁਝ ਹੌਸਲਾ ਹੁੰਦਾ ।

ਇਕ ਦਮ ਤ੍ਰਬਕ ਜਾਂਦਾ ਜਦੋਂ ਫੋਰਮੈਨ ਨੂੰ ਆਪਣੇ ਪਿੱਛੇ ਖੜਾ ਦੇਖਦਾ । ਉਹ ਗ੍ਰੇਡ ਕਰ ਰਹੇ ਨੂੰ ਤਾੜ ਰਿਹਾ ਹੁੰਦਾ । ਇਕ ਵਾਰੀ ਤਾਂ ਹੱਥੋਂ ਚਾਕ ਡਿਗਣ ਵਾਲਾ ਹੋ ਜਾਂਦਾ । ਜਿਹੜੇ ਫੱਟੇ ਵਾਰੇ ਪੂਰਾ ਯਕੀਨ ਹੁੰਦਾ ਕਿ ਇਹ ਕੰਨਸਟਰਕਸ਼ਨ ਵਿਚ ਹੀ ਜਾਣਾ ਹੈ, ਉਸ ਨੂੰ ਵੀ ਤਿੰਨ ਤਿੰਨ ਵਾਰੀ ਪਲਟਾ ਕੇ ਵੇਖਦਾ ਤੇ ਫੱਟੇ ਨੂੰ ਪਲਟਾ ਇੰਨੇ ਜ਼ੋਰ ਨਾਲ ਮਾਰਦਾ ਕਿ ਇਕੋ ਸਾਹੇ ਫੱਟਾ ਤਿੰਨ ਭੁਆਟਣੀਆਂ ਖਾ ਜਾਂਦਾ । ਇੰਨੀ ਤੇਜ਼ ਆਈ ਫੱਟੇ ਨੂੰ ਭੁਆਂਟਣੀ 'ਚ ਨੁਕਸਦਾਰ ਗੰਢ ਤੁੱਪ ਭਾਵੇਂ ਕੋਈ ਨਾਂ ਦੇਖ ਸਕਦਾ ਪਰ ਖਿੱਛੇ ਖੜੇ ਹਊਏ ਤੋਂ ਡਰਦਾ ਇੰਨੀ ਤਸੱਲੀ ਜ਼ਰੂਰ ਮਹਿਸੂਸਦਾ ਕਿ ਮੈਂ ਫੱਟੇ ਬਹੁਤ-ਹੀ ਸੋਝੀ ਔਰ ਯੋਗਤਾ ਨਾਲ ਗ੍ਰੇਡ ਕਰ ਰਿਹਾ ਹਾਂ । ਰੱਦੀ ਜੰਕ ਫੱਟਾ ਸਾਫ ਦਿਸਦਾ ਕਿ ਨਾਂ ਇਹ ਕੰਸਟਰਕਸ਼ਨ, ਨਾਂ ਸਟੈਂਡਰਡ ਅਤੇ ਨਾਂ ਹੀ ਯੂਨਿਲਟੀ 'ਚ ਆਉਂਦਾ ਹੈ ਪਰ ਫਿਰ ਵੀ ਗ੍ਰੇਡਿੰਗ ਦੇ ਤਾਨ 'ਚ ਆਇਆ ਇਤਨੇ ਜ਼ੋਰ ਦੀ ਪਲਟਾ ਮਰਵਾ-ਉਂਦਾ ਕਿ ਪਹਿਲਾਂ ਹੀ ਜੰਕ ਫੱਟਾ ਤਿੱਨ ਥਾਂਈਂ ਹੋ ਜਾਂਦਾ । ਹੁਣ ਬਿਪਤਾ ਪੈਂਦੀ ਕਿ ਉਸ ਦੇ ਵਿਖਰੇ ਹੋਏ ਪਾਰਟਸ ਕਿਵੇਂ ਇਕੱਤਰ ਕਰਾਂ, ਫਟਾ ਫਟ ਕੁੰਡੀ ਚੁੱਕਦਾ, ਮੈਂ ਦੂਸਰੇ ਸਿਰੇ ਗਲੇ ਹੋਏ ਫੱਟੇ ਨੂੰ ਖਿੱਚਣ ਲਗਦਾ, ਜਿਥੇ ਕੁੰਡੀ ਖੁੱਭਦੀ, ਉਥੋਂ ਹੀ ਉਹ ਅੱਗੇ ਹੋਰ ਦੋ ਹਿੱਸਿਆਂ 'ਚ ਵਟ ਜਾਂਦਾ । ਫੁਰਤੀ ਤੇ ਫੁਰਤੀ ਕਰਦਾ ਸਾਹੋ ਸਾਹ ਹੋਇਆ ਹੁੰਦਾ ਤਾਂ ਅਚਾਨਕ ਨਿਗਾਹ ਪਿਛਾਂਹ ਜਾਂਦੀ, ਮਗਰ ਕੋਈ ਵੀ ਨਾਂ ਖੜਾ ਵੇਖ ਕੁਝ ਸੁਖ ਦਾ ਸਾਹ ਲੈਂਦਾ ।

ਕਾਫੀ ਬਰੇਕ ਦਾ ਘੁੱਗੂ ਵਜਦਾ ਤਾਂ ਕੋਲ ਹੀ ਪਾਸੇ ਤੇ ਪਈ ਲੰਚ ਕਿਟ 'ਚੋਂ ਖਾਣ ਵਾਲਾ ਸਮਾਨ ਕੱਢ ਝਟਾ ਪਟ ਹੱਥ ਮੂੰਹ ਦੀ ਲੜਾਈ ਆਰੰਭ ਦਿੰਦਾ ਪਚਾਕੇ ਮਾਰ ਮਾਰ, ਗਰਮ ਗਰਮ ਚਾਹ ਹੀ ਸੜਾਕ ਜਾਂਦਾ ਮਤਾਂ ਘੁੱਗੂ ਨਾਂ ਵਜ ਜਾਏ । ਹਾਲੇ ਕੁਝ ਮਿੰਟ ਰਹਿੰਦੇ ਹੀ ਹੁੰਦੇ ਕਿ ਮੈਂ ਤਿਆਰ ਵਰ ਤਿਆਰ ਹੋ ਖੜ ਜਾਂਦਾ ਜਿਵੇਂ ਮੈਦਾਨੇ ਜੰਗ 'ਚ ਸਿਪਾਹੀ ਲੜਾਈ ਲਈ ਮੋਰਚੇ ਵਿਚ ਬੈਠਾ ਸ਼ਿਸਤ ਲਾ ਰਿਹਾਂ ਹੋਵੇ । ਇਹ ਵਾਤਾਵਰਣ ਮੇਰੇ ਲਈ ਮੈਦਾਨੇ ਜੰਗ ਨਾਲੋਂ ਘੱਟ ਨਹੀਂ ਸੀ, ਧੜਾ ਧੜ ਡਿਗ ਰਹੇ ਫੱਟੇ ਮੈਨੂੰ ਹਿਟਲਰ ਦੀ ਧਾੜਵੀ ਫੌਜ ਵਾਂਗ ਲਗਦੇ ।

ਖਿਆਲਾਂ ਦੇ ਖਿਆਲ ਆਉਂਦੇ ਅਤੇ ਜਾਈ ਜਾਂਦੇ ਪਰ ਕੰਮ ਛੁੱਟ ਜਾਣ ਦੇ ਡਰ ਦਾ ਖਿਆਲ ਜਦ ਆਉਂਦਾਂ ਤਾਂ ਦੇਹ ਇਕ ਦਮ ਠੰਢੀ ਸੀਤ ਹੋ ਗਈ ਅਨੁਭਵ ਕਰਦਾ । ਪੂਰੇ ਚਾਰ ਜਦੋਂ ਛੁੱਟੀ ਦਾ ਘੁੱਗੂ ਵਜਦਾ ਤਾਂ ਲੰਚ ਕਿੱਟ ਚੁੱਕ ਕਾਰ ਵਲ ਨੂੰ ਇਉਂ ਸ਼ੂਟ ਵਟ ਦਿੰਦਾ ਜਿਵੇ ਸ਼ਹੇ ਮਗਰ ਸ਼ਿਕਾਰੀ ਕੁੱਤੇ ਪਏ ਹੁੰਦੇ ਆ । ਕਾਹਲੀ ਦਾ ਬਹੁਤਾ ਡਰ ਇਹ ਹੁੰਦਾ ਕਿ ਕਿਤੇ ਫੋਰਮੈਨ ਇਹ ਨਾਂ ਕਹਿ ਦਏ ਕਿ ਕੱਲ ਉਹਨਾਂ ਨੂੰ ਮੇਰੀ ਜ਼ਰੂਰਤ ਨਹੀਂ, ਦਿਹਾੜੀ ਲਗਦੀ ਤੇ ਸ਼ੁਕਰ ਕਰਦਾ, ਯੂਨੀਅਨ 'ਚ ਹੋਣ ਲਈ ਵੀ ਹਾਲੇ ਤਾਂ ਢੇਰ ਸਾਰੇ ਦਿਨ ਬਾਕੀ ਰਹਿੰਦੇ ਸਨ, ਆਉਣ ਵਾਲੀ ਦਿਹਾੜੀ ਲਈ ਆਸਵੰਦ ਹੋ ਘਰ ਪਹੁੰਚਦਾ ਪਰ ਮਨ 'ਚੋਂ ਖੌਫ ਫਿਰ ਵੀ ਨਾਂ ਜਾਂਦਾ ਕਿ ਕਿਤੇ ਰਾਤ ਨੂੰ ਘਰ ਹੀ ਨਾਂ ਫੋਨ ਕਰ ਦਏ ਕਿ ਕੱਲ ਨਾਂ ਆਣਾਂ । ਇਹ ਸੋਚ ਕਈ ਵਾਰੀ ਤਾਂ ਫੋਨ ਹੀ ਲਾਹ ਕੇ ਪਰੇ ਰੱਖ ਦੇਣ ਦੀ ਸੋਚ ਲੈਂਦਾ, ਖਿਆਲ ਤਾਂ ਵਧੀਆ ਔੜਦਾ ਪਰ ਵਿਚੋਂ ਹੀ ਖਿਆਲ ਹੋਰ ਉਗਦਾ ਕਿ ਕਿਤੇ ਬਾਹਰ ਦੂਰੋਂ ਜਰੂਰੀ ਫੋਨ ਹੀ ਨਾਂ ਆ ਜਾਵੇ । ਇਹਨਾਂ ਯੇ-ਯੱਕਾਂ 'ਚ ਕੋਈ ਦਰੁਸਤ ਫੈਸਲਾ ਕਰਨਾ ਸਿਰਫ

ਬਾਕੀ ਸਫਾ ੨੧ ਤੇ

# ਹਮਦਰਦ

## ਜਗਦੇਵ ਜਟਾਣਾਂ ਫੋਰਟ ਨੇਲਸਨ

ਸੁੰਦਰ ਸਿੰਘ ਆਪਣੇ ਪਲਾਨ ਵਿਚ ਕਾਮਯਾਬ ਰਿਹਾ। 'ਨਾਲੇ ਪੁੰਨ ਨਾਲੇ ਫਲੀਆਂ' ਦੀ ਕਹਾਵਤ ਅਨੁਸਾਰ ਉਸ ਆਪਣੀ ਸਾਲੀ ਦੇ ਪੁਤਰ 'ਰਾਜ' ਨੂੰ ਕਨੇਡਾ ਵੀ ਭੇਜ ਦਿੱਤਾ ਅਤੇ ਸਰਕਾਰੋਂ ਇਜ਼ਤ ਮਾਣ ਅਤੇ ਇਨਾਮ ਵੀ ਪਾਇਆ।

ਸੁੰਦਰ ਸਿੰਘ ਦੇ ਭਾਣਜੇ ਦੀ ਟੈਲੀਗਰਾਮ ਮਿਲਣ ਤੇ ਸਾਰੇ ਪ੍ਰਵਾਰ ਦੀਆਂ ਅੱਖਾਂ ਵਿਚ ਖੁਸ਼ੀ ਅਤੇ ਵਿਛੋੜੇ ਦੇ ਰਲਵੇਂ ਮਿਲਵੇਂ ਅੱਥਰੂ ਟੱਪਕ ਆਏ। ਬੁੱਢੇ ਮਾਂ ਬਾਪ ਨੇ ਡੂੰਘਾ ਸੁੱਖ ਦਾ ਸਾਹ ਇਸ ਤਰ੍ਹਾਂ ਲਿਆ ਜਿਵੇਂ ਸਦੀਆਂ ਤੋਂ ਉਹਨਾਂ ਲਈ ਸਾਹ ਲੈਣਾ ਵੀ ਇਕ ਸਰਾਪ ਹੋ ਗਿਆ ਹੋਵੇ। ਬੇਸ਼ੱਕ ਮਾਂ ਦੀਆਂ ਆਂਦਰਾਂ ਦਾ ਟੁਕੜਾ, ਭੈਣਾਂ ਦਾ ਇਕੋ ਇਕ ਹੋਣਹਾਰ ਵੀਰਾ ਅਤੇ ਬੁੱਢੇ ਬਾਪ ਦੀਆਂ ਆਸਾਂ ਦਾ ਬੂਟਾ ਰਾਜ ਅਜ ਵਤਨੋਂ ਦੂਰ, ਸਮੁੰਦਰੋਂ ਪਾਰ, ਪਰਾਈ ਧਰਤ ਦਾ ਵਾਸੀ ਹੋ ਗਿਆ ਸੀ। ਉਹਦੀ ਨੇੜ ਭਵਿੱਖ ਚ੍ਹੀ ਵਾਪਸੀ ਵੀ ਸੰਭਵ ਨਹੀਂ ਸੀ ਜਾਪਦੀ। ਫਿਰ ਵੀ ਸਾਰਾ ਪ੍ਰਵਾਰ ਸ: ਸੁੰਦਰ ਸਿੰਘ ਦੀ ਇਸ ਹਮਦਰਦੀ ਕਾਰਨ ਉਸਦੇ ਅਤੀਅੰਤ ਰਿਣੀ ਸਨ। ਜਿਸ ਨੇ ਉਸ ਘਰ ਦਾ ਚਿਰਾਗ ਸਮੇਂ ਤੋਂ ਪਹਿਲਾਂ ਹੀ ਬੁੱਝਣ ਤੋਂ ਬਚਾ ਹੀ ਨਹੀਂ ਲਿਆ ਬਲਕਿ ਸੁਰਖਿਅਤ ਵੀ ਕਰ ਦਿੱਤਾ।

ਰਾਜ ਦਾ ਮਾਸੜ ਸੁੰਦਰ ਸਿੰਘ ਇਕ ਹੰਢਿਆ ਹੋਇਆ ਠੇਕੇਦਾਰ ਸੀ। ਇਕ ਠੇਕੇਦਾਰ ਦੂਜਾ ਸਰਕਾਰ ਦਾ ਜੀ ਹਜ਼ੂਰੀਆ ਹੋਣ ਕਾਰਨ ਉਸ ਦਾ ਸਰਕਾਰੇ ਦਰਬਾਰੇ ਕਾਫ਼ੀ ਅਸਰ ਰਸੂਖ ਸੀ। ਉਹ ਸਮਝਦਾ ਸੀ ਕਿ ਰਾਜ ਦੇ ਪਾਸਪੋਰਟ ਲਈ ਉਸ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਸੀ ਆ ਸਕਦੀ, ਪਰ ਇੰਨਾਂ ਅਸਰ ਰਸੂਖ ਹੋਣ ਦੇ ਬਾਵਜੂਦ ਵੀ ਮਿੰਨਤਾਂ ਤਰਲੇ ਅਤੇ ਕਈ ਜਗ੍ਹਾ ਚਾਂਦੀ ਦੀ ਜੁੱਤੀ ਦੀ ਵਰਤੋਂ ਕਰਨ ਤੋਂ ਬਾਅਦ ਉਹ ਪਾਸਪੋਰਟ ਬਣਾਉਣ ਵਿਚ ਸਫਲ ਹੋ ਸਕਿਆ ਸੀ। ਇਸ ਦਾ ਕਾਰਨ ਸੀ ਰਾਜ ਦਾ ਉਸ ਸੰਸਥਾ ਦਾ ਮੈਂਬਰ ਹੋਣਾ ਜਿਸ ਦੇ ਸਿਰਲੱਥ ਸੂਰਬੀਰ ਮੈਂਬਰਾਂ ਨੇ ਆਪਣੇ ਘਰ ਬਾਰ, ਭੈਣ ਭਰਾ, ਰਿਸ਼ਤੇਦਾਰ ਇਸ ਲਈ ਤਿਆਗੇ ਹੋਏ ਸਨ ਕਿ ਇਸ ਲੋਟੂ ਨਿਜ਼ਾਮ ਨੂੰ ਬਦਲਿਆ ਜਾਵੇ। ਚਾਂਦੀ ਦੀ ਜੁੱਤੀ ਨਾਲ ਸਿੱਧੇ ਕੀਤੇ ਜਾਣ ਵਾਲੇ ਰੋੜੇ ਫੇਹ ਦਿਤੇ ਜਾਣ, ਲਹੂ ਪੀਣੀਆਂ ਜੋਕਾਂ ਤੋਂ ਵਤਨ ਨੂੰ ਅਜ਼ਾਦ ਕਰਵਾਇਆ ਜਾਵੇ। ਉਹ ਸਮਾਜ ਦਾ ਕੋੜ੍ਹ ਕੱਟਣਾ ਚਾਹੁੰਦੇ ਸਨ। ਸਮਾਜ ਵਿਚਲੇ ਗੰਦੇ ਅਨਸਰ ਦੀ ਸਫ਼ਾਈ ਕਰਕੇ ਵਤਨ ਨੂੰ ਸਚ ਮੁੱਚ ਸੋਨ ਚਿੜੀ ਬਣਾਉਣਾ ਚਾਹੁੰਦੇ ਸਨ ਤਾਂਕਿ ਅਣਗਿਣਤ ਪ੍ਰਵਾਰਾਂ ਨੂੰ ਕੁੱਲੀ, ਗੁੱਲੀ ਤੇ ਜੁੱਲੀ ਲਈ ਵਤਨੋਂ ਦੂਰ ਨਾਂ ਜਾਣਾ ਪਵੇ।

ਰਾਜ ਦਾ ਇਸ ਸੰਸਥਾ ਨਾਲ ਸੰਬੰਧ ਜ਼ਾਲਮ ਪੁਲੀਸ ਦੀਆਂ ਨਜ਼ਰਾਂ ਵਿਚ ਰੋੜ ਵਾਂਗ ਰੜਕਦਾ ਸੀ। ਕਈ ਵੇਰ ਪੁਲੀਸ ਉਹਦੀ ਭਾਲ ਵਿਚ ਆ ਢੁੱਕੀ ਸੀ। ਉਹਦੇ ਮਾਂ ਬਾਪ ਦੀ ਪਾਣ ਪੱਤ ਲਾਹ ਕੇ ਤੇ ਜ਼ਮਾਨੇ ਦਾ ਗੰਦ ਬਕ ਕੇ ਵੀ ਉਹਨਾਂ ਦਾ ਕਲੇਜਾ ਨਹੀਂ ਸੀ ਠਰਿਆ। ਪੁਲੀਸ ਨੇ ਸੱਥ ਵਿਚ ਬੁੱਢੇ ਮਾਂ ਬਾਪ ਨੂੰ ਬੇ-ਇਜ਼ਤ ਕਰਕੇ ਵੀ ਸੰਤੁਸ਼ਟੀ ਪ੍ਰਾਪਤ ਨਾਂ ਹੋਣ ਤੇ ਬੁੱਢੇ ਹੱਡਾਂ ਨੂੰ ਤੋੜਨ ਦਾ ਸੁਨਹਿਰੀ ਰੋਲ ਵੀ ਅਦਾ ਕੀਤਾ।

ਮਾਂ-ਬਾਪ ਅਤੇ ਰਿਸ਼ਤੇਦਾਰਾਂ ਨੇ ਰਾਜ ਨੂੰ ਰੋਕਣ ਲਈ ਬਥੇਰਾ ਜ਼ੋਰ ਲਾਇਆ, ਪਰ ਉਸਨੇ ਕਿਸੇ ਦਾ ਅਸਰ ਨਾ ਕਬੂਲਿਆ। ਉਸ ਰੋਜ਼ਾਨਾਂ ਹਜ਼ਾਰਾਂ ਮਾਂ-ਬਾਪ ਦੀ ਹੁੰਦੀ ਬੇਇਜ਼ਤੀ ਨੂੰ ਰੋਕਣ ਲਈ ਆਪਣੇ ਮਾਂ-ਪਿਓ ਦੇ ਤਰਲਿਆਂ ਨਾਲ ਵੀ ਨਾ ਰੁਕਿਆ। ਸਾਰੇ ਹਥਿਆਰ ਖੁੰਡੇ ਹੋ ਜਾਣ ਤੇ ਉਹਦੇ ਵਿਆਹ ਦੇ ਮਨਸੂਬੇ ਤਿਆਰ ਹੋਣ ਲੱਗੇ। ਪਰ ਉਹ ਪੁਲੀਸ ਦੇ ਪਵਿੱਤਰ ਕਰਤਵ ਤੋਂ ਜਾਣੂੰ ਸੀ ਕਿ ਕਦ ਦੂਸਰੇ ਸਾਥੀਆਂ ਵਾਂਗ ਉਸ ਨੂੰ ਨਿਹੱਥੇ ਨੂ ਫੜ ਕੇ ਪੁਲੀਸ ਮੁਕਾਬਲਾ ਬਣਾ ਸ਼ਹੀਦ ਕਰ ਦਿੱਤਾ ਜਾਵੇ, ਸੋ ਉਹ ਇਕ ਹੋਰ ਮਸੂਮ ਜਿੰਦ ਬਰਬਾਦ ਕਰਨ ਤੋਂ ਇਨਕਾਰੀ ਹੋ ਗਿਆ। ਵਿਆਹ ਲਈ ਵੀ ਲੱਤ ਲਾਉਣ ਲਈ ਤਿਆਰ ਨਾਂ ਹੋਇਆ ਅਤੇ ਇਹ ਮਨਸੂਬਾ ਵੀ ਵੀ ਧਰਿਆ ਧਰਾਇਆ ਹੀ ਰਹਿ ਗਿਆ।

ਸਿਰਲੱਥਾਂ ਦੀ ਇਹ ਸੰਸਥਾ ਬੇਅੰਤ ਸ਼ਹਾਦਤਾਂ ਦੇਣ ਬਾਅਦ ਵੀ ਅਡੋਲ ਆਪਣੇ ਨਿਸ਼ਾਨੇ ਵਲ ਵਧਦੀ ਜਾ ਰਹੀ ਸੀ। ਪੁਲੀਸ ਦੇ ਅਣਮਨੁੱਖੀ ਵਰਤਾਓ ਅਤੇ ਤਸ਼ੱਦਦ ਦਾ ਵੀ ਇਹਨਾਂ ਜੋਧਿਆਂ ਤੇ ਕੋਈ ਅਸਰ ਨਹੀਂ ਸੀ। ਪਰ ਇਹ ਅਣਖੀਲੇ ਗਭਰੂ ਆਪਣੇ ਹੀ ਹਮਦਰਦਾਂ ਅਤੇ ਪੁਲੀਸ ਦੇ ਝੋਲੀ ਚੁੱਕਾਂ, ਆਪਣੇ ਹੀ ਗਦਾਰ ਸਾਥੀਆਂ ਹੱਥੋਂ ਡਾਢੇ ਤੰਗ ਆਏ ਹੋਏ ਸਨ। ਕੁਝ ਸਾਥੀ ਪੁਲੀਸ ਦੀ ਭੇਟਾ ਹੋ ਗਏ ਅਤੇ ਕੁਝ ਆਪਣੀ ਪਾਰਟੀ ਨਾਲ ਗ਼ੱਦਾਰੀ ਕਰ ਸਾਥੀਆਂ ਦੀ ਮੌਤ ਦੇ ਵਰੰਟ ਤੇ ਦਸਖਤ ਕਰ ਆਪਣੀ ਜਾਨ ਬਚਾ ਵਿਦੇਸ਼ਾਂ ਨੂੰ ਚਲੇ ਗਏ ਜਿਸ ਕਾਰਨ ਕੁਝ ਸਮੇਂ ਲਈ ਇਹ ਲਹਿਰ ਮੱਠੀ ਜ਼ਰੂਰ ਪੈ ਗਈ। ਇਸ ਦਾ ਫਾਇਦਾ ਘਾਗ ਠੇਕੇਦਾਰ ਸੁੰਦਰ ਸਿੰਘ ਨੇ ਉਠਾਇਆ। ਉਹ ਰਾਜ ਨੂੰ ਆਪਣੇ ਨਵੇਂ ਬੁਣੇ ਜਾਲ ਵਿਚ ਫਸਾਉਣ ਵਿਚ ਪੂਰਨ ਤੌਰ ਤੇ ਕਾਮਯਾਬ ਰਿਹਾ। ਉਹ ਅਕਸਰ ਰਾਜ ਨਾਲ ਪਾਰਟੀ ਮਾਮਲਿਆ ਤੇ ਵਿਚਾਰ ਵਟਾਂਦਰਾ ਕਰਨ ਲਗ ਪਿਆ। ਉਸ ਪਾਰਟੀ ਪ੍ਰਤੀ ਹਮਦਰਦੀ ਅਤੇ ਸਹਿਮਤੀ ਪ੍ਰਗਟ ਕੀਤੀ। ਉਸ ਨੇ ਵਿਚਾਰ ਦਿਤਾ ਕਿ ਜੋਸ਼ ਨਾਲ ਅਕਲ ਦੀ ਬੜੀ ਲੋੜ ਹੈ। ਸੋ ਮੇਰੇ ਖਿਆਲ ਅਨੁਸਾਰ ਪਾਰਟੀ ਦੀ ਇਕ ਮੀਟਿੰਗ ਬੁਲਾਈ ਜਾਵੇ। ਅਤੇ ਪਾਰਟੀ ਨੂੰ ਨਵੇਂ ਸਿਰਿਉਂ ਜਥੇਬੰਦ ਕੀਤਾ ਜਾਵੇ।

ਰਾਜ ਜੋ ਸਾਥੀਆਂ ਨੂੰ ਮਾਸੜ ਦੀ ਹਮਦਰਦੀ ਦੀ ਖੁਸ਼ਖਬਰੀ ਦੇਣ ਲਈ ਪਹਿਲਾਂ ਹੀ ਬੜਾ ਕਾਹਲਾ ਸੀ ਕਿ ਉਸ ਨੇ ਮਾਸੜ ਨੂੰ ਪਾਰਟੀ ਦਾ ਹਮਦਰਦ ਬਣਾ ਕੇ ਕਿੱਡਾ ਮਾਹਰਕੇ ਦਾ ਕੰਮ ਕੀਤਾ ਹੈ! ਕਾਫ਼ੀ ਭੱਜ ਨੱਠ ਬਾਅਦ ਮੈਂਬਰਾਂ ਦੀ ਮੀਟਿੰਗ ਠੇਕੇਦਾਰ ਦੇ ਘਰ ਬੁਲਾਉਣ ਵਿਚ ਕਾਮਯਾਬ ਹੋ ਗਿਆ। ਉਸ ਇਸ ਘਰ ਨੂੰ ਸੁਰਖਿਅਤ ਜਗ੍ਹਾ ਸਮਝਦਾ ਸੀ। ਕਿਉਂਕਿ ਇਹ ਕੋਈ ਓਪਰਾ ਨਹੀਂ ਬਲਕਿ ਪਾਰਟੀ ਹਮਦਰਦ ਦਾ ਘਰ ਸੀ।

ਠੇਕੇਦਾਰ ਦੀ ਜ਼ਿੰਦਗੀ ਬੜੀ ਰੁਝੇਵਿਆਂ ਭਰੀ ਸੀ। ਕੰਮ ਬੇਸ਼ਕ ਅਜ ਕਲ੍ਹ ਕੋਈ ਚਲਦਾ ਨਹੀਂ ਸੀ ਪਰ ਫੇਰ ਵੀ ਅਜ ਉਹਨੂੰ ਕੋਈ ਖਾਸ ਹੀ ਕੰਮ ਬਾਹਰ ਜਾਣਾ ਪੈ ਗਿਆ ਸੀ। ਸੋ ਮੀਟਿੰਗ ਤੋਂ ਤੁਰੰਤ ਬਾਅਦ, ਜਲਦ ਵਾਪਸ ਆ ਜਾਣ ਲਈ ਅਤੇ ਰੋਟੀ ਪਾਣੀ ਦੀ ਜ਼ੁੰਮੇਵਾਰੀ ਰਾਜ ਨੂੰ ਸੌਂਪ ਉਹ ਕਾਹਲੇ ਕਦਮੀਂ ਘਰੋਂ ਬਾਹਰ ਹੋ ਗਿਆ।

ਬਾਕੀ ਸਫ਼ਾ ੩੧ ਤੇ

# ਕੈਨੇਡਾ ਫੇਰੀ

ਤੇਜ ਸਿੰਘ 'ਕੁਲੈਲ'

ਖੁਲ੍ਹ ਗਿਆ ! ਖੁਲ੍ਹ ਗਿਆ !! ਬਈ ਕੈਨੇਡਾ ਖੁਲ੍ਹ ਗਿਆਂ।

ਤਕਰੀਬਨ ਹਰ ਰੋਜ਼ ਹੀ ਕੰਮ ਧੰਧੇ ਸ਼ਹਿਰ ਜਾਂਦਾ, ਉਪਰਲਾ ਲਿਖਿਆ ਹੋਇਆ ਬੋਰਡ ਚੌਂਕ ਦੇ ਵਿੱਚ ਹੋਣ ਕਰਕੇ ਮੇਰੇ ਜ਼ਰੂਰ ਅੱਖੀਂ ਲੱਗਦਾ। ਮੈਂ ਕਈ ਵਾਰ ਸੋਚਿਆ ਕਿ ਇਹ ਬੋਰਡ ਲਾਉਣ ਵਾਲਿਆਂ ਨੂੰ ਜ਼ਰੂਰ ਮਿਲਿਆ ਜਾਵੇ, ਪਰ ਫਿਰ ਇਵੇਂ ਹੀ ਸੋਚ ਕੇ ਟਾਲ ਵੀ ਛੱਡ ਜਾਂਦਾ, ਕਿ ਅਸਾਂ ਨੂੰ ਖਾਣ, ਇਨ੍ਹਾਂ ਨੇ ਤਾਂ ਖਾਣ ਦਾ ਕੋਈ ਨਾ ਕੋਈ ਰਸਤਾ ਲੱਭੀ ਹੀ ਰੱਖਣਾ ਹੈ। ਕਿਉਂ ਐਵੇਂ ਖਾਹ ਮਖਾਹ ਹੀ ਟਾਈਮ ਜ਼ਾਇਆ ਕੀਤਾ ਜਾਵੇ। ਸਿਰਫ ਦੋ ਮਹੀਨੇ ਲਈ ਤਾਂ ਮਿਲਣ ਆਏ ਹਾਂ, ਗਿਣਤੀ ਦੇ ਦਿਨ ਤਾਂ ਐਵੇਂ ਹੀ ਲੰਘ ਜਾਂਦੇ ਹਨ। ਹੋਰ ਜ਼ਰੂਰੀ ਕੰਮ ਹੀ ਬਥੇਰੇ ਪਏ ਹਨ, ਕਿਹੜਾ ਬਿਨਾਂ ਮਤਲਬ ਤੋਂ ਇਨ੍ਹਾਂ ਕੋਲ ਜਾ ਕੇ ਫਜ਼ੂਲ ਬਹਿਸ ਕਰੇ।

ਇਕ ਦਿਨ ਦੁਪਹਿਰੋਂ ਬਾਦ ਡਾਕਟਰ ਪ੍ਰਸ਼ੋਤਮ ਦੀ ਦੁਕਾਨ ਤੇ ਬੈਠਾ ਮੈਂ ਸਿਆਲ ਦੀ ਨਿੱਘੀ ਨਿੱਘੀ ਧੁੱਪ ਮਾਣ ਰਿਹਾ ਸੀ। ਅਸੀਂ ਦੋਵੇਂ ਨਿੱਕੀਆਂ ਨਿੱਕੀਆਂ ਗੱਲਾਂ ਵੀ ਕਰ ਰਹੇ ਸੀ, ਉਹ ਮੇਰੇ ਕੋਲੋਂ ਕੈਨੇਡਾ ਦੀ ਰੁਝੇਂਵੇ ਭਰੀ ਜ਼ਿੰਦਗੀ ਬਾਰੇ ਕਈ ਤਰ੍ਹਾਂ ਦੇ ਸੁਆਲ ਪੁੱਛ ਰਿਹਾ ਸੀ ਮੈਂ ਉਸ ਦੇ ਸਾਰੇ ਸੁਆਲਾਂ ਦੇ ਇਕੋ ਹੀ ਗੋਲ ਮੋਲ ਜਿਹਾ ਜਵਾਬ ਬਣਾ ਕੇ ਉਸ ਦੀ ਸੰਤੁਸ਼ਟੀ ਕਰਵਾ ਦਿੱਤੀ ਕਿ ਕੈਨੇਡਾ ਵਿੱਚ ਐਸੇ ਐਸ਼ ਤਰ੍ਹਾਂ ਵਾਂ ਦੀ ਨਹੀਂ ਘਟਦੀ, ਪੁੱਤਾਂ ਧੀਆਂ ਦੀ ਤਾਂ ਪਿਉ ਨਾਲ ਦਾਲ ਨਹੀਂ ਗਲਦੀ। ਕਿਉਂਕਿ ਮੁੰਡੇ ਕੁੜੀਆਂ ਕੈਨੇਡੀਅਨ ਵਾਤਾਵਰਨ ਵਿੱਚ ਪਲੇ ਹੋਣ ਕਰਕੇ ਆਜ਼ਾਦੀ ਚਾਹੁੰਦੇ ਹਨ ਪਰ ਹਿੰਦੋਸਤਾਨੀ ਮਾਪੇ ਉਹਨਾਂ ਨੂੰ ਦੇਸੀ ਦਬਾਅ ਥੱਲੇ ਰੱਖਣਾ ਚਾਹੁੰਦੇ ਹਨ। ਅਖੀਰੀ ਗੱਲ ਕੀ ਮੁੰਡਾ ਕਿਤੇ ਅਤੇ ਕੁੜੀ ਕਿੱਤੇ ਹੋਰ ਰਸਤੇ ਚਲੀ ਜਾਂਦੀ ਹੈ।

ਅਸੀਂ ਗੱਲਾਂ ਹੀ ਕਰੀ ਜਾਂਦੇ ਸੀ ਕਿ ਤਿੰਨ ਜਣੇ ਮੋਟਰ ਸਾਈਕਲ ਤੇ ਸਾਡੇ ਬਰਾਬਰ ਆ ਕੇ ਰੁੱਕ ਗਏ। ਭਾਈ ਜੀ! ਅਸੀਂ ਕੈਨੇਡੇ ਵਾਲਿਆਂ ਦੇ ਘਰ ਜਾਣਾ ਹੈ,। ਮੋਟਰ ਸਾਈਕਲ ਚਲਾਉਣ ਵਾਲੇ ਨੇ ਸੁਆਲ ਕੀਤਾ। ਜਿਨ੍ਹਾਂ ਦੇ ਮੁੰਡੇ ਨੂੰ 4. 5 ਦਿਨ ਹੀ ਹੋਏ ਹਨ ਕੈਨੇਡਾ ਤੋਂ ਆਏ ਨੂੰ, ਸਾਹਮਣੇ ਆਦਮੀ ਨੇ ਇੰਨ੍ਹਾ ਕਹਿ ਕੇ ਥੱਲੇ ਲੱਤ ਲਾਹੀ। ਮੈਂ ਵੀ ਸਮਝ ਗਿਆ ਕਿ ਮੈਨੂੰ ਹੀ ਮਿਲਣ ਆਏ ਹਨ। ਅਸੀਂ ਉਨ੍ਹਾਂ ਨਾਲ ਹੱਥ ਮਿਲਾਏ ਅਤੇ ਘਰ ਨੂੰ ਚਲ ਪਏ। ਰਸਤੇ ਵਿੱਚ ਉਨ੍ਹਾਂ ਨੇ ਦੱਸਿਆ ਕਿ ਅਸੀਂ ਬਾਘੇ ਪੁਰਾਣੇ ਤੋਂ ਆਏ ਹਾਂ ਅਤੇ ਤੇਰੇ ਨਾਲ ਸਲਾਹ ਜਿਹੀ ਕਰਨ ਆਏ ਹਾਂ। ਘਰੇ ਪਹੁੰਚ ਕੇ ਮੈਂ ਆਥਣ ਦੇ ਚਾਰ ਵੱਜਣ ਕਰਕੇ ਚਾਹ ਪਾਣੀ ਦਾ ਘੱਟ ਖਿਆਲ ਕੀਤਾ, ਜਾਣੀ-ਦਾਰੂ ਦੀ ਪੌਣੀ ਕੁ ਬਚੀ ਹੋਈ ਬੋਤਲ ਮੇਜ਼ ਤੇ ਲਿਆ ਰੱਖੀ। ਉਹ ਤਿੰਨੇ ਜਣੇ ਬੋਤਲ ਦੇਖ ਕੇ ਬਹੁਤ ਖੁਸ਼ ਜਾਪ ਰਹੇ ਸਨ। ਇਕ ਇਕ ਪੈੱਗ ਪਾ ਕੇ ਮੈਂ ਉਹਨਾਂ ਤੋਂ ਆਉਣ ਦਾ ਕਾਰਨ ਪੁੱਛਿਆ। ਮੇਰੀ ਗੱਲ ਵਿਚਾਲਿਓਂ ਹੀ ਕੱਟ ਕੇ ਉਨ੍ਹਾਂ ਵਿੱਚੋਂ ਇਕ ਜਣੇ ਨੇ ਜਾਣ-ਪਛਾਣ ਕਰਾਉਣੀ ਸ਼ੁਰੂ ਕੀਤੀ ਕਿ ਇਹ ਜੋ ਤੁਹਾਡੇ ਸਾਹਮਣੇ ਬੈਠਾ ਹੈ ਇਹ ਸ਼ਹਿਰ ਦੇ ਬਹੁਤ ਮਸ਼ਹੂਰ ਕਬਾੜੀਏ ਹਨ ਅਤੇ ਇਹਨਾਂ ਦਾ ਨਾਂ ਦੇਸ ਰਾਜ ਹੈ। ਉਸ ਤੋਂ ਨਾਲ ਦੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਇਹ ਜ਼ਿਮੀਂਦਾਰਾਂ ਦਾ ਮੁੰਡਾ ਹੈ ਇਸਨੂੰ 6 ਕਿੱਲੇ ਆਉਂਦੇ ਹਨ। ਇਸ ਦਾ ਨਾਂ ਮੱਖਣ ਸਿੰਘ ਹੈ। ਆਪਣੇ ਬਾਰੇ ਉਸਨੇ ਦੱਸਿਆ ਕਿ ਮੇਰਾ ਨਾਂ ਮੋਹਰ ਚੰਦ ਹੈ ਅਤੇ ਠਾਣੇ ਦੇ ਸਾਹਮਣੇ ਸਾਡੀ ਮੱਠਿਆਈ ਦੀ ਕਾਫੀ ਵੱਡੀ ਦੁਕਾਨ ਹੈ। ਇਹ ਸੱਭ ਕੁਝ ਦੱਸ ਕੇ ਉਸਨੇ ਅਸਲੀ ਗੱਲ ਵੱਲ ਧਿਆਨ ਮੋੜਿਆ।

ਭਾਈ ਜੀ ! ਅਸੀਂ ਸੁਣਿਆ ਹੈ ਕਿ ਕੈਨੇਡਾ ਵਿੱਚ ਵੋਟਾਂ ਪੈਣੀਆਂ ਹਨ ਸਾਨੂੰ ਟਰੈਵਲ ਏਜੰਟ ਨੇ ਦੱਸਿਆ ਹੈ। ਕਿ ਜੇ ਤੁਸੀਂ ਵੋਟਾਂ ਤੋਂ ਪਹਿਲਾਂ ਪਹਿਲਾਂ ਕੈਨੇਡਾ ਵਿੱਚ ਦਾਖਲ ਹੋ ਗਏ ਤਾਂ ਤੁਸੀਂ ਪੱਕੇ ਹੋ ਜਾਵੋਂਗੇ। ਮੈਨੂੰ ਸੁਣਦ ਸਾਰ ਪਹਿਲਾਂ ਤਾਂ ਗੁੱਸਾ ਆਇਆ ਕਿ ਜ਼ਰੂਰ ਉਸ ਏਜੰਟ ਨੂੰ ਮਿਲਿਆ ਜਾਵੇ ਜਿਹੜਾ ਕਿ ਤੁਹਾਡੇ ਘਰ ਪੱਟਣ ਲੱਗਿਆ ਹੈ। ਪਰ ਸਾਰਾ ਗੁੱਸਾ ਮੈਂ ਅੰਦਰੇ ਹੀ ਪੀ ਕੇ, ਹੌਲੀ ਹੌਲੀ ਬੜੀ ਨਰਮੀ ਨਾਲ ਉਹਨਾਂ ਦੀ ਗੱਲ ਦਾ ਜਵਾਬ ਦਿੱਤਾ ਕਿ ਵੀਰਿਓ! ਕੈਨੇਡਾ ਦੀਆਂ ਵੋਟਾਂ ਪੈਣ ਨਾਲ ਤੁਹਾਡੇ ਪੱਕੇ ਹੋਣ ਦਾ ਕੋਈ ਸਬੰਧ ਨਹੀਂ। ਕਿਉਂਕਿ ਤੁਸੀਂ ਉਥੇ ਜਾ ਕੇ ਵੋਟ ਨਹੀਂ ਪਾ ਸਕਦੇ, ਫਰਜ਼ ਕੀਤਾ ਜੇ ਵੋਟ ਪਾ ਸਕਦੇ ਹੋਵੋਂ ਫਿਰ ਤਾਂ ਕੁਝ ਮੰਨ ਹੀ ਲਈਏ ਕਿ ਮੌਕੇ ਦੀ ਪਾਰਟੀ ਬਾਹਰਲੇ ਆਦਮੀ ਸੱਦ ਕੇ ਵੋਟਾਂ ਦੇ ਲਾਲਚ ਵਿੱਚ ਪੱਕੇ ਕਰ ਸਕਦੀ ਹੈ। ਸੈਂਟਰ ਗੌਰਮਿੰਟ ਦੀਆਂ ਵੋਟਾਂ ਤਾਂ ਉਥੋਂ ਦੇ ਸਿਟੀਜ਼ਨ ਹੀ ਪਾ ਸਕਦੇ ਹਨ। ਮੇਰੀ ਇਹ ਦਲੀਲ ਸੁਣ ਕੇ ਤਿੰਨੇ ਹੀ ਕੁੱਝ ਢਿੱਲੇ ਜਿਹੇ ਹੋ ਗਏ।

ਪਰ ਅਸੀਂ ਜਾਣਾ ਤਾਂ ਜ਼ਰੂਰ ਹੈ ਕੋਈ ਹੋਰ ਦੱਸ, ਉਹਨਾਂ ਵਿਚੋਂ ਇੱਕ ਜਣੇ ਨੇ ਫਿਰ ਸੁਆਲ ਕੀਤਾ। ਮੈਂ ਇਵੇਂ ਹੀ ਸਲਾਹ ਦਿੱਤੀ ਕਿ ਕੈਨੇਡਾ ਨੂੰ ਜਾਣ ਦਾ ਇਕੋ ਹੀ ਰਸਤਾ ਹੈ ਕਿ ਉਥੋਂ ਦੀ ਕੁੜੀ ਨਾਲ ਵਿਆਹ ਦਾ ਚੱਕਰ ਚੱਲੇ। ਜੇ ਇਹੋ ਜਿਹਾ ਕੋਈ ਵਸੀਲਾ ਨਹੀਂ ਬਣਦਾ ਤਾਂ ਫਜ਼ੂਲ ਪੈਸੇ ਖਰਚਣ ਦਾ ਕੋਈ ਫਾਇਦਾ ਨਹੀਂ। ਇੰਨੇ ਪੈਸੇ ਤਾਂ ਤੁਸੀਂ ਇਥੇ ਕਿਸੇ ਕੰਮ ਵਿੱਚ ਲਾ ਦਿਉ ਤੁਹਾਨੂੰ ਫਾਇਦਾ ਰਹੇਗਾ। ਕਿਉਂ ਐਵੇਂ ਕੈਨੇਡਾ ਦੇ ਚਾਅ ਵਿੱਚ ਪੈਸੇ ਖਰਾਬ ਕਰਦੇ ਹੋ, ਅੱਗੇ ਤੁਹਾਡੀ ਮਰਜ਼ੀ ਹੈ। ਬਈ ਵੇਖਾਂ ਤਾਂ ਕੈਨੇਡਾ ਦਾ ਸੁਆਦ ਵੇਖਾਂਗੇ ਹੀ ਜਿਵੇਂ

ਅਰਜ਼ੀ ਤੇ ਸਾਏ, ਉਹਨਾਂ ਵਿੱਚੋਂ ਇਕ ਨੇ ਗਲਾਸ ਮੇਜ਼ ਤੇ ਰੱਖਦੇ ਹੋਏ ਨੇ ਗੱਲ ਕੀਤੀ। ਉਹਨਾਂ ਨੂੰ ਤੁਰਨ ਮੌਕੇ ਵੀ ਮੈਂ ਇਵੇਂ ਹੀ ਕਿਹਾ ਕਿ ਐਂਵੇਂ ਏਜੰਟਾਂ ਮਗਰ ਲੱਗ ਕੇ ਪੈਸੇ ਖਰਾਬ ਨਾ ਕਰਿਓ ਅਤੇ ਅਸੀਂ ਹੱਥ ਮਿਲਾ ਕੇ ਫਿਰ ਕਦੀ ਮਿਲਨ ਦਾ ਵਾਇਦਾ ਕੀਤਾ।

ਤਕਰੀਬਨ ਪੰਦਰਾਂ ਦਿਨਾਂ ਦੇ ਬਾਦ ਮੈਨੂੰ ਉਸੇ ਮਠਿਆਈ ਦੀ ਦੁਕਾਨ ਤੇ, ਉਹੋ ਹੀ ਆਦਮੀ ਦੁਕਾਨ ਦਾ ਮਾਲਕ ਕਲੀਨ ਸ਼ੇਵ ਕੀਤੀ ਹੋਈ ਕਰਕੇ ਓਪਰਾ ਓਪਰਾ ਜਿਹਾ ਮਹਿਸੂਸ ਹੋਇਆ, ਮੈਨੂੰ ਸਿਆਣਨ ਵਿੱਚ ਕੋਈ ਦੇਰੀ ਨਾ ਲੱਗੀ ਕਿ ਇਹ ਤਾਂ ਉਹੀ ਮੇਹਰ ਚੰਦ ਹੈ ਉਸ ਦਿਨ ਉਸ ਦੇ ਭਰਵੀਂ ਅਤੇ ਕੱਟਵੀਂ ਦਾਹੜੀ ਰੱਖੀ ਹੋਈ ਸੀ। ਮੈਨੂੰ ਉਸਤੋਂ ਪੁੱਛਣ ਤੇ ਪਤਾ ਲੱਗਿਆ ਕਿ ਕੈਨੇਡਾ ਜਾਣ ਦੇ ਚਾਅ ਵਿੱਚ ਸ਼ੇਵ ਕਰਵਾਈ ਸੀ। ਮੇਰੇ ਗਲ ਲੱਗ ਕੇ ਧਾਹਾਂ ਮਾਰ ਕੇ ਰੋਇਆ ਕਿ ਭਾਈ ਜੀ! ਅਸੀਂ ਤੇਰੀ ਇਕ ਨਾ ਮੰਨੀ। ਜਿਸ ਦਿਨ ਅਸੀਂ ਤੇਰੇ ਕੋਲ ਆਏ ਸੀ ਮੈਂ ਤਾਂ ਜਾਣ ਦੇ ਹੱਕ ਵਿੱਚ ਨਹੀਂ ਸੀ ਪਰ ਦੂਸਰੇ ਦੋਨੋਂ ਕਹਿੰਦੇ ਸੀ ਕਿ ਜ਼ਰੂਰ ਜਾਣਾ ਹੈ। ਅਖੀਰ ਰੱਬ ਦਾ ਨਾਂ ਲੈ ਕੇ ਅਸੀਂ ਦਿੱਲੀਓਂ ਜਹਾਜ਼ ਚੜ੍ਹ ਗਏ। ਅਸੀਂ ਸਰਦੇ ਬਣਦੇ, ਰੱਬ ਨੂੰ ਯਾਦ ਕਰਦੇ ਹੋਏ ਵਿਨੀਪੈੱਗ ਏਅਰ ਪੋਰਟ ਤੇ ਜਾ ਉੱਤਰੇ। ਪਰ ਸਾਡੀ ਮਾੜੀ ਕਿਸਮਤ ਕਿ ਸਾਨੂੰ ਏਅਰ ਪੋਰਟ ਤੋਂ ਬਾਹਰ ਸ਼ਹਿਰ ਵਿੱਚ ਵੀ ਨਹੀਂ ਜਾਣ ਦਿੱਤਾ। ਸਾਨੂੰ ਕਈ ਘੰਟੇ ਏਅਰਪੋਰਟ ਤੇ ਹੀ ਰੱਖ ਕੇ ਉਸੇ ਤਰ੍ਹਾਂ ਹੀ ਵਾਪਸ ਮੋੜ ਦਿੱਤਾ। ਪੈਸੇ ਤਾਂ ਅਸੀਂ ਤਿੰਨਾਂ ਨੇ ਟਰੈਵਲ ਏਜੰਟ ਦੇ ਹੱਥਾਂ ਵਿੱਚੋਂ ਰੱਖ ਲੈਣੇ ਸਨ। ਜਾਂ ਤਾਂ ਸਾਰਾ ਪੈਸੇ ਦੇਊ ਨਹੀਂ ਤਾਂ ਆਪਣਾ ਬੋਰਡ ਜਿਸ ਉੱਪਰ ਲਿਖਿਆ ਹੈ ਖੁਸ ਗਿਆ! ਖੁਸ ਗਿਆ!! ਬਈ ਕੈਨੇਡਾ ਖੁਸ ਗਿਆ, ਆਪੇ ਧੱਕੇ ਖਾਹ ਕੇ ਮੁੜੂਗਾ। ਉਹ ਬੋਰਡ ਲਾਹੇ ਜਾਂ ਨਾ ਲਾਹੇ ਪਰ ਤੁਹਾਡੇ ਦਿਲ ਤੋਂ ਕੈਨੇਡਾ ਦਾ ਬੋਰਡ ਲਹਿ ਗਿਆ ਹੈ, ਇੰਨੀ ਗੱਲ ਕਹਿ ਕੇ, ਉੱਪਰੋਂ ਹਨੇਰਾ ਹੁੰਦਾ ਵੇਖ ਕੇ ਮੈਂ ਸਕੂਟਰ ਨੂੰ ਸਮਾਧ ਦੀ ਸੜਕ ਪਾ ਲਿਆ ਅਤੇ ਪਿੰਡ ਪਹੁੰਚਣ ਤੀਕ ਉਹਨਾਂ ਦੀ ਕੈਨੇਡਾ ਫੇਰੀ ਬਾਰੇ ਹੀ ਸੋਚਦਾ ਰਿਹਾ......

—ਸਫ਼ਾ 26 ਦੀ ਬਾਕੀ

ਅਸੰਭਵ ਹੀ ਨਹੀਂ ਬਲਕਿ ਔਖਾ ਵੀ ਲਗਦਾ।

...

ਸਮਾਂ ਲੰਘਦਾ ਗਿਆ ਸਾਲ ਬੀਤਦੇ ਗਏ, ਇਸੇ ਸਾ ਮਿੱਲ 'ਚ ਕੰਮ ਕਰਦਿਆਂ ਮੈਨੂੰ ਇਹ ਚੌਥਾ ਸਾਲ ਸੀ, ਕੰਮ ਛੁੱਟ ਜਾਣ ਦਾ ਡਰ ਓਡੋ ਕੋੜ ਹੀ ਸਿਰ ਸਵਾਰ ਰਹਿੰਦਾ। ਪਿਛਲੇ ਹੀ ਹਫਤੇ ਬੰਦ ਹੋਈ ਇਕ ਸ਼ਿਫਟ ਕਾਰਨ ਲੇ-ਆਫ ਹੋਣੋਂ ਕਿਵੇਂ ਕਿਵੇਂ ਹੀ ਬਚ ਸਕਿਆ ਸਾਂ। ਅਫਵਾਹਾਂ ਉਡ ਰਹੀਆਂ ਸਨ ਕਿ ਇਹ ਚਲਦੀ ਸ਼ਿਫਟ ਵੀ ਕੁਝ ਦੇਰ ਲਈ ਬੰਦ ਹੋ ਜਾਣ ਦੀ ਸੰਭਾਵਨਾਂ ਏ। ਇਹ ਵੀ ਸ਼ਿਫਟ ਬੰਦ ਹੋ ਜਾਣ ਦੀ ਸੰਭਾਵਨਾਂ ਦਾ ਖਿਆਲ ਆ ਇਕ ਵਾਰੀ ਤਾਂ ਲੂੰਈਂ ਕੰਡਿਆ ਜਾਂਦੀ, ਮਾਰੂ ਸੋਚਾਂ ਸਿਰ ਸਵਾਰ ਹੋ ਜਾਂਦੀਆਂ। ਆਏ ਮਹੀਨੇ ਕਦੇ ਏਧਰਲਾ ਅਤੇ ਕਦੇ ਓਧਰਲਾ ਖਰਚ ਵਧਦੇ ਹੀ ਜਾਂਦੇ ਤੇ ਆਮਦਨ ਦਾ ਵਸੀਲਾ ਸੀਮਤ ਹੀ ਰਹਿੰਦਾ. ਪਰ ਕਈ ਵਾਰੀ ਤਾਂ ਬਹੁਤ ਘੱਟ ਵੀ ਜਾਂਦਾ, ਅਜਿਹੀਆਂ ਸੋਚਾਂ ਮਨ ਤੇ ਬੋਝਲ ਹੋਈ ਜਾਂਦੀਆਂ।

ਪਤਾ ਨਹੀਂ ਇਹਨਾਂ ਖਿਆਲਾਂ 'ਚ ਹੀ ਹੋਰ ਕਿਤਨੀ ਦੇਰ ਘੁੱਪ ਗੁਸਤ ਰਹਿੰਦਾ ਜੇ ਛੁੱਟੀ ਹੋ ਜਾਣ ਦਾ ਘੁੱਗੂ ਨਾਂ ਵਜਦਾ। ਐਪਰਨ ਦੀ ਮਰੋੜੀ ਖੋਹਲੀ ਤੇ ਲਾਹ ਕੇ ਪਰਾਂ ਵਗਾਹ ਮਾਰਿਆ, ਲੰਚ ਕਿੱਟ ਕੱਛੇ ਮਾਰੀ ਤੇ ਪਾਟੇ ਹੋਏ ਐਪਰਨ ਵਿਚ ਦੀ ਪੈਂਟ ਨੂੰ ਲੱਗਾ ਹੋਇਆ ਬੂਰਾ ਝਾੜਦਾ ਪਾਰਕਿੰਗ ਲਾਟ ਵਲ ਨੂੰ ਵਾਹੋਦਾਹੀ ਤੁਰ ਪਿਆ। c o o

ਮਿੰਨੀ ਰਚਨਾਵਾਂ ਦੀ ਪਹਿਲੀ ਪੱਤਰਕਾ

ਅਣੂ

ਇਕ ਅੰਕ : 50 ਪੈਸੇ   ਬਾਰ੍ਹਾਂ ਅੰਕ : 5 ਰੁਪੈ

ਸੰਪਾਦਕ :

ਸੁਰਿੰਦਰ ਕੈਲੇ   ਰਵਿੰਦਰ ਰਤਨ

ਸੰਪਰਕ :

9-ਡੀ, ਸਰਾਭਾ ਨਗਰ, ਲੁਧਿਆਣਾ - 14001

— ਸਫ਼ਾ 27 ਦੀ ਬਾਕੀ

ਸਾਥੀ ਰੋਟੀ ਪਾਣੀ ਦਾ ਅਨੰਦ ਮਾਣ ਰਹੇ ਸਨ। ਰਾਜ ਵੰਡਤਾ ਰਿਹਾ ਸੀ। ਅਚਾਨਕ ਹੀ ਪੁਲੀਸ ਦੀਆਂ ਕਈ ਲਾਰੀਆਂ ਆਣ ਪੁਜੀਆਂ ਅਤੇ ਮਾਣਸ ਗੰਧ ਮਾਣਸ ਗੰਧ ਕਰਦੀ ਪੁਲੀਸ ਗਾਰਦ ਸਾਰੇ ਸਾਥੀਆਂ ਨੂੰ ਲੈ ਕੇ ਚਲਦੀ ਬਣੀ। ਰਾਜ ਜੋ ਰਸੋਈ ਵਿਚੋਂ ਕੁਝ ਲੈਣ ਗਿਆ ਸੀ ਉਥੇ ਹੀ ਦੁਬਕ ਜਾਣ ਕਾਰਨ ਜਾਂ ਸੁੰਦਰ ਸਿੰਘ ਦੀ ਹਮਦਰਦੀ ਕਾਰਨ ਬਚ ਰਿਹਾ।

ਕੁਝ ਦੇਰ ਬਾਅਦ ਸੁੰਦਰ ਸਿੰਘ ਰਾਜ ਨੂੰ ਸਮਝਾ ਰਿਹਾ ਸੀ ਕਿ ਪੁਲੀਸ ਪੂਰੀ ਸਰਗਰਮੀ ਨਾਲ ਤੇਰੀ ਭਾਲ ਕਰ ਰਹੀ ਹੈ ਅਤੇ ਪਾਰਟੀ ਵੀ ਤੇਰੇ ਕੋਲੋਂ ਦੁਖੀ ਹੈ। ਮੈਂ ਵੀ ਤੁਹਾਡੇ ਨਾਲ ਹਮਦਰਦੀ ਕਰਕੇ ਦੋਹਾਂ ਪਾਸਿਆਂ ਤੋਂ ਫਸ ਗਿਆ ਹਾਂ। ਤੇਰਾ ਪਾਸ ਪੋਰਟ ਤਿਆਰ ਹੈ ਤੂੰ ਕਨੇਡਾ ਚਲਾ ਜਾਹ। ਤੇਰਾ ਇਸੇ ਵਿਚ ਹੀ ਭਲਾ ਹੈ। ਪਾਰਟੀ ਹਮਦਰਦ ਹੋਣ ਕਾਂਰਨ ਮੈਨੂੰ ਬੜਾ ਨੁਕਸਾਨ ਉਠਾਉਣਾ ਪੈਣਾ ਹੈ। ਸੋ ਰਾਜ ਨੂੰ ਮਜਬੂਰਨ ਕਨੇਡਾ ਜਾਣ ਲਈ ਸਹਿਮਤੀ ਪ੍ਰਗਟ ਕਰਨੀ ਪਈ।

ਏਅਰ ਇੰਡੀਆ ਦਾ ਦਿਉ ਕਦ ਜਹਾਜ਼ ਦਿੱਲੀ ਦੇ ਪਾਲਮ ਹਵਾਈ ਅੱਡੇ ਨੂੰ ਅਲਵਿਦਾ ਕਹਿ ਅਕਾਸ਼ ਵਲ ਉੱਡ ਤੁਰਿਆ। ਰਾਜ ਆਪਣੇ ਮਨ ਹੀ ਮਨ ਸੋਚ ਰਿਹਾ ਸੀ ਕਿ ਉਸ ਦੇ ਮਾਸੜ ਨੇ ਪਾਰਟੀ ਖਾਤਰ ਕਿੰਨਾ ਖਤਰਾ ਮੁੱਲ ਲਿਆ। ਆਪਣੀ ਮਾਨ ਮਰਿ-ਆਦਾ ਨੂੰ ਖਤਰੇ ਵਿਚ ਪਾ ਕੇ ਵੀ ਉਹ ਪਾਰਟੀ ਤੇ ਕਿੰਨੀ ਜਾਨ ਦਿੰਦਾ ਹੈ। ਰਾਜ ਦਾ ਸਿਰ ਮਾਸੜ ਪ੍ਰਤੀ ਸ਼ਰਧਾ ਨਾਲ ਝੁਕ ਗਿਆ। ਅਚਾਨਕ ਉਹਦੀ ਨਜ਼ਰ ਨਾਲ ਦੀ ਸੀਟ ਤੇ ਪਏ ਅਜ ਦੇ ਤਾਜ਼ਾ ਅਖਬਾਰ ਤੇ ਪਈ ਜਿਸ ਵਿਚ ਨਕਸਲੀ ਗਰੋਹ ਨੂੰ ਫੜਾਉਣ ਬਦਲੇ ਸ: ਸੁੰਦਰ ਸਿੰਘ ਦੀ ਪ੍ਰਸ਼ੰਸਾ ਅਤੇ ਸਰਕਾਰ ਵਲੋਂ ਦਿਤੇ ਜਾਣ ਵਾਲੇ ਵੱਡੇ ਇਨਾਮ ਦੀ ਖਬਰ ਮੋਟੀਆਂ ਲਾਈਨਾਂ ਨਾਲ ਦਿਤੀ ਹੋਈ ਸੀ। ਰਾਜ ਦਾ ਮੂੰਹ ਇਕ ਦਮ ਕੌੜਾ ਜ਼ਹਿਰ ਹੋ ਗਿਆ।

o o o

# ਕਾਤਿਲ

ਦੇਵ ਜਟਾਣਾਂ

"...ਰੂਪਾਂ ! ਬੀਬੀ ਭੈਣ ਬਣਕੇ ਇਥੇ ਮਾਂ ਕੋਲ ਰਹੀਂ...ਜੇ ਪਾਣੀ ਮੰਗੇ ਤਾਂ ਦੇ ਦੇਈਂ ਤੇ ਆਹ ਪੱਟੀ ਥੋੜੇ ਜਿੰਨੇ ਚਿਰ ਪਿਛੋਂ ਫੇਰ ਗਿੱਲੀ ਕਰਕੇ ਇਸੇ ਤਰ੍ਹਾਂ ਹੀ ਮੱਥੇ ਤੇ ਰੱਖ ਦੇਈਂ...ਜੇ ਪੁੱਛੇ ਤਾਂ ਕਹੀਂ ਕਿ ਭੈਣ ਦਵਾਈ ਲੈਣ ਗਈ ਹੈ...ਅੱਛਾ ! ਬੜੀ ਸਿਆਣੀ ਬਾਹਰ ਨਾ ਜਾਈਂ ਕਿਧਰੇ ।"

ਚਰਨੋ ਆਪਣੀ ਤਾਪ ਵਿਚ ਤਪਦੀ ਤੇ ਬੇ-ਸੁਰਤ ਮਾਂ ਨੂੰ ਛੱਡ ਕੇ ਤੇ ਛੋਟੀ ਭੈਣ ਨੂੰ ਉਪਰੋਕਤ ਸਿਖਿਆ ਦੇ ਕੇ ਘਰੋਂ ਬਾਹਰ ਨਿਕਲ ਗਈ ।

ਇਹ ਉਹੀ ਚਰਨੋ ਸੀ ਜਿਸ ਨੂੰ ਕਦੀ ਉਸਦੀ ਮਾਂ ਸਾਹਮਣੇ ਵਾਲੀ ਹੱਟੀ ਤੇ ਭੇਜਣੋਂ ਵੀ ਕੰਬਦੀ ਸੀ ਕਿਉਂਕਿ ਉਹ ਜਾਣਦੀ ਸੀ ਕਿ ਹਾਣ ਦੀ ਧੀ ਨੂੰ ਘਰੋਂ ਬਾਹਰ ਜਾਣ ਦੀ ਜ਼ਰਾ ਜਿੰਨੀ ਖੁੱਲ੍ਹ ਦੇ ਕੇ ਉਸ ਲਈ ਕਿੰਨੀ ਕੀਮਤ ਚੁਕਾਣੀ ਪੈਂਦੀ ਹੈ । ਸਾਰੀ ਉਮਰ ਲਈ ਇੱਜ਼ਤ ਤੋਂ ਹੱਥ ਧੋਣੇ ਪੈਂਦੇ ਹਨ ਤੇ ਖਾਸ ਕਰ ਇਹ ਲਾਗੂ ਵੀ ਤਾਂ ਗਰੀਬਾਂ ਲਈ ਹੀ ਹੁੰਦਾ ਹੈ ਕਿਉਂਕਿ ਗਰੀਬਾਂ ਦੀ ਦੌਲਤ ਵੀ ਇਜ਼ਤ ਹੀ ਹੁੰਦੀ ਹੈ ਜਿਸ ਨੂੰ ਲੁੱਟਣ ਲਈ ਚਾਰੇ ਪਾਸਿਆਂ ਤੋਂ ਹਮੇਸ਼ਾ ਜਾਲ ਵਿਛਾਈ ਬੈਠੇ ਸ਼ਿਕਾਰੀ ਮੌਕੇ ਦੀ ਤਾੜ ਵਿਚ ਹੀ ਰਹਿੰਦੇ ਹਨ ।

ਅਮੀਰ ਦੀ ਇੱਜ਼ਤ ਲੁੱਟੀ ਜਾਣ ਤੇ ਵੀ ਨਹੀਂ ਲੁੱਟੀ ਜਾਂਦੀ । ਉਸ ਦੀ ਬੇਇਜ਼ਤੀ ਦੀ ਚਰਚਾ ਉਸ ਦੇ ਨੋਟਾਂ ਦੀ ਖੜਖੜ ਵਿਚ ਨਾ ਹੋਣ ਦੇ ਬਰਾਬਰ ਹੋ ਕੇ ਰਹਿ ਜਾਂਦੀ ਹੈ ।

ਚਰਨੋ ਸੋਚਾਂ ਵਿਚ ਗਮਗੀਨ ਹੋਈ ਜਾ ਰਹੀ ਸੀ ਤੇ ਸੋਚ ਰਹੀ ਸੀ ਕਿ ਕਿਸ ਤਰ੍ਹਾਂ ਤਿੰਨਾਂ ਦਿਨਾਂ ਤੋਂ ਮਾਂ ਤਾਪ ਵਿਚ ਸੜ ਰਹੀ ਹੈ...ਪਰ ਉਸ ਲਈ ਦਵਾਈ ਕਿਥੋਂ ? ਅੱਜ ਕੱਲ੍ਹ ਰੱਬ ਵੀ ਏਨਾਂ ਬੇਦਰਦ ਹੋ ਗਿਆ ਹੈ ਕਿ ਉਹ ਵੀ ਅਮੀਰ ਗਰੀਬ ਦੇਖ ਕੇ ਹੀ ਕੰਮ ਕਰਦਾ ਹੈ ਜਿਵੇਂ ਆਮ ਤੌਰ ਤੇ ਹਰ ਥਾਂ ਅਮੀਰ ਨੂੰ ਹੀ ਪਹਿਲ ਦਿਤੀ ਜਾਂਦੀ ਹੈ । ਘੱਟੋ ਘੱਟ ਰੱਬ ਨੂੰ ਤਾਂ ਅਜੇਹਾ ਕਰਨੋਂ ਕੁਝ ਸੰਕੋਚ ਕਰਨਾ ਚਾਹੀਦਾ ਹੈ, ਕਿਉਂਕਿ ਉਸ ਲਈ ਤਾਂ ਸਾਰੇ ਇਕੋ ਜਿਹੇ ਹਨ ਤੇ ਨਾਲੇ ਲੋਕ ਆਖਦੇ ਹਨ ਕਿ ਉਸ ਦੇ ਦਰਬਾਰ ਵਿਚ ਨਾ ਕੋਈ ਗਰੀਬ ਹੈ ਨਾ ਅਮੀਰ ! ਕੀ ਇਹ ਸਰਾਸਰ ਝੂਠ, ਧੋਖਾ ਤੇ ਫਰੇਬ ਨਹੀਂ ਤਾਂ ਹੋਰ ਕੀ ਹੈ ? ਜੇ ਸਾਰੇ ਉਸ ਦੇ ਪੁੱਤਰ ਹਨ ਤਾਂ ਉਹ ਕਿਉਂ ਆਪਣੇ ਇਕ ਪੁੱਤਰ ਦਾ ਗਲਾ ਘੁੱਟਣ ਤੇ ਤੁਲਿਆ ਹੋਇਆ ਹੈ ਅਤੇ ਦੂਸਰੇ ਰੱਜੇ ਪੁੱਜੇ ਨੂੰ ਇੰਨਾਂ ਦੇ ਰਿਹਾ ਹੈ ਕਿ ਉਸਦੇ ਕੁੱਤਿਆਂ ਤੋਂ ਵੀ ਨਾ ਖਾਧਾ ਜਾਵੇ ।...ਕਿਉਂ ? ਇਕ ਨੂੰ ਤੁਰਨ ਤੋਂ ਵੀ ਆਹਰੀ ਕਰ ਦਿੰਦਾ ਏ ਤੇ ਦੂਜੇ ਦੀ ਕਾਰ ਤੇ ਹਰ ਵਕਤ ਕਪੜਾ ਹੀ ਫਿਰਦਾ ਰਹਿੰਦਾ ਹੈ । ਕਿਉਂ ? ਇਕ ਦੇ ਹੰਝੂ ਵੀ ਸੁਕਾ ਦਿੰਦਾ ਹੈ ਕਿ ਉਹ ਰੋ ਕੇ ਵੀ ਆਪਣਾ ਦਿਲ ਹੋਲਾ ਨਾ ਕਰ ਸਕੇ ਤੇ ਦੂਸਰੇ ਦੀ ਖੁਸ਼ੀ ਲਈ ਨਿੱਤ ਨਵੇਂ ਵਸੀਲੇ ਪੈਦਾ ਕਰਦਾ ਹੈ ? ਕਿਉਂ ਇਕ ਦਾ ਪੇਟ ਕੱਟੀਦਾ ਤੇ ਦੂਜੇ ਦੀ ਵਧਦੀ ਗੋਗੜ ਦੇਖਕੇ ਖੁਸ਼ ਹੋਣ ਦਾ ਆਦੀ ਹੋ ਗਿਆ ਹੈ ? ਜੇ ਸਾਰੇ ਹੀ ਉਸ ਦੇ ਪੁੱਤਰ ਹਨ ਤਾਂ ਉਹ ਕਿਉਂ ਸਾਰਿਆਂ ਨਾਲ ਇਕੋ ਜਿਹਾ ਵਰਤਾਓ ਕਰਕੇ ਰਾਜ਼ੀ ਨਹੀਂ ? ਇਹ ਵਿਤਕਰਾ ਕਿਉਂ ?

ਚਰਨੋਂ ਨੂੰ ਉਦੋਂ ਪਤਾ ਲੱਗਾ ਜਦੋਂ ਉਹ ਆਪਣੇ ਪਿੰਡ ਵਿਚ ਖੁੱਲ੍ਹੇ ਸਰਕਾਰੀ ਹਸਪਤਾਲ ਕੋਲ ਪਹੁੰਚ ਗਈ, ਕਿਉਂਕਿ ਉਸ ਨੇ ਸੁਣਿਆ ਸੀ ਕਿ ਉਥੋਂ ਦਵਾਈ ਮੁਫ਼ਤ ਮਿਲ ਜਾਂਦੀ ਹੈ । ਉਸ ਨੇ ਅੰਦਰ ਜਾ ਕੇ ਪੁਛਿਆ ਤਾਂ ਕਿਸੇ ਨੇ ਇਕ ਕਮਰੇ ਵੱਲ ਇਸ਼ਾਰਾ ਕਰ ਦਿੱਤਾ । ਕਮਰੇ ਵਿਚ ਇਕ ਨੌਜਵਾਨ ਕੁਰਸੀ ਤੇ ਬੈਠਾ ਮੇਜ਼ ਉਪਰ ਪਏ ਕਾਗਜ਼ਾਂ ਨੂੰ ਬੜੇ ਗਹੁ ਨਾਲ ਦੇਖ ਰਿਹਾ ਹੈ ।

"ਡਾਕਟਰ ਜੀ" ਚਰਨੋਂ ਨੇ ਸੰਗ ਜਿਹੀ ਨਾਲ ਥਥਲਾਉਂ-ਦਿਆਂ ਕਿਹਾ ।

ਕੰਮਪਾਉਡਰ ਨੇ ਇਕ ਦਮ ਉਤਾਂਹ ਚੁਕਿਆ ਤੇ ਕੁਝ ਬੋਲਣ ਦੀ ਥਾਂ ਟਿਕ ਟਿਕੀ ਲਾ ਕੇ ਚਰਨੋਂ ਦੇ ਮੂੰਹ ਵਲ ਤੱਕਦਾ ਰਿਹਾ । ਚਰਨੋਂ ਨੂੰ ਇਹ ਹਰਕਤ ਬਿਲਕੁਲ ਚੰਗੀ ਨਾ ਲਗੀ ਅਤੇ ਉਹ ਇਸ ਨਾਲ ਕੰਬ ਜਿਹੀ ਉਠੀ ।

"ਹਾਂ ਕੀ ਗੱਲ ਏ ? ਬੋਲ..." ਉਸ ਕੁਝ ਸੰਭਲਦਿਆਂ ਕਿਹਾ ।

"...ਜੀ ਮੇਰੀ ਮਾਂ ਨੂੰ ਤਿੰਨਾਂ ਦਿਨਾਂ ਤੋਂ ਤਾਪ ਚੜ੍ਹਿਆ ਹੋਇਐ ਉਸ ਲਈ ਦਵਾਈ ਲੈਣੀ ਏ ।"

ਕੰਮਪਾਉਡਰ ਨੇ ਇਕ ਬਨਾਉਟੀ ਜਿਹਾ ਹੌਕਾ ਲਿਆ ਤੇ ਮੇਜ਼ ਉਪਰ ਕੂਹਣੀਆਂ ਟਿਕਾਉਂਦਿਆਂ ਕਿਹਾ, "ਮਾਂ ਦਾ ਤਾਪ ਤਾਂ ਠੀਕ ਹੋ ਜਾਵੇਗਾ, ਪਰ ਜਿਹੜੀ ਬਿਮਾਰੀ ਮੈਨੂੰ ਲਾ ਚੱਲੀ ਏਂ ਇਸ ਦਾ ਇਲਾਜ ਨਹੀਂ ਹੋਣਾ ।"

ਚਰਨੋਂ ਨੂੰ ਇਸ ਗੱਲ ਦੀ ਸਮਝ ਨਾ ਲੱਗੀ, ਉਹ ਘਬਰਾਈ ਹੋਈ ਕਹਿਣ ਲੱਗੀ, "ਛੇਤੀ ਕਰੋ ਨਾ । ਮੇਰੀ ਮਾਂ ਮਰ ਜਾਵੇਗੀ, ਮੈਂ ਕੀ ਕਰਾਂਗੀ ? ਮੇਰੀ ਛੋਟੀ ਭੈਣ ਦਾ ਕੀ ਬਣੇਂਗਾ ? ਰੱਬ ਦੇ ਵਾਸਤੇ ਦਵਾਈ ਦੇ ਦਿਓ ।"

"ਹਾਂ ਫਿਰ ਪੈਸੇ ਕੱਢ ਪਰਚੀ ਲਈ," ਕੰਮਪਾਉਂਡਰ ਨੇ ਪੈਂਤੜਾ ਬਦਲਦਿਆਂ ਹੌਲਿਆਂ ਕਿਹਾ ।

"ਪੈਸੇ...? ਪੈਸਾ ਤਾਂ ਮੇਰੇ ਕੋਲ ਇੱਕ ਵੀ ਨਹੀਂ...ਇਥੇ ਤਾਂ ਮੁਫ਼ਤੀਂ..."

ਚਰਨੋਂ ਡਰ ਜਿਹੀ ਗਈ ਜਦੋਂ ਕੰਮਪਾਉਡਰ ਨੇ ਵਿਚੋਂ ਹੀ ਗੱਲ ਕੱਟਦਿਆਂ ਹੋਇਆਂ ਕੜਕ ਕੇ ਆਖਿਆ, "ਮੁਫ਼ਤੀਂ.. । ਤੇਰੇ ਪਿਉ ਦਾ ਹਸਪਤਾਲ ਹੈ ਇਹ ? ਪਰਚੀ ਲਈ ਪੈਸੇ ਕੱਢ...।"

ਚਰਨੋਂ ਨੂੰ ਘਬਰਾਈ ਹੋਈ ਵੇਖ ਫੇਰ ਜ਼ਰਾ ਨਰਮ ਹੁੰਦੇ ਹੋਏ ਬੋਲਿਆ, "ਜੇ ਤੇਰੇ ਕੋਲ ਪੈਸੇ ਨਹੀਂ ਤਾਂ ਸਾਡਾ ਇਕ ਕੰਮ ਕਰਦੇ ਬੱਸ...ਜ਼ਰਾ ਕੁ...। ਨਾ ਤੇਰੀ ਮਾਂ ਮਰੇਗੀ ਨਾ ਹੀ ਤੈਨੂੰ ਘਰ ਦਾ ਕੋਈ ਫ਼ਿਕਰ ਰਹੇਗਾ । ਦਵਾਈ ਨਾਲ ਘਰ ਖਰਚ ਲਈ ਪੈਸੇ ਵੀ ਦਿਆਂਗਾ । ਬੋਲ ਮੰਜ਼ੂਰ ਹੈ ।"

ਚਰਨੋਂ ਦਾ ਇਸਤਰੀ ਮਨ ਕੰਬਿਆ । ਉਹ ਰੋਂਦੀਆਂ ਕਚੀਰਦੀ ਬੋਲੀ, "...ਕਮੀਨਿਆਂ ਸ਼ਰਮ ਨਹੀਂ ਆਉਂਦੀ, ਘਰ ਮਾਂ ਭੈਣ ਨਹੀਂ ਹੈ...?"

'ਮਾਂ ਵੀ ਹੈ ਭੈਣ ਵੀ ਹੈ ਬੱਸ ਜੇ ਨਹੀਂ ਹੈ ਤਾਂ ਮੇਰੀ ਲਾੜੋ ਇਕ ਤੂੰ ਨਹੀਂ ਹੈਂ ।" ਜ਼ਮੀਰ ਤੋਂ ਗਿਰ ਚੁੱਕੇ ਕੰਮਪਾਉਡਰ ਨੇ ਢੀਠਾਂ ਵਾਂਗ ਕਿਹਾ । ਉਹ ਚਰਨੋਂ ਦਾ ਹੁਸਨ ਦੇਖ ਕੇ ਹਵਸ ਦੀ ਅੱਗ ਵਿਚ ਬਿਲਕੁਲ ਅੰਨ੍ਹਾਂ ਹੋ ਚੁਕਿਆ ਸੀ ।

ਚਰਨੋਂ ਕੋਲ ਕੋਈ ਜਵਾਬ ਨਹੀਂ ਸੀ । ਜਿਹੜਾ ਆਦਮੀ ਇਤਨੀ ਕਮੀਨਗੀ ਤੇ ਉਤਰ ਆਇਆ ਹੋਵੇ ਇਕ ਭੋਲੀ ਭਾਲੀ ਲੜਕੀ ਉਸ ਨੂੰ ਜਵਾਬ ਦੇਵੇ ਵੀ ਕੀ ?

"ਵੇਖ ਲੈ ਜੇ ਮਾਂ ਇੰਨੀ ਹੀ ਪਿਆਰੀ ਹੈ ਤਾਂ ਉਸ ਲਈ

ਇੰਨਾਂ ਵੀ ਨਹੀਂ ਕਰ ਸਕਦੀ । ਜੇ ਤੇਰੀ ਮਾਂ ਮਰ ਗਈ ਤਾਂ ਤੈਨੂੰ ਤੇ ਤੇਰੀ ਭੈਣ ਨੂੰ ਕਿਸੇ ਵੀ ਸੁੱਖ ਤੇ ਚੈਨ ਦੀ ਜ਼ਿੰਦਗੀ ਨਹੀਂ ਜਿਉਣ ਦੇਣਾ' । ਕੰਮਪਾਊਡਰ ਨੇ ਚਰਨੋਂ ਨੂੰ ਚੁੱਪ ਦੇਖ ਦੂਜਾ ਦਾਅ ਮਾਰਿਆ ।

ਕੰਮਪਾਊਡਰ ਦੀ ਗੱਲ ਸੁਣ ਚਰਨੋਂ ਸੋਚਣ ਲਈ ਮਜਬੂਰ ਹੋ ਗਈ । 'ਕੀ ਮੈਂ ਆਪਣੀ ਪਿਆਰੀ ਮਾਂ ਤੇ ਨੰਨ੍ਹੀ ਮੁੰਨੀ ਭੈਣ ਦੀ ਜ਼ਿੰਦਗੀ ਖਾਤਰ ਆਪਣੀ ਜਾਨ ਨਹੀਂ ਦੇ ਸਕਦੀ ? ਜੇ ਇਕ ਜਾਨ ਜਾਣ ਨਾਲ ਦੋ ਜਾਨਾਂ ਤਬਾਹ ਹੋਣੋਂ ਬਚ ਜਾਣ ਤਾਂ ਸੌਦਾ ਮਹਿੰਗਾ ਨਹੀਂ । ਉਸ ਮਾਂ ਲਈ ਜਿਸ ਨੇ ਪਿਤਾ ਜੀ ਦੀ ਮੌਤ ਤੋਂ ਬਾਅਦ ਦੋਹਾਂ ਭੈਣਾਂ ਲਈ ਕੀ ਕੀ ਪਾਪੜ ਨਹੀਂ ਵੇਲੇ, ਉਹ ਅੱਜ ਦਵਾਈ ਬਿਨਾਂ ਮਰ ਰਹੀ ਹੈ । ਜੇ ਦਵਾਈ ਨਾ ਲੈ ਕੇ ਜਾਵਾਂ, ਕੀ ਇਹ ਉਹਨਾਂ ਨਾਲ ਸਰਾਸਰ ਧੋਖਾ ਨਹੀਂ ?' ਉਸ ਆਪਣੇ ਆਪ ਤੋਂ ਪੁਛਿਆ ਅਤੇ ਜਵਾਬ ਵਿਚ ਚਰਨੋਂ ਦੀਆਂ ਅੱਖਾਂ ਨਿਊਂ ਗਈਆਂ । ਜਿਸ ਦਾ ਮਤਲਬ ਕੰਮਪਾਊਡਰ ਤਕਰੀਬਨ ਸਮਝ ਹੀ ਚੁੱਕਾ ਸੀ ।

ਜਦ ਚਰਨੋਂ ਹਸਪਤਾਲ ਵਿਚੋਂ ਨਿਕਲੀ ਤਾਂ ਉਸ ਦੇ ਹਥਾਂ ਵਿਚ ਇਕ ਸ਼ੀਸ਼ੀ ਦਵਾਈ ਦੀ ਅਤੇ ਕਈ ਪੁੜੀਆਂ ਤੋਂ ਬਿਨਾਂ ਇਕ ਦਸ ਰੁਪੈ ਦਾ ਨੋਟ ਵੀ ਕੰਬ ਰਿਹਾ ਸੀ । ਅਤੇ ਕੰਮਪਾਊਡਰ ਦੇ ਬੋਲ ਉਸ ਦੇ ਕੰਨਾਂ ਵਿਚ ਹਥੌੜਿਆਂ ਵਾਂਗ ਵੱਜ ਰਹੇ ਸਨ "ਕਿਸੇ ਵੀ ਚੀਜ਼ ਦੀ ਲੋੜ ਹੋਵੇ ਤਾਂ ਸ਼ਰਮਾਉਣ ਦੀ ਲੋੜ ਨਹੀਂ...।"

ਚਰਨੋਂ ਆਪਣੇ ਆਪ ਨੂੰ ਬੋਝਲ ਮਹਿਸੂਸ ਕਰ ਰਹੀ ਸੀ । ਉਹਦਾ ਸਿਰ ਫੱਟ ਰਿਹਾ ਸੀ, ਉਹ ਪਾਗਲ ਹੋਈ ਜਾ ਰਹੀ ਸੀ । ਤੇ ਵਾਹੋਦਾਹੀ ਆਪਣੇ ਘਰ ਵੱਲ ਜਾ ਰਹੀ ਸੀ । ਰਸਤੇ ਵਿਚ ਮਿਲਣ ਵਾਲਾ ਹਰ ਆਦਮੀ ਉਸ ਨੂੰ ਰਾਕਸ਼ ਤੇ ਦੈਂਤ ਦਾ ਰੂਪ ਦਿਸ ਰਿਹਾ ਸੀ ।

ਜਦੋਂ ਉਹ ਘਰ ਪਹੁੰਚੀ ਤਾਂ ਰੂਪਾਂ ਰੋ ਰਹੀ ਸੀ ਤੇ ਕਹਿ ਰਹੀ ਸੀ "ਭੈਣੇ ਤੂੰ ਐਨਾਂ ਚਿਰ ਲਾ ਦਿੱਤਾ ਮਾਂ ਤਾਂ ਅਜੇ ਤਕ ਉਵੇਂ ਪਈ ਹੈ । ਮੈਂ ਕੀ ਕਰਾਂ ?"

ਚਰਨੋਂ ਨੇ ਮੂੰਹ ਧੋਤਾ, ਪਾਣੀ ਪੀਤਾ ਜਿਵੇਂ ਉਹ ਸੁਰਤ ਪ੍ਰਤਾਉਣ ਦੀ ਕੋਸ਼ਿਸ਼ ਕਰ ਰਹੀ ਹੋਵੇ ਜਾਂ ਆਪਣੀ ਘਬਰਾਹਟ ਲੁਕਾਣ ਦੀ ।

"ਰੂਪਾਂ !" ਚਰਨੋਂ ਨੇ ਕਿਹਾ ।

"ਹਾਂ ਭੈਣੇ ਕੀ ਗੱਲ ਹੈ ? ਮੈਨੂੰ ਤਾਂ ਭੁੱਖ ਬਹੁਤ ਲੱਗੀ ਹੈ ।" ਰੂਪਾਂ ਭੈਣ ਦੀ ਅਵਾਜ਼ ਦੇ ਜਵਾਬ ਵਿਚ ਭੁੱਖ ਦੀ ਲਾਚਾਰੀ ਵੀ ਦਰਸਾ ਗਈ ।

"ਇਧਰ ਆ ਆਹ ਲੈ ਪੈਸੇ" ਚਰਨੋਂ ਨੇ ਦਸਾਂ ਦਾ ਨੋਟ ਦਿੰਦੇ ਹੋਏ ਕਿਹਾ, "ਹਟੀ ਤੋਂ ਕੁਝ ਲਿਆ ਖਾਣ ਵਾਸਤੇ ।"

ਰੂਪਾਂ ਨੇ ਨੋਟ ਦੇਖਦਿਆਂ ਹੀ ਚਰਨੋਂ ਦੇ ਮੂੰਹ ਵਲ ਤੱਕਿਆ ਜਿਵੇਂ ਪੁੱਛ ਰਹੀ ਹੋਵੇ ਕਿ 'ਇਹ ਕਿਥੋਂ ਲਿਆਂਦਾ ਈ ਭੈਣੇ...।' ਪਰ ਉਹ ਪੁੱਛ ਨਾ ਸਕੀ । "ਤੇ ਸੱਚ ਸੁਣ," ਚਰਨੋਂ ਨੇ ਕਿਹਾ, 'ਆਹ ਇਕ ਪੁੜੀ ਤੇ ਇਕ ਖੁਰਾਕ ਸ਼ੀਸ਼ੀ ਵਿਚੋਂ ਮਾਂ ਨੂੰ ਹੁਣ ਪਿਲਾ ਦਿੰਦੀ ਹਾਂ...ਤੇ ਫੇਰ ..ਅੰਦਾਜ਼ੇ ਨਾਲ ਦੋ ਦੋ ਘੰਟੇ ਬਾਅਦ ਇਵੇਂ ਹੀ ਤੂੰ ਪਿਲਾ ਦੇਵੀਂ ।"

ਰੂਪਾਂ ਦੀ ਸਮਝ ਵਿਚ ਨਹੀਂ ਸੀ ਆ ਰਿਹਾ ਕਿ ਚਰਨੋਂ ਸਭ ਨਸੀਹਤਾਂ ਕਿਉਂ ਦੇ ਰਹੀ ਹੈ ਤੇ ਉਹ ਕਿਥੇ ਜਾ ਰਹੀ ਹੈ...ਪਰ ਉਹ ਬਿਨਾਂ ਪੁੱਛੇ ਹੀ ਹੱਟੀ ਵੱਲ ਚਲੀ ਗਈ ਸ਼ਾਇਦ ਜ਼ਿਆਦਾ ਭੁੱਖੀ ਹੋਣ ਕਰਕੇ ।

ਚਰਨੋਂ ਆਪਣੀ ਬੇਸੁੱਧ ਪਈ ਮਾਂ ਨੂੰ ਦਵਾਈ ਪਿਲਾਣ ਲੱਗੀ ਤਾਂ ਮਾਂ ਸਿਰਫ਼ ਇਤਨਾ ਬੁੜਬੁੜਾਈ...ਚ...ਰ...ਨੋਂ...ਧੀ...ਏ । ਉਸ ਇਕ ਵਾਰ ਧੀ ਵਲ ਵੇਖਿਆ ਤੇ ਦਵਾਈ ਪੀ ਕੇ ਫੇਰ ਉਵੇਂ ਹੀ ਨੀਮ ਬੇਹੋਸ਼ੀ ਦੀ ਹਾਲਤ ਵਿਚ ਲੇਟ ਗਈ । ਚਰਨੋਂ ਨੇ ਇਕ ਪੁਰਾਣਾ ਜਿਹਾ ਕਾਗਜ਼ ਕਿਤੋਂ ਲਭਿਆ ਕਲਮ ਦੁਆਤ ਲਈ ਤੇ ਕੁਝ ਲਿਖ ਕੇ ਆਪਣੀ ਮਾਂ ਦੇ ਸਿਰਹਾਣੇ ਰੱਖ ਦਿੱਤਾ ਤੇ ਮਾਂ ਦੇ ਪੈਰਾਂ ਤੇ ਸਿਰ ਰੱਖ ਰੋਣ ਲੱਗ ਪਈ ਹੰਝੂਆਂ ਨਾਲ ਭਿੱਜੇ ਮਾਂ ਦੇ ਪੈਰਾਂ ਨੂੰ ਚੁੰਮਿਆਂ ਤੇ ਕਾਹਲੀ ਕਾਹਲੀ ਘਰੋਂ ਬਾਹਰ ਨਿਕਲ ਗਈ ।

ਰੂਪਾਂ ਬੇਹੱਦ ਖੁਸ਼ ਸੀ ਕਿ ਮਾਂ ਤਿੰਨ ਵਾਰ ਦਵਾਈ ਪੀਣ ਨਾਲ ਥੋੜੀ ਸੁਰਤ ਵਿਚ ਆ ਗਈ ਹੈ ਤੇ ਤਾਪ ਦੀ ਘੂਕੀ ਵੀ ਘਟ ਗਈ ਹੈ ।

ਮਾਂ ਨੇ ਪੁਛਿਆ, "ਰੂਪਾਂ...ਪੁੱਤ...ਭੈਣ..." ਤਾਂ ਰੂਪਾਂ ਨੇ ਕਿਹਾ, "ਦਵਾਈ ਰੱਖ ਕੇ ਪਤਾ ਨਹੀਂ ਕਿਥੇ ਚਲੀ ਗਈ ਹੈ । ਅਜੇ ਤਕ ਆਈ ਨਹੀਂ ।" ਆਪਣੀ ਮਾਂ ਨੂੰ ਉਠਾ ਕੇ ਬੈਠਾਂਦਿਆਂ ਰੂਪਾਂ ਦੀ ਨਜ਼ਰ ਸਿਰਹਾਣੇ ਪਏ ਕਾਗਜ਼ ਤੇ ਪਈ । ਉਸ ਚੁੱਕ ਕੇ ਪੜ੍ਹਨਾਂ ਸ਼ੁਰੂ ਕੀਤਾ ਤੇ ਮਾਂ ਨੇ ਸੁਣਨਾਂ...

ਮੇਰੀ ਪੂਜਨੀਕ ਮਾਂ...

ਮੈਂ ਤੇਰੇ ਮੱਥੇ ਲਗਣ ਦੇ ਲਾਇਕ ਨਹੀਂ ਰਹੀ । ਮੈਂ ਅਪ-ਵਿੱਤਰ ਹੋ ਚੁੱਕੀ ਹਾਂ । ਬਸ ਸਮਝ ਲੈਣਾ ਕਿ ਚਰਨੋਂ ਜੰਮਦੀ ਹੀ ਮਰ ਗਈ ਸੀ । ਮੈਂ ਜਾ ਰਹੀ ਹਾਂ ਸਦਾ ਲਈ ਇਸ ਜ਼ਾਲਮ ਦੁਨੀਆਂ ਤੋਂ ਬਹੁਤ ਦੂਰ । ਜਿਥੇ ਅਜਿਹੇ ਰਾਕਸ਼ ਨਾ ਹੋਣ ਜੋ ਕਿਸੇ ਮਜਬੂਰ ਗਰੀਬ ਦੀ ਇਜ਼ਤ ਨਾਲ ਖੇਡਣ ਨੂੰ ਸ਼ੁਗਲ ਸਮਝਣ । ਮੈਂ ਨਹੀਂ ਚਾਹੁੰਦੀ ਕਿ ਮੇਰੇ ਕਰਕੇ ਤੁਸੀਂ ਦੁਖੀ ਤੇ ਬਦਨਾਮ ਹੋਵੋਂ । ਮੇਰੀ ਉਮਰ ਤੈਨੂੰ ਤੇ ਰੂਪਾਂ ਨੂੰ ਲੱਗੇ । ਅੱਛਾ ਮਾਂ ! ਆਪਣੀ ਬਦ-ਨਸੀਬ ਬੇਟੀ ਨੂੰ ਮੁਆਫ ਕਰ ਦੇਣਾ । ਰੂਪਾਂ ਦਾ ਖਿਆਲ ਰਖਣਾ । ਮੇਰੇ ਵਲੋਂ ਰੂਪਾਂ ਨੂੰ ਬਹੁਤ ਸਾਰਾ ਪਿਆਰ ।

ਤੇਰੀ ਅਭਾਗਣ ਬੇਟੀ...ਚਰਨੋਂ...

ਚਿੱਠੀ ਮੁਕਦਿਆਂ ਸਾਰ ਹੀ ਰੂਪਾਂ ਦੀਆਂ ਚੀਕਾਂ ਨਿਕਲ ਗਈਆਂ । ਮਾਂ ਵੀ ਬੁੱਤ ਬਣੀ ਬੈਠੀ ਸੀ । ਜਿਸ ਦੀਆਂ ਅੱਖਾਂ ਪੱਥਰ ਦੀਆਂ ਹੋ ਗਈਆਂ ਸਨ । ਉਹਨਾਂ ਵਿਚ ਇਕ ਵੀ ਹੰਝੂ ਨਹੀਂ ਸੀ । ਉਹ ਮੱਥੇ ਉਤੇ ਹੱਥ ਮਾਰ ਕੇ ਚਿਲਾਈ..."ਮੈਂ ਲੁੱਟੀ ਗਈ ਧੀਏ... ਮੈਂ ਆਪਣੇ ਹੱਥੀਂ ਲਾਏ ਬੂਟੇ ਆਪਣੀ ਪਿਆਰੀ ਧੀ ਚਰਨੋਂ ਦੀ ਜਾਨ ਲੈ ਲਈ । ਮੈਨੂੰ ਬਚਾਣ ਲਈ ਹੀ ਤਾਂ ਉਸ ਨੇ ਆਪਣੀ ਜਾਨ ਦੇ ਦਿੱਤੀ" ਉਸ ਨੇ ਰੂਪਾਂ ਨੂੰ ਘੁੱਟ ਲਿਆ ਆਪਣੀਆਂ ਕਮਜ਼ੋਰ ਬਾਹਾਂ ਵਿਚ..."ਰੂਪਾਂ ਮੈਂ — ਤੇਰੀ — ਭੈਣ ਦੀ — ਕਾਤਿਲ — ਹਾਂ — ਹਾਂ ਹਾਂ—ਮੈਂ" ਉਹ ਪਾਗਲਾਂ ਵਾਂਗ ਕਹਿ ਰਹੀ ਸੀ ।

ਪਰ ਉਹ ਭੋਲੀ ਨਹੀਂ ਸੀ ਜਾਣਦੀ ਕਿ ਉਸ ਦੀ ਕਾਤਿਲ ਤੂੰ ਨਹੀਂ—ਉਸ ਦਾ ਅਸਲੀ ਕਾਤਿਲ ਤਾਂ ਕੋਈ ਹੋਰ ਹੈ । o


ਜਦੋਂ ਤੁਹਾਡਾ ਪਤਾ ਬਦਲੇ




ਕਿਰਪਾ ਕਰਕੇ ਆਪਣਾ:

i) ਨਵਾਂ ਪਤਾ

ii) ਸੁਇਟ ਨੰਬਰ

iii) ਪੋਸਟਲ ਕੋਡ ਨੰਬਰ

iv) ਟੈਲੀਫ਼ੋਨ ਨੰਬਰ

ਸਾਨੂੰ ਭੇਜੋ ।

## ਰਿਸ਼ਤਾ

**ਬਲਦੇਵ ਚੀਮਾ**

ਰਾਤ ਅੱਧੀ ਹੋ ਚੁੱਕੀ ਸੀ। ਉਹ ਅਲਫ਼ ਨੰਗਾ, ਹਨੇਰੇ 'ਚ ਪਿਆ, ਛੱਤ ਵੱਲ ਵੇਖ ਰਿਹਾ ਸੀ। ਕਦੀ ਕਦੀ ਲੱਤਾਂ ਖੁਰਕ ਲੈਂਦਾ। ਅੱਜ ਪਹਿਲੀ ਵਾਰ ਉਹ ਇਹੋ ਜਿਹੇ ਖੁਰਦੁਰੇ ਕੰਬਲ ਤੇ ਸੁੱਤਾ ਸੀ ਨਾ ਹੀ ਕੋਈ ਸਿਰਹਾਣਾ ਤੇ ਨਾ ਹੀ ਕੋਈ ਚਾਦਰ।

ਉਹਨੂੰ ਭਾਰੇ ਬੂਟਾਂ ਦੀ ਪੈੜ ਚਾਪ ਵਰਾਂਡੇ ਵਿਚ ਉਧਰ ਵੱਲ ਆਉਂਦੀ ਸੁਣਾਈ ਦਿਤੀ। ਪਰ ਉਹਨੇ ਕੋਈ ਗੌਲਿਆ ਨਹੀਂ। ਉਹਨੂੰ ਪਤਾ ਸੀ ਕਿ ਉਹ ਕੌਣ ਹੋ ਸਕਦਾ ਹੈ।

ਅੱਜ ਉਸਦੀ ਇਥੇ ਆਖਰੀ ਰਾਤ ਸੀ। ਸਵੇਰੇ ਸੁਵਖਤੇ ਹੀ ਉਹਦੀ ਫਲਾਈਟ ਸੀ। ਅਚਾਨਕ ਉਸਦੇ ਸਾਹਮਣੇ ਕਈ ਚਿਹਰੇ, ਉਭਰੇ, ਜੋ ਕਦੀ ਇਕੱਠੇ ਬੈਠ ਨਸ਼ੇ ਦੇ ਲੋਰ 'ਚ ਬੜੀ ਨੇੜਤਾ ਦਿਖਾਇਆ ਕਰਦੇ ਸਨ। ਉਹਦਾ ਮੱਥਾ ਤਣ ਗਿਆ ਤੇ ਉਹਨੇ ਉੱਚੀ ਸਾਰੀ ਗਾਲ੍ਹ ਕੱਢੀ, "ਸਾਲ੍ਹੇ ਭੈਣ ਦੇ ਯਾਰ।" ਉਹ ਇੰਨਾ ਉੱਚੀ ਬੋਲਿਆ ਕਿ ਪਲ ਭਰ ਲਈ, ਸਹਿਮ ਗਿਆ ਮਤੇ ਨਾਲ ਦੀਆਂ ਕੋਠੜੀਆਂ ਵਾਲੇ ਨਾ ਜਾਗ ਪਏ ਹੋਣ।

ਦਰਅਸਲ ਉਸਦੇ ਅੰਦਰ ਇਹ ਭਕਾਨਾ ਓਦੋਂ ਤੋਂ ਹੀ ਭਰ ਰਿਹਾ ਸੀ ਜਦੋਂ ਉਸ ਦੇ ਮਾਮੇ ਦੇ ਪੁੱਤਰ, ਦਿਆਲ ਦਾ ਫੋਨ ਆਇਆ, "ਮੈਂ ਤੇਰੀ ਮੁਲਾਕਾਤ ਲਈ ਨਹੀਂ ਆ ਸਕਦਾ, ਫੋਰਮੈਨ ਨੂੰ ਪੁੱਛਿਆ ਸੀ ਤਾਂ ਉਹ ਬੜਾ ਨਾਰਾਜ਼ ਹੋਇਆ, ਓਵਰਟੈਮ ਤਾਂ ਪਹਿਲਾਂ ਹੀ ਘੱਟ ਵੱਧ ਹੀ ਦਿੰਦਾ ਹੈ ਕੀ ਪਤਾ ਕੰਮ ਤੋਂ ਵੀ ਹਟਾ ਦੇਵੇ। ਨਾਲੇ ਵਕੀਲ ਤੋਂ ਬਿਨਾਂ ਤਾਂ ਮੁਲਾਕਾਤ ਵੀ ਨਹੀਂ ਹੋ ਸਕਦੀ, ਪਰ ਉਹ ਤਾਂ ਛੁੱਟੀਆਂ ਤੇ ਗਿਆ ਹੋਇਆ ਹੈ।" "ਸਾਲਾ ਛੁੱਟੀਆਂ ਦਾ। ਹੋਰ ਵਕੀਲ ਮਰ ਗਏ। ਗੱਲ ਤਾਂ ਸੀ ਕਿ ਟਾਈਮ ਨਾ ਟੁੱਟ ਜਾਵੇ ਕਿਤੇ, ਬਹਾਨਾ ਵਕੀਲ ਦਾ। ਸਾਲੇ ਨੂੰ ਪੂਰੇ ਦੋ ਸਾਲ ਸਾਰੀ ਦੀ ਸਾਰੀ ਚੈੱਕ ਲਿਆ ਕੇ ਦਿੰਦਾ ਰਿਹਾ ਹਾਂ ਏਹਨੇ ਮੇਰਾ ਕਿੰਨਾ ਕੀਤਾ।"

ਜ਼ਿੰਦਗੀ ਤਾਂ ਦੇਸ ਵੀ ਏਨੀ ਮਾੜੀ ਨਹੀਂ ਸੀ। ਬੜਾ ਸੁਹਣਾ ਉਹ ਪੜ੍ਹ ਰਿਹਾ ਸੀ। ਅੱਜ ਉਸ ਦੇ ਨਾਲ ਦੇ ਪ੍ਰੋਫੈਸਰ ਲੱਗੇ ਹੋਏ ਨੇ ਤੇ ਉਹ ਇਥੇ ਕੋਠੜੀ 'ਚ ਪਿਆ ਹੈ। ਉਹ ਵੀ ਦਿਨ ਸਨ। ਜਦੋਂ ਉਹ ਮੈਰਿਟ ਲਿਸਟ ਵਿਚ ਆਇਆ ਸੀ। ਉਸ ਦੀ ਫੋਟੋ ਕਾਲਜ ਦੇ ਮੈਗਜ਼ੀਨ ਵਿਚ ਛਪੀ ਸੀ। ਸਾਰਾ ਕਾਲਜ ਉਸ ਉਤੇ ਮਾਣ ਮਹਿਸੂਸ ਕਰ ਰਿਹਾ ਸੀ। ਇਹੀ ਦਿਨ ਸਨ ਜਦੋਂ ਕੋਈ ਸੰਗਦਾ ੨ ਜਿਹਾ ਚੋਰੀ ਚੋਰੀ ਤੱਕਦਾ ਤੇ ਉਸਦੀ ਸਾਰੀ ਸਾਰੀ ਰਾਤ ਉਸੱਲਵਟੇ ਲੈਂਦੇ ਦੀ ਲੰਘ ਜਾਂਦੀ। ਇਹ ਸੰਗਾਊ ਜਿਹਾ ਚਿਹਰਾ ਸੀ ਉਸਦੀ ਪਿਆਰੀ ਸੁਰਜੀਤ। ਉਹ ਉਸ ਦੇ ਹੋਰ ਨੇੜੇ ਆ ਗਈ, ਏਨਾ ਨੇੜੇ ਕਿ ਉਸਨੂੰ ਉਸ ਤੋਂ ਬਿਨਾਂ ਆਪਣਾ ਆਪ ਕਬਰ ਵਰਗਾ ਜਾਪਣ ਲੱਗ ਪਿਆ। ਸਾਰੀ ੨ ਰਾਤ ਉਸਦੇ ਸੁਪ-ਨਿਆਂ ਵਿਚ ਲੰਘ ਜਾਂਦੀ। ਉਸ ਦਾ ਨਾਂ ਚੇਤੇ ਕਰ ਕੇ ਉਸ ਨੂੰ ਏਨਾ ਸੁਆਦ ਆਉਂਦਾ ਕਿ ਮਾਂ ਦੀ ਤਿਆਰ ਕੀਤੀ ਹੋਈ ਚਾਹ ਤੇ ਪਰੌਂਠੇ ਸਭ ਕੁਝ ਭੁਲ ਜਾਂਦੇ। ਉਹ ਗੁਮਰਾਹ ਹੋ ਗਿਆ ਸੀ, ਆਪਣਾ ਨਿਸ਼ਾਨਾ ਭੁੱਲ ਬੈਠਾ ਸੀ। ਅੰਧੇ ਧੁੰਦ ਪਤਾ ਨਹੀਂ ਕਿਧਰ ਜਾ ਰਿਹਾ ਸੀ ਉਹ। ਉਪਰੋਂ ਇਮਤਿਹਾਨਾਂ ਦੇ ਦਿਨ ਤੇ ਉਹ। ਬੱਸ ਉਹਦੇ ਖਿਆਲਾਂ 'ਚ ਹੀ ਮਦਮਸਤ ਤੇ ਉਹਨੂੰ ਖਤ ਲਿਖਦਾ ਰਹਿੰਦਾ ਤੇ ਉਸ ਤੱਕ ਪਹੁੰਚਾਣ ਦੀਆਂ ਸਕੀਮਾਂ ਸੋਚਦਾ ਰਹਿੰਦਾ।'

ਇਕ ਦਿਨ ਉਸ ਨੇ ਸੁਰਜੀਤ ਅਗੇ ਵਿਆਹ ਦੀ ਤਜਵੀਜ਼ ਰੱਖੀ ਤਾਂ ਸੁਰਜੀਤ ਨੇ ਆਖਿਆ, "ਮੈਂ ਤਾਂ ਤਿਆਰ ਹਾਂ ਪਰ ਘਰ-ਦਿਆਂ ਨੇ ਨਹੀਂ ਮੰਨਣਾ।" "ਕੋਈ ਅਜਿਹਾ ਤਰੀਕਾ ਨਹੀਂ ਕਿ ਘਰ ਦੇ ਮੰਨ ਜਾਣ" ਉਸਨੇ ਪੁੱਛਿਆ। "ਅਗਰ ਤੂੰ ਬਾਹਰ ਚਲਾ ਜਾਵੇਂ ਤਾਂ ਮੈਂ ਘਰਦਿਆਂ ਨੂੰ ਕਿਸੇ ਤਰ੍ਹਾਂ ਵੀ ਮਨਾ ਲਵਾਂਗੀ।"

"ਲੈ! ਇਹ ਵੀ ਕੋਈ ਗੱਲ ਆ, ਕੋਈ ਨਾ ਕੋਈ ਬਹਾਨਾ ਲੱਭ ਲੈਨੇ ਆਂ ਆਪਣੇ ਘਰਦਿਆਂ ਨੂੰ ਮਨਾਉਣ ਦਾ," ਸੋਚ ਉਹਨੇ ਆਪਣੇ ਆਪ ਨੂੰ ਤਸੱਲੀ ਦੇ ਲਈ। ਇਮਤਿਹਾਨਾਂ ਦੇ ਨਤੀਜੇ ਆ ਆ ਗਏ, ਉਹ ਬੁਰੀ ਤਰ੍ਹਾਂ ਫੇਲ੍ਹ ਹੋ ਗਿਆ, ਕਿਸੇ ਮਜ਼ਮੂਨ ਚੋਂ ਵੀ ਨਾ ਪਾਸ। ਪਿਛਲੇ ਸਾਲ ਉਸ ਉਤੇ ਮਾਣ ਮਹਿਸੂਸ ਕਰਨ ਵਾਲੇ ਹੈਰਾਨ ਸਨ ਕਿ ਇਹ ਕਿਵੇਂ ਹੋ ਗਿਆ। ਘਰ ਦੇ ਤਾਂ ਨਿਮੋਝੂਣੇ ਹੋਏ ਬੈਠੇ ਸਨ। ਪਰ ਉਹ, ਉਹਦੇ ਤੇ ਕੋਈ ਬਹੁਤਾ ਅਸਰ ਨਹੀਂ ਸੀ ਕਿਉਂਕਿ ਉਹਦੀ ਤਾਂ ਲਗਨ ਹੀ ਕਿਸੇ ਹੋਰ ਪਾਸੇ ਸੀ।

ਘਰ ਦੇ ਉਸ ਨੂੰ ਤਸੱਲੀਆਂ ਦੇ ਰਹੇ ਸਨ, ਕੋਈ ਨਹੀਂ ਪੁੱਤ ਫੇਰ ਕੀ ਹੋਇਆ ਜੇ ਫੇਲ੍ਹ ਹੋ ਗਿਆ, ਅਗਲੇ ਸਾਲ ਪਾਸ ਹੋ ਜਾਏਂਗਾ। ਅੱਗੇ ਹਰ ਸਾਲ ਪਾਸ ਹੀ ਹੁੰਦਾ ਸੀ। ਐਵੇਂ ਚਿੱਤ ਨੂੰ ਨਾ ਲਾ ਬੈਠੀਂ ਕਿਤੇ। ਅੰਦਰੋਂ ਭਾਵੇਂ ਉਹ ਵੀ ਪੱਛੇ ਪਏ ਸਨ। ਪਰ ਉਸਨੇ ਆਪਣੀ ਹੀ ਰਾਇ ਦੇਣੀ ਸ਼ੁਰੂ ਕਰ ਦਿੱਤੀ, ਜੇ ਇਥੇ ਚਾਰ ਜਮਾਤਾਂ ਹੋਰ ਵੀ ਪੜ੍ਹ ਗਏ ਤਾਂ ਕਿਹੜਾ ਨੌਕਰੀ ਮਿਲਣੀ ਆ, ਪਹਿਲਾਂ ਹੀ ਇਥੇ ਬਥੇਰੇ ਬੀ. ਏ., ਐਮ. ਏ. ਵਿਹਲੇ ਤੁਰੇ ਫਿਰਦੇ ਆ। ਚੰਗਾ ਇਹੀ ਆ ਜੇ ਮੈਂ ਬਾਹਰ ਚਲਾ ਜਾਵਾਂ। ਨਾਲੇ ਜਿਹੜੇ ਇਥੇ ਤਿੰਨ ਚਾਰ ਵਰ੍ਹੇ ਹੋਰ ਪੜ੍ਹਾਈ 'ਚ ਖਰਾਬ ਕਰਨੇ ਆ, ਉਨੇ ਚਿਰ 'ਚ ਤਾਂ ਮੈਂ ਉਥੇ ਤਿੰਨ ਚਾਰ ਲੱਖ ਰੁਪਿਆ ਕਮਾ ਲੈਣਾ। ਬੱਸ ਫਿਰ ਤੁਹਾਡੇ ਕੋਲ ਆ ਕੇ ਸਾਰੀ ਉਮਰ ਐਸ਼ ਕਰਾਂਗੇ।

ਗੱਲ ਘਰਦਿਆਂ ਦੇ ਦਿਲ ਲੱਗ ਗਈ, ਜੇ ਨਾ ਵੀ ਲੱਗਦੀ ਤਾਂ ਵੀ ਉਹਨਾਂ ਨੂੰ ਮੰਨਣੀ ਹੀ ਪੈਣੀ ਸੀ ਕਿਉਂਕਿ ਉਹ ਉਸ ਦੇ ਅੱਖੜ ਸੁਭਾਅ ਤੋਂ ਵਾਕਿਫ ਸਨ। ਸੋ ਉਨ੍ਹਾਂ ਨੇ ਚਹੁੰ 'ਚੋਂ ਦੋ ਖੇਤ ਗਹਿਣੇ ਰੱਖ ਕੇ ਉਸਨੂੰ ਕਨੇਡਾ ਪਹੁੰਚਾ ਦਿੱਤਾ।

ਕਨੇਡਾ ਪਹੁੰਚ ਕੇ ਪਹਿਲਾ ਖਤ ਉਹਨੇ ਸੁਰਜੀਤ ਨੂੰ ਲਿਖਿਆ। ਪਰ ਕੋਈ ਜਵਾਬ ਨਾ ਆਇਆ। ਦਿਨ ਇਕ ਇਕ ਕਰਕੇ ਲੰਘ ਰਹੇ ਸਨ। ਨਾ ਤਾਂ ਸੁਰਜੀਤ ਦਾ ਹੀ ਕੋਈ ਖਤ ਆਇਆ ਤੇ ਨਾ ਹੀ ਕੋਈ ਕੰਮ ਦਾ ਬੰਦੋਬਸਤ ਬਣਿਆ। ਉਸ ਦਾ ਭਰਾ (ਮਾਮੇ ਦਾ ਪੁੱਤਰ), ਭਰਜਾਈ ਸੁੱਤੇ ਉਠਦੇ ਕੰਮ ਤੇ ਚਲੇ ਜਾਂਦੇ, ਸ਼ਾਮ ਨੂੰ ਘਰ ਆਉਂਦੇ ਆ ਕੇ ਪਾਰਟ ਟਾਈਮ ਕੰਮ ਕਰਨ ਚਲੇ ਜਾਂਦੇ। ਰਾਤ ਨੂੰ ਘਰ ਵੜਦੇ ਹੀ ਘੁਰਾੜੇ ਮਾਰਨ ਲੱਗ ਪੈਂਦੇ। ਸਾਰੀ ਦਿਹਾੜੀ ਉਹ ਇਕੱਲਾ ਪਿੰਜਰੇ 'ਚ ਬੰਦ ਪੰਛੀ ਦੀ ਤਰ੍ਹਾਂ ਸ਼ੀਸ਼ਿਆਂ ਚੋਂ ਬਾਹਰ ਵੇਖਦਾ ਰਹਿੰਦਾ। ਉਹਦਾ ਦਿਲ ਅੱਕ ਜਾਂਦਾ, ਕਦੀ ਉਹ ਟੇਬਲ ਤੇ ਪਏ ਸੇਬਾਂ ਨੂੰ ਬੁਰਕ ਮਾਰਦਾ, ਕਦੀ ਉਹਦਾ ਚਿੱਤ ਕਰਦਾ ਫਰਿਜ਼ ਨੂੰ ਠੁੱਡੇ ਮਾਰੇ। ਇਕ ਦਿਨ ਉਸ ਨੇ ਆਪਣੇ ਭਰਾ ਨੂੰ ਆਖਿਆ: "ਭਾ ਜੀ ਕੋਈ ਕੰਮ ਕੁਮ ਦਾ ਤਾਂ ਪਤਾ ਕਰੋ, ਮੇਰਾ ਤਾਂ ਘਰ ਬੈਠੇ ਦਾ ਦਿਲ ਨਹੀਂ ਲੱਗਦਾ, ਨਾ ਹੀ ਕੋਈ ਬਾਹਰ ਜਾਣਦਾ ਹੈ।" "ਮੈਨੂੰ ਕਿਹੜਾ ਤੇਰੇ ਨਾਲੋਂ ਘੱਟ ਫਿਕਰ ਆ, ਨਾਲੇ ਐਸ ਮੁਲਖ 'ਚ ਤਾਂ ਕੰਮ ਕੀਤੇ ਬਿਨਾਂ ਨਹੀਂ ਸਰਦਾ, ਆਹ ਦੇਖ ਲਾ ਮੈਂ ਤੇ ਤੇਰੀ ਭਰਜਾਈ ਦੋਵੇਂ ਦੋ ਦੋ ਜਾਬਾਂ ਕਰਦੇ ਆਂ ਫਿਰ ਵੀ ਮਸਾਂ ਗੁਜ਼ਾਰਾ

ਹੁੰਦਾ ਹੈ, ਸਾਡੇ ਪਿੰਡ ਦਿਆਂ ਦਾ ਇਕ ਫਾਰਮ ਹੈ ਮੈਂ ਉਹਦੇ ਨਾਲ ਤੇਰੇ ਵਾਰੇ ਗੱਲ ਕੀਤੀ ਸੀ, ਕਹਿੰਦਾ ਸੀ ਜਿਦਣ ਵੀ ਕੋਈ ਬੰਦਾ ਚਾਹੀਦਾ ਹੋਇਆ, ਬੁਲਾ ਲਵਾਂਗਾ।"

ਹੁਣ ਉਸ ਨੇ ਫਾਰਮਰ ਦੇ ਸੱਦੇ ਦੀ ਉਡੀਕ ਸ਼ੁਰੂ ਕਰ ਦਿੱਤੀ। ਇਕ ਦਿਨ ਉਸ ਦਾ ਸੱਦਾ ਵੀ ਆ ਗਿਆ ਤੇ ਉਹ ਪਹੁੰਚ ਗਿਆ ਉਸਦੇ ਫਾਰਮ ਵਿਚ। ਫਾਰਮ ਟਾਊਨ ਤੋਂ ਕਾਫੀ ਦੂਰ ਸੀ ਤੇ ਉਸ ਦੀਆਂ ਬੈਰਕਾਂ ਵਿਚ ਹੀ ਉਸ ਨੂੰ ਇਕ ਕੈਬਿਨ ਮਿਲ ਗਈ। ਬੜਾ ਚਾਅ ਸੀ ਦਿਲ ਵਿਚ, ਕਨੇਡਾ ਵਿਚ ਕੰਮ ਕਰਨ ਦਾ। ਸਵੇਰ ਹੋਈ ਤਾਂ ਉਹ ਖੇਤ ਪਹੁੰਚ ਗਿਆ। ਜਦੋਂ ਉਸ ਨੇ ਕੰਮ ਵੇਖਿਆ ਅਤੇ ਫਾਰਮਰ ਦਾ ਵਤੀਰਾ ਵੇਖਿਆਂ ਤਾਂ ਦਿਲ ਵਿਚ ਸੋਚਿਆ ਕਿ ਇਥੇ ਤਾਂ ਇੰਡੀਆ ਨਾਲੋਂ ਵੀ ਭੈੜਾ ਕੰਮ ਹੈ। ਖੈਰ ਜਿਵੇਂ ਵੀ ਕਿਵੇਂ ਦਿਹਾੜੀ ਕੱਢੀ। ਅਗਲੇ ਦਿਨ ਕੰਮ ਤੇ ਜਾਣ ਨੂੰ ਉਹਦੀ ਵੱਢਿਆਂ ਰੂਹ ਨਾ ਕਰੇ ਪਰ ਜਾਣਾ ਪੈਣਾ ਸੀ ਹੋਰ ਕੋਈ ਚਾਰਾ ਹੀ ਨਹੀਂ ਸੀ। ਉਸ ਨੇ ਮਨ ਮਾਰ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਪਰੋਂ ਸਿਆਲ ਆ ਗਿਆ। ਇਕ ਫਾਰਮਾਂ ਦਾ ਕੰਮ ਸੀ ਉਹ ਵੀ ਬੰਦ ਹੋ ਗਿਆ।

ਇਕ ਵਾਰ ਉਹ ਫਿਰ ਵਿਹਲਾ ਹੋ ਗਿਆ। ਸੁਰਜੀਤ ਨੂੰ ਕਈ ਖਤ ਲਿਖੇ ਪਰ ਉਸ ਨੇ ਕੋਈ ਜਵਾਬ ਨਾ ਦਿੱਤਾ। ਉਸ ਦੇ ਜਿਗਰੀ ਦੋਸਤ ਨੇ ਲਿਖਿਆ ਕਿ ਉਸਦੀ ਆੜੀ ਅੱਜ ਕੱਲ੍ਹ ਕਿਸੇ ਹੋਰ ਨਾਲ ਹੈ। ਇਧਰੋਂ ਕਨੇਡਾ ਦੀਆਂ ਮੁਸ਼ਕਲਾਂ ਉਹਨੂੰ ਪੇਸ਼ ਆਉਣ ਲੱਗ ਪਈਆਂ ਤੇ ਉਹ ਜ਼ਿਹਨੀ ਤੌਰ ਤੇ ਬੇਚੈਨ ਹੋ ਜਾਂਦਾ. ਬੀਤੇ ਨੂੰ ਯਾਦ ਕਰ ਉਹ ਬਹੁਤ ਉਦਾਸ ਹੋ ਜਾਂਦਾ। ਹੁਣ ਉਸਦਾ ਪਿਆਰ ਵਾਲਾ ਖੁਮਾਰ ਘਟਦਾ ਜਾ ਰਿਹਾ ਸੀ ਤੇ ਉਹ ਅਸਲੀਅਤ ਦੀ ਧਰਤੀ ਵੱਲ ਨੂੰ ਹੌਲੀ ੨ ਉਤਰ ਰਿਹਾ ਸੀ। ਪਿਆਰ ਦੇ ਲਫ਼ਜ਼ ਦੀ ਅਹਿਮੀਅਤ ਉਹਦੇ ਲਈ ਘਟਦੀ ਹੀ ਗਈ ਤੇ ਇਕ ਸਮਾਂ ਆਇਆ ਜਦ ਉਹ ਜ਼ੀਰੋ ਰਹਿ ਗਈ। ਹੁਣ ਜੇ ਉਹ ਕਿਸੇ ਕੁੜੀ ਨੂੰ ਮਿਲਦਾ ਵੀ ਤਾਂ ਬਾਕੀ ਦੋਸਤ ਮੁੰਡਿਆਂ ਵਾਂਗ ਹੀ। ਉਨ੍ਹਾਂ ਲਈ ਉਹਦੇ ਦਿਲ ਵਿਚ ਨਾ ਹੀ ਕੋਈ ਖਿੱਚ ਪੈਦਾ ਹੁੰਦੀ ਤੇ ਨਾ ਹੀ ਮਿਲਣ ਦੀ ਤਾਂਘ। ਬੱਸ ਕੋਈ ਆਉਂਦਾ ਹੈ ਤਾਂ ਆ ਜਾਵੇ, ਜਾਂਦਾ ਹੈ ਤਾਂ ਜਾਵੇ।

ਕੁਝ ਚਿਰ ਬਾਅਦ ਉਸਦੇ ਇਕ ਵਾਕਿਫਕਾਰ ਤੇ ਉਸ ਨੂੰ ਇਕ ਹੋਟਲ ਵਿਚ ਕੰਮ ਦਵਾ ਦਿੱਤਾ। ਇਥੇ ਹੀ ਉਹਦੀ ਮੁਲਾਕਾਤ ਕੈਥੀ ਨਾਲ ਹੋਈ। ਉਹ ਵੀ ਉਥੇ ਹੀ ਸਫ਼ਾਈ ਦਾ ਕੰਮ ਕਰਦੀ ਸੀ। ਕੈਥੀ ਨੇ ਉਸ ਨੂੰ ਦੱਸਿਆ ਕਿ ਕਿਵੇਂ ਉਸ ਦੇ ਮਿੱਤਰ-ਮੁੰਡੇ ਨੇ ਉਸ ਦਾ ਸਾਰਾ ਪੈਸਾ ਹਥਿਆ ਕੇ ਉਸ ਨੂੰ ਮਾਰਨ ਦੀ ਕੋਸਿਸ਼ ਕੀਤੀ ਸੀ ਕਿਉਂ ਕਿ ਉਹ ਕਿਸੇ ਹੋਰ ਨਾਲ ਵਿਆਹ ਕਰਵਾਉਣਾ ਚਾਹੁੰਦਾ ਸੀ। ਤੇ ਉਸ ਨੇ ਵੀ ਆਪਣੀ ਸਾਰੀ ਵਿਥਿਆ ਉਸਨੂੰ ਸੁਣਾ ਦਿਤੀ ਸੀ। ਬੱਸ ਏਨਾ ਕੁ ਹੀ ਸਾਂਝਾ ਸੀ ਉਨ੍ਹਾਂ ਵਿਚ। ਦੋਵਾਂ ਨੇ ਹੀ ਨਾ ਹੀ ਕੋਈ ਨੇੜੇ ਆਉਣ ਦੀ ਕੋਸ਼ਿਸ਼ ਕੀਤੀ ਨਾ ਹੀ ਦੂਰ ਜਾਣ ਦੀ। ਫਿਰ ਵੀ ਦਿਲੋਂ ਇਕ ਦੂਜੇ ਦੇ ਹਮਦਰਦ ਤੇ ਦੁੱਖ ਸਮਝਦੇ ਸਨ।

ਉਹ ਫਿਰ ਅਗੇਰੇ ਮਿਲਣ ਵਾਲੀਆਂ ਮੁਸ਼ਕਿਲਾਂ ਬਾਰੇ ਚਿੰਤਾਤੁਰ ਹੋ ਗਿਆ ਜੇ ਉਹ ਵਾਪਿਸ ਚਲਾ ਗਿਆ ਤਾਂ ਉਥੇ ਜਾ ਕੇ ਉਹ ਕਰੇਗਾ ਵੀ ਕੀ ? ਕਿੰਨਾ ਚੰਗਾ ਹੋਵੇ ਜੇ ਕੈਥੀ ਹੀ ਉਹਦੇ ਲਈ ਕੁਝ ਕਰ ਸਕੇ। ਪਰ ਜੋ ਕੁਝ ਕਰ ਸਕਦੇ ਸਨ ਜਦੋਂ ਓਨਾਂ ਹੀ ਨਾ ਕੀਤਾ ਤਾਂ ਏਹਨੇ ਕੀ ਕਰਨਾ ਹੈ। ਏਹਦੇ ਤੇ ਕਿਹੜਾ ਕੋਈ ਜ਼ੋਰ ਹੈ, ਨਾਲੇ ਉਹ ਤਾਂ ਅਮਰੀਕਾ ਆਪਣੀਆਂ ਛੁੱਟੀਆਂ ਬਿਤਾਉਣ ਲਈ ਗਈ ਹੋਈ ਹੈ। ਆ ਕੇ ਪੁੱਛੇਗੀ ਤਾਂ ਸਹੀ, ਉਹ ਕਿਥੇ ਹੈ।

ਅਜੇ ਪਤਾ ਨਹੀਂ ਕਿੰਨਾ ਚਿਰ ਉਹ ਇੰਜ ਹੀ ਸੋਚਾਂ ਦੀ ਤਾਣੀ ਵਿਚ ਉਲਝਿਆ ਰਹਿੰਦਾ ਕਿ ਭਾਰੇ ਬੂਟਾਂ ਦੀ ਪੈਰ ਚਾਪ ਫਿਰ ਉਹਨੂੰ ਉਧਰ ਆਉਂਦੀ ਸੁਣਾਈ ਦਿੱਤੀ। ਭਾਰੇ ਬੂਟਾਂ ਵਾਲੇ ਨੇ ਕੋਠੜੀ ਦਾ ਦਰਵਾਜ਼ਾ ਖੋਲ੍ਹਿਆ ਤੇ ਦੱਸਿਆ ਕਿ ਜਾਣ ਦਾ ਵਕਤ ਹੋ ਗਿਆ ਹੈ। ਬਾਹਰ ਆ ਕੇ ਉਹਨੇ ਕਪੜੇ ਪਾਏ ਤੇ ਭਾਰੇ ਬੂਟਾਂ ਵਾਲੇ ਦੇ ਨਾਲ ਹੋ ਤੁਰਿਆ। ਬਾਹਰ ਦਰਵਾਜ਼ੇ ਤੇ ਦੋ ਸਿਪਾਹੀ ਉਸ ਦੀ ਉਡੀਕ ਕਰ ਰਹੇ ਸਨ। ਉਹ ਉਸ ਨੂੰ ਨਾਲ ਲੈ ਏਅਰਪੋਰਟ ਨੂੰ ਰਵਾਨਾ ਹੋ ਗਏ।

ਹੁਣ ਉਹ ਏਅਰਪੋਰਟ ਤੇ ਪੁਲੀਸ ਵਾਲਿਆਂ ਦੀ ਨਿਗਰਾਨੀ ਵਿਚ ਬੈਠਾ ਸੀ। ਜਹਾਜ਼ ਜਾਣ ਵਿਚ ਅਜੇ ਵਕਤ ਬਾਕੀ ਸੀ। ਹਸਰਤ ਭਰੀਆਂ ਨਿਗਾਹਾਂ ਨਾਲ ਸ਼ੀਸ਼ਿਆਂ ਵਿਚ ਦੀ ਬਾਹਰ ਵੇਖ ਰਿਹਾ ਸੀ ਅਤੇ ਸੋਚ ਰਿਹਾ ਸੀ ਫਿਰ ਪਤਾ ਨਹੀਂ ਮੁਲਖ ਵੇਖਣ ਨੂੰ ਮਿਲੇ ਜਾਂ ਨਾਂ। ਦਿਲ ਵਿਚ ਅਜੇ ਵੀ ਕਿਸੇ ਦੀ ਉਡੀਕ ਸੀ, ਪਤਾ ਨਹੀਂ ਕੀਹਦੀ।

ਏਨੇ ਨੂੰ ਹਰਫਲੀ ਹੋਈ ਕੈਥੀ ਏਅਰਪੋਰਟ ਦੇ ਦਰਵਾਜ਼ੇ ਥਾਣੀਂ ਅੰਦਰ ਦਾਖਲ ਹੋਈ। ਕੈਥੀ ਨੇ ਇਕ ਨਜ਼ਰ ਚਹੁ ਪਾਸੀਂ ਮਾਰੀ ਅਤੇ ਉਸਦੀ ਨਜ਼ਰ ਉਸ ਉਪਰ ਠਹਿਰ ਗਈ। ਉਹ ਦੌੜਦੀ ਹੋਈ ਉਸ ਕੋਲ ਆ ਬੈਠੀ।

"ਤੂੰ ਏਥੇ ਕਿਵੇਂ ਕੈਥੀ" ਉਹਨੇ ਪੁਛਿਆ।

'ਮੈਨੂੰ ਰਾਤੀਂ ਹੀ ਜਦੋਂ ਮੈਂ ਛੁੱਟੀਆਂ ਤੋਂ ਵਾਪਿਸ ਆਈ ਤਾਂ ਪਤਾ ਲੱਗਾ ਕਿ ਤੈਨੂੰ ਇਮੀਗਰੇਸ਼ਨ ਵਾਲਿਆਂ ਫੜ ਲਿਆ ਹੈ। ਅਤੇ ਤੂੰ ਅਜ ਵਾਪਿਸ ਜਾ ਰਿਹਾ ਹੈ। ਮੈਂ ਤੇਰੇ ਲਈ ਕਰ ਤਾਂ ਕੁਝ ਨਹੀਂ ਸਕਦੀ, ਪਰ ਸੋਚਿਆ ਇਕ ਵਾਰ ਮਿਲ ਹੀ ਲਵਾਂ। "ਕੈਥੀ ਨੇ ਜੁਆਬ ਦਿਤਾ।

ਉਸਦਾ ਮਨ ਭਰ ਆਇਆ। ਉਸ਼ਦੇ ਰਿਸ਼ਤੇਦਾਰਾਂ ਵਿਚੋਂ, ਜਿਨ੍ਹਾਂ ਨੂੰ ਏਥੇ ਆਉਣਾ ਚਾਹੀਦਾ ਸੀ ਕੋਈ ਵੀ,ਨਹੀਂ ਆਇਆ ਸੀ।

"ਏਨਾਂ ਹੀ ਕਾਫੀ ਹੈ ਕਿ ਤੂੰ ਮੈਨੂੰ ਮਿਲਨ ਆ ਗਈ" ਉਸ ਕੈਥੀ ਦਾ ਹੱਥ ਘੁਟਦਿਆਂ ਕਿਹਾ।

ਜਹਾਜ਼ ਵਿਚ ਜਾਣ ਦੀ ਅਨਾਉਂਸਮੈਂਟ ਹੋ ਚੁੱਕੀ ਸੀ। ਪੁਲਸ ਵਾਲੇ ਉਸਨੂੰ ਜਹਾਜ਼ ਵਲ ਲੈ ਤੁਰੇ। ਅਤੇ ਉਹ ਕੈਥੀ ਵਲ ਭਰੀਆਂ ਅੱਖਾਂ ਨਾਲ ਵੇਖਦਾ ਸੋਚ ਰਿਹਾ ਸੀ ਕਿ ਇਹ ਕਿਹੜਾ ਰਿਸ਼ਤਾ ਸੀ ਜੋ ਕੈਥੀ ਨੂੰ ਏਅਰਪੋਰਟ ਤਕ ਖਿੱਚ ਲਿਆਇਆ ਸੀ।


ਵਤਨੋਂ ਦੂਰ
P.O. BOX 67681 STN. "O"
VANCOUVER, B.C. V5W 3V2

ਸ਼੍ਰੀ ਮਾਨ ਜੀ

* ਮੈਂ ਛੇ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਹੇਠ ਲਿਖੇ ਪਤੇ ਤੇ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਉ।

* ਮੈਂ ਦਸ ਡਾਲਰ ਭੇਜ ਰਿਹਾ ਹਾਂ। ਕਿਰਪਾ ਕਰਕੇ ਉਤਰੀ ਅਮਰੀਕਾ ਤੋਂ ਬਾਹਰ ਮੇਰੇ ਸਨੇਹੀ ਨੂੰ ਇਕ ਸਾਲ ਲਈ ਵਤਨੋਂ ਦੂਰ ਜਾਰੀ ਕਰ ਦਿਓ।

_ _ _ _ _ _ _ _ _ _ _ _
_ _ _ _ _ _ _ _ _ _ _ _
_ _ _ _ _ _ _ _ _ _ _ _
_ _ _ _ _ _ _ _ _ _ _ _

# ਸਵਾ ਲੱਖ ਦਾ ਕੁਸ਼ਗਨ

**ਸ਼ਮਸ਼ੇਰ ਭੱਟੀ**

ਬਸੰਤ ਰੁੱਤ ਲਗ ਭਗ ਜਾ ਚੁੱਕੀ ਸੀ। ਸੌਂਰੋਆਂ ਨੂੰ ਫਲੀਆਂ ਪੈ ਚੁੱਕੀਆਂ ਸਨ। ਕਿਤੇ ਕਿਤੇ ਨਿਸਾਰਾਂ ਦੇ ਉਪਰੋਂ ਦੀ ਕੋਈ ਕੋਈ ਫੁੱਲ ਅੱਧ-ਪਚੱਧੀਆਂ ਪੰਖੜੀਆਂ ਲਈ ਝੂਮਣ ਦੀ ਕੋਸ਼ਿਸ਼ ਕਰ ਰਿਹਾ ਸੀ। ਵਰਿਆਮ ਹਰਨਾਲੀ ਸਾਹਮੇ ਖੇਤ 'ਚ ਖੜ੍ਹਾ ਆਪ ਕਣਕ ਦੇ ਹਾਰ ਵਲ ਦੇਖਦਾ ਕੁਝ ਸੋਚਦਾ ਰਿਹਾ। 'ਇਹਨਾਂ ਨੂੰ ਵੀ ਇਕ ਅੱਧ ਦਿਨ 'ਚ ਫਲੀਆਂ ਪੈ ਜਾਣਗੀਆਂ। ਹੁਣ ਸਰਨੋਂ ਨੂੰ ਸਾਗ ਨਹੀਂ ਤੋੜਨਾ ਚਾਹੀਦਾ ਤੇ ਨਾਲੇ...। ਨਿਸਾਰ ਭਜਦਾ।' ਉਹ ਖਿਆਲ ਕਰਦਾ ਆੜ ਦੀ ਵੱਡੀ ਵੱਟ ਤੇ ਜਾ ਬੈਠਾ।

ਹਰਨਾਲੀ ਵਲੋਂ ਨਿਗਾਹ ਫੇਰ ਮਨ ਈ ਮਨ ਉਹਨੇ ਕਿਹਾ "ਜਰਾ ਠਹਿਰ ਕੇ ਜੋੜ ਲੈਨਾਂ।" ਅਤੇ ਉਹਦਾ ਮਨ ਵਾਵਰੋਲੇ ਦੀ ਮਿੱਟੀ ਵਾਂਗ ਖਿਆਲਾਂ ਨਾਲ ਭਰ ਗਿਆ। ਨਾ ਕੁਝ ਉਹਨੂੰ ਸੁੱਝ ਰਿਹਾ ਸੀ ਤੇ ਨਾ ਹੀ ਕੁਝ ਨਿੱਕਲ ਰਿਹਾ ਸੀ। ਜਦੋਂ ਸੁਭਾਵਕੀ ਉਹਦੀ ਨਜ਼ਰ ਸੂਰਜ ਵਲ ਗਈ, ਉਹ ਤਮਕ ਗਿਆ, "ਹੈਂ ਇਹ ਤਾਂ ਸਿਰ ਤੇ ਆਇਆ ਸਮਝ।" ਸੂਰਜ ਦੀ ਲਾਲ ਟਿੱਕੀ ਦੇਖੀ ਸੀ ਜਦੋਂ ਉਹਨੇ ਹਰਨਾਲੀ ਹਵੇਲੀ ਹੱਕੀ ਸੀ। ਉਹਨੇ ਖਿਆਲ ਕੀਤਾ ਕਿ ਉਹਨੂੰ ਹਲ ਜੋੜ ਲੈਣਾ ਚਾਹੀਦਾ ਹੈ। ਪਰ ਉਹ ਬੈਠਾ ਰਿਹਾ। ਕਈ ਕੁਝ ਨੇ ਉਹਦਾ ਮਨ ਘੇਰਿਆ ਹੋਇਆ ਸੀ। ਇਸ ਸਭ ਕੁਝ ਨੂੰ ਉਹ ਗੌਲ ਨਹੀਂ ਸੀ ਰਿਹਾ। ਇਹ 'ਕਿਉਂ' ਹੈ ਉਹਨੂੰ ਪਤਾ ਸੀ। ਕੀ ਕੁਝ ਹੈ ਉਹ ਸੋਚਣਾ ਨਹੀਂ ਸੀ ਚਾਹੁੰਦਾ। ਪਰ ਉਹ ਉਦਾਸ ਸੀ। ਉਹਨੂੰ ਇਹ ਪਤਾ ਸੀ। ਜੱਕੋਂ ਤੱਕੋਂ 'ਚ ਈ ਉਹਨੇ ਹਰਨਾਲੀ ਜੋੜੀ ਸੀ। ਜਦੋਂ ਬੇਧਿਆਨੇ ਉਹਦੀ ਨਿਗਾਹ ਟਿਊਬੈਲ ਵਾਲੇ ਛਤੜੇ ਤੇ ਪਈ। 'ਟਿਊਬੈਲ ਵਲ ਚੱਕਰ ਲਾ ਆਵੇ, ਦੋ ਦਿਨਾਂ ਤੋਂ ਟਿਊਬੈਲ ਤੇ ਨਹੀਂ ਆਇਆ।' ਪਰ ਉਹ ਬੈਠਾ ਰਿਹਾ। ਗੁੰਮ ਸੁੰਮ ਨਿਗਾਹ ਛਤੜੇ ਦੇ ਆਂਗਣ ਵਿਚ ਰੋਡੀਆਂ ਭੋਡੀਆਂ ਟਾਹਲੀਆਂ ਤੇ ਪਈ। 'ਕੂੰਬਲਾਂ ਫੁਟ ਆਈਆਂ ਹਨ। ਬਹਾਰ ਆ ਗਈ।' ਉਹਨੇ ਸੋਚਿਆ। ਕੱਮੋ ਦੀ ਯਾਦ ਜ਼ੋਰ ਨਾਲ ਉੱਠੀ। ਟਾਹਲੀਆਂ ਜੋ ਅਜੇ ਟਾਹਣਾਂ ਈ ਸਨ, ਕੱਮੋ ਨੇ ਲਾਈਆਂ ਸਨ। 'ਕੱਮਾ...ਦਰਸ਼ਨ...।' ਤੇ ਇਕ ਦਮ ਪਾਣੀ ਦੀ ਝਿੱਲੀ ਉਹਦੀਆਂ ਅੱਖਾਂ 'ਚ ਫੁੱਟ ਆਈ। ਨਿਮਰਤਾ ਦੀ ਝੂਣੀ ਲਾਹੁਣ ਲਈ ਉਹਨੇ ਆਪਣਾ ਸਿਰ ਝਟਕਿਆ ਅਤੇ ਬਦਲਾਂ ਵਲ ਦੇਖਣ ਲੱਗਾ। ਹਰਨਾਲੀ ਉਸੇ ਤਰ੍ਹਾਂ ਜੁੜੀ ਖੜ੍ਹੀ ਸੀ। ਬਲਦਾਂ ਦੇ ਮੂੰਹ ਤੇ ਛਿਕਲੀਆਂ ਸਨ ਅਤੇ ਉਹ ਬੜੇ ਅਰਾਮ ਨਾਲ ਬੇਖਬਰ ਉਗਾਲੀ ਕਰ ਰਹੇ ਸਨ। ਹਲ ਵੀ ਪੰਜਾਲੀ ਤੇ ਉਵੇਂ ਹੀ ਟੰਗਿਆ ਪਿਆ ਸੀ। ਸੋਚਿਆ ਕਿ ਉਠੇ ਤੇ ਹਲ ਜੋੜ ਲਵੇ। ਪਰ ਉਹ ਬੈਠਾ ਰਿਹਾ।

ਵੱਡੀ ਆੜ 'ਚ ਪੈਰ ਪਸਾਰੀ ਵੱਟ ਤੇ ਬੈਠਿਆਂ ਉਹਨੂੰ ਸ਼ਾਹ ਵੇਲਾ ਲਈ ਆਉਂਦੀ ਜੱਟੀ ਦਾ ਝਾਉਲਾ ਪਿਆ। 'ਕਿਤੇ ਸਰਨੋ ਨਾ ਹੋਵੇ' ਝੱਟਕੇ ਨਾਲ ਉਠ ਪਿੰਡ ਵਲੋਂ ਆਉਂਦੀ ਜੱਟੀ ਵਲ ਦੇਖਣ ਲਗਾ। ਕੁਝ ਦੇਰ ਨੀਝ ਲਾਈ ਦੇਖਦਾ ਰਿਹਾ। 'ਹੂੰ! ਇਹ ਤਾਂ ਕੋਈ ਹੋਰ ਈ ਆ।' ਚੁੱਪ ਚੁਪ ਉਹ ਬਲਦਾਂ ਵਲ ਦੇਖਣ ਲੱਗਾ। 'ਗੱਡੇ ਗੱਡੇ ਦਿਨ ਚੜ੍ਹ ਆਇਆ, ਹੁਣ ਨੂੰ ਤਾਂ ਭਾਵੇਂ ਦੋ ਰੈਲਾਂ ਪਾਰ ਕੀਤੀਆਂ ਹੁੰਦੀਆਂ। ਚਲ ਓ ਮਨਾਂ।' ਜਲਦੀ ਨਾਲ ਹਲ ਸਿਧਾ ਕੀਤਾ। 'ਪੁਊ—ਊ—ਚ' ਕਰ ਪੁਚਕਾਰਦਿਆਂ ਮੋਂਢੀ ਨੂੰ ਮੁੜਨ ਦਾ ਇਸ਼ਾਰਾ ਕਰ ਉਪਰਲੇ ਬਲਦ ਦੇ ਪੂਛੀਂ ਹੱਥ ਲਾ, ਚਕਰ ਕੱਟ ਰੈਲ ਵਲ ਲਈ।

ਦੌੜ ਭਜ ਕਰ ਉਹਨੇ ਰੈਲ ਅਧੀ ਜ਼ਿਆਦਾ ਵਾਹ ਲਈ ਸੀ। ਜਦੋਂ 'ਕਾਲੋ ਨਿਕੂ' ਨੇ ਪਿਛਿਓਂ ਆ ਪੰਜਾ ਅੜਾਇਆ। 'ਤੂੰ ਆ ਗਿਆਂ ਉਇ।' ਉਹਨੇ ਪਿਛੇ ਮੁੜ ਕੇ ਦੇਖਿਆ। ਸਰਨੋ ਦਸਾਂ ਕੁ ਕਰਮਾਂ ਦੀ ਵਿਥ ਤੇ ਖੇਤੋਂ ਪਰੇ ਸੀ। 'ਨਿੱਕੂ' ਕੁੱਤਾ ਬਲਦਾਂ ਦੇ ਅੱਗੇ ਹੋ ਉਹਨਾਂ ਨਾਲ ਖੇਲਦਾ ਕੁਦਦਾ ਤੇ ਉਹਨਾਂ ਦੇ ਸਾਹ ਸੁੰਘਦਾ ਅੱਗੇ ਅੱਗੇ ਹੋ ਤੁਰਿਆ। ਦੂਜੇ ਸਿਰੇ ਤੋਂ ਮੁੜਦਿਆਂ ਬਲਦਾਂ ਨੇ ਸਰਨੋਂ ਨੂੰ ਖੇਤ 'ਚ ਵੜਦਿਆਂ ਪਛਾਣ ਲਿਆ ਸੀ। ਉਹਨਾਂ ਕੱਠਿਆਂ ਅੜੰਭ ਮਾਰੀ। ਉਹਨਾਂ ਦੀ ਚਾਲ 'ਚ ਰਵਾਨੀ ਆ ਗਈ ਸੀ। ਜਿਵੇਂ ਉਹਨਾਂ ਪਿੱਛੇ ਕੋਈ ਹਲ ਨਾ ਹੋਵੇ। 'ਚਲੋ ਸੋਹਣਿਓ' ਵਰਿਆਮ ਨੇ ਬਲਦਾਂ ਨੂੰ ਦੁਲਾਰਿਆ। ਬਲਦਾਂ ਨੇ ਧੌਣਾਂ ਹੋਰ ਉਤਾਂਹ ਚੁੱਕ ਲਈਆਂ। ਚਾਲ ਹੋਰ ਤਿਖੀ ਹੋ ਗਈ। ਉਦੋਂ ਉਨ੍ਹਾਂ ਵਲ ਦੇਖ ਰਾਹੇ ਜਾਂਦਾ ਕੋਈ ਵੀ ਰਾਹੀ ਨਸ਼ਿਆ ਸਕਦਾ ਸੀ।

ਰੋਟੀ ਖਾਂਦਿਆਂ ਵਰਿਆਮ ਚੁੱਪ ਰਿਹਾ। ਇਕ ਦੋ ਵਾਰ ਸਰਨੋ ਨੇ ਗੱਲ ਛੇੜਨੀ ਚਾਹੀ, 'ਸੁਖੀ ਨੇ ਅੱਜ ਆ ਜਾਣਾ ਹੈ।'

'ਹੂੰ ਆਹੋ' ਵਰਿਆਮ ਨੇ ਬੁਰਕੀ ਅੰਦਰ ਲੰਘਾਉਂਦਿਆਂ ਜਵਾਬ ਦਿਤਾ। ਕਿੰਨੀ ਦੇਰ ਫਿਰ ਚੁੱਪ ਛਾਈ ਰਹੀ। ਸਰਨੋ ਨੇ ਇਕ ਦੋ ਵਾਰ ਵਰਿਆਮ ਨੂੰ ਫਿਰ ਘੋਖਿਆ। ਉਹ ਚੁੱਪ ਨੀਵੀਂ ਪਾਈ ਰੋਟੀ ਖਾਈ ਜਾ ਰਿਹਾ ਸੀ।

'ਸੁਖੀ ਨੂੰ ਦੇਖ ਆਵੀਂ' ਉਹ ਫਿਰ ਬੋਲੀ।

'ਹੂੰ—ਹੂੰ ਹੂੰ।' ਰੋਟੀ ਖਾ ਉਹਨੇ ਅਪਣੇ ਹੱਥ 'ਚ ਅਖੀਰੀ ਰੋਟੀ ਨਿੱਕੂ ਨੂੰ ਦਿਤੀ।

ਸਰਨੋ ਨੇ ਉੱਠ ਬਲਦਾਂ ਦੀਆਂ ਛਿਕਲੀਆਂ 'ਚੋਂ ਇਕ ਇਕ ਰੋਟੀ ਦੋਨਾਂ ਬਲਦਾਂ ਨੂੰ ਦਿਤੀ। ਉਹਨਾਂ ਦਾ ਮੱਥਾ ਪਲੋਸਿਆ ਤੇ ਬਲਦਾਂ ਨੂੰ ਅਪਣੇ ਹੱਥ ਚਟਾਏ। ਬਲਦਾਂ ਨੇ ਇਸ ਲੋਰੀ 'ਚ ਮਸਤੀ ਪੀ ਅਪਣੀਆਂ ਧੌਣਾਂ ਠੰਡਕੀਆਂ।ਫਿਰ ਸਰਨੋ ਨੇ ਬਲਦਾਂ ਨੂੰ ਥਾਪੀ ਦਿਤੀ ਅਤੇ ਮੁੜ ਭਾਂਡੇ ਬੰਨੇ ਤੇ ਸ਼ੁਰੂ ਕੀਤੇ। ਵਰਿਆਮ ਚੁਪ ਚਾਪ ਦੇਖਦਾ ਰਿਹਾ। ਕੁਝ ਪੁਛਣਾ ਚਾਹੁੰਦਾ ਵੀ ਚੁਪ ਰਿਹਾ।

ਭਾਂਡੇ ਚੁੱਕ ਸਰਨੋ ਖੜ੍ਹੀ ਹੋਈ। 'ਨਿਕੂ' ਵੀ ਝੱਟ ਨਾਲ ਉਠ ਉਹਦੇ ਅਗੇ ਹੋ ਗਿਆ। ਮੁੜਦੀ ਹੋਈ ਉਹ ਫਿਰ ਬੋਲੀ -"ਫਿਰ ਕੋਨ੍ਹੀ ਆਂ ਜਲਦੀ ਆ ਕੇ ਸੁੱਖੀ ਦੇ ਪਿੰਡ ਜਾ ਆਮੀਂ।"

ਵਰਿਆਮ ਉਹਦੀ ਪਿੱਠ ਵਲ ਦੇਖਦਾ ਰਿਹਾ। 'ਉਹ ਕੀ ਪੁਛਣਾ ਚਾਹੁੰਦਾ ਸੀ।' ਦਿਮਾਗ ਤੇ ਜ਼ੋਰ ਪਾਉਂਦਾ ਬੋਲਿਆ, ਜਦੋਂ ਸਰਨੋ ਬੰਨੇ ਕੋਲ ਪਹੁੰਚ ਚੁੱਕੀ ਸੀ, 'ਕਮਲੀ ਚਲੀ ਗਈ ਸੀ ਭਲਾ ਪੜ੍ਹਨ।'

'ਆਹੋ।' ਰਸਤੇ 'ਚ ਪੈਰ ਪਾਉਂਦਿਆਂ ਸਰਨੋ ਨੇ ਜਵਾਬ ਦਿਤਾ। ਸਰਨੋ ਪਿੰਡ ਨੂੰ ਮੁੜ ਤੁਰ ਪਈ ਸੀ। ਵਰਿਆਮ ਸਰਨੋ ਨੂੰ ਪਿਛਿਓਂ ਦੇਖਦਾ ਰਿਹਾ। ਉਹਦੀਆਂ ਨਿਕੀਆਂ ਨਿਕੀਆਂ ਅੱਖਾਂ ਚ ਗਰਮ ਉਤੇਜਣਾ ਉਠ ਆਈ। ਉਹਦੇ ਸਰੀਰ ਵਿਚ ਇਕ ਤਿੱਖੀ ਲਹਿਰ ਉਠੀ। ਸਰਨੋ ਕਣਕਾਂ ਦੇ ਉਹਲੇ ਹੋ ਗਈ ਸੀ। ਉਹ ਮੁੜ

ਚੁਪ ਜਿਹਾ ਹੋ ਗਿਆ। ਠੰਡਾ ਠੰਡਾ।

o o

'ਫਿਰ ਜਾ ਆਉਂਦਾ।'

'ਜਾਨਾਂ ਕੁ, ਆਹ—' ਸਰਨੋ ਦੀ ਉੱਚੀ ਆਵਾਜ਼ ਉਹਨੂੰ ਇਕ ਦਮ ਡਰਾ ਈ ਗਈ ਸੀ। ਚਾਹ ਵਾਲਾ ਗਲਾਸ ਹੱਥੋਂ ਡਿਗਦਾ ਮਸਾਂ ਮਸਾਂ ਸੰਭਾਲਿਆ। ਤੈਨੂੰ ਤਾਂ ਖੌਰਿਆ ਕੀ ਹੋਇਆ ਰਹਿੰਦਾ ਆ—।'

'ਹੋਣਾ ਕੀ ਆ' ਸਰਨੋ ਦੇ ਜਵਾਬ 'ਚ ਉਲਾਹਮਾ ਸੀ। ਲੜਾਈ ਵੀ ਸੀ। 'ਦੋਨੋਂ ਕੱਠੇ ਈ ਚੜ੍ਹੇ ਸਨ। ਕੁਸ ਤਾਂ ਦਸੂਊਦੀ।

'ਹੂੰ ਹੂੰ। ਤੂੰ ਭਲਾ ਕਿਉਂ ਸੰਤੋਖ ਨੀ ਕਰਦੀ।'

'ਤੈਨੂੰ ਵੀ ਪਤਾ ਨੀ ਕੀ ਹੋ ਗਿਆ। ਸਾਰੇ ਜਹਾਨ ਦੇ ਮੁੰਡੇ ਆਉਂਦੇ ਆ, ਮੇਰੇ ਈ—।' ਚੁੱਲ੍ਹੇ ਦੇ ਲਾਗੇ ਬੈਠੀ ਸਾਗ ਚੀਰਦੀ ਸਰਨੋ ਦਾ ਦਿਲ ਭਰ ਆਇਆ ਸੀ। ਉਹਦੀ ਅਵਾਜ਼ ਦਰਵ ਗਈ ਸੀ। ਉਹ ਚੁੱਪ ਕਰ ਗਈ। ਸਿਰ ਤੇ ਲਏ ਦੁਪੱਟੇ ਨਾਲ ਅੱਖਾਂ ਪੂੰਝਦੀ ਚੁਲ੍ਹੇ ਤੇ ਚੜ੍ਹੇ ਹੋਏ ਭਾਂਡੇ 'ਚ ਸਾਗ ਪਾਉਣ ਲੱਗੀ। ਰੋਂਦਿਆਂ ਕਿਤੇ ਉਹਦੀ ਸਿਸਕੀ ਨਿਕਲ ਹੀ ਜਾਂਦੀ।

ਸਰਨੋ ਦਾ ਦੁੱਖ ਵਰਿਆਮ ਦੇ ਦਿਲ 'ਚ ਨਸ਼ਤਰ ਚਲਾ ਰਿਹਾ ਸੀ। ਉਹ ਚੌਂਕੇ ਦੀ ਕੰਧ ਨਾਲ ਹਵੇਲੀ ਵਲ ਦੇ ਪਾਸੇ ਬੈਠਾ ਚਾਹ ਪੀ ਰਿਹਾ ਸੀ। ਸਰਨੋ ਦੀਆਂ ਸਿਸਕੀਆਂ ਉਹਨੂੰ ਸੁਣਨ ਲੱਗੀਆਂ ਸਨ। ਹੋਰ ਬਿੜਕ ਲੈਣ ਲਈ ਉਹਨੇ ਅਪਣਾ ਕੰਨ ਕੰਧ ਨਾਲ ਲਾਇਆ। ਸਰਨੋ ਦੀਆਂ ਸਿਸਕੀਆਂ ਸਾਫ ਸੁਣ ਰਹੀਆਂ ਸਨ। ਸੁੱਖੀ ਦਾ ਕਨੇਡਾ ਤੋਂ ਆਉਣਾ ਮਿਟ ਚੁੱਕੇ ਜਖ਼ਮਾਂ ਨੂੰ ਫਿਰ ਛਿਲ ਗਿਆ ਸੀ।

ਅੱਜ ਵਰਿਆਮ ਦਾ ਆਪ ਵੀ ਹਲ ਵਾਹੁਣ ਨੂੰ ਦਿਲ ਨਹੀਂ ਸੀ ਕਰਦਾ। ਹਰ ਫੇਰੇ ਉਹ ਬਲਦਾਂ ਨੂੰ ਖੜ੍ਹਾ ਲੈਂਦਾ। ਲਹਿਰਾ ਰਹੀਆਂ ਕਣਕਾਂ ਦੇਖ ਉਹਦਾ ਮਨ ਭਰ ਭਰ ਜਾਂਦਾ। ਉਹਦੇ ਮੁੰਡਿਆਂ ਦੀ ਯਾਦ ਹੋਰ ਗੂੜ੍ਹੀ ਹੋ ਹੋ ਆਉਂਦੀ। ਉਹਨੂੰ ਲਗਦਾ ਰਿਹਾ ਐਥੇ ਕੁ ਕਿਤੇ ਹੀ ਉਹ ਖੇਡਦੇ ਹੁੰਦੇ। ਐਥੇ ਕੁ ਕਿਤੇ ਉਹ ਬੈਠੇ ਬੈਠੇ ਕਪੜੇ ਲਾਹ ਝੱਟ ਕਬੱਡੀ ਖੇਡਣ ਲੱਗ ਪੈਂਦੇ। ਐਥੇ ਕੁ ਕਿਤੇ ਘੁਲਦੇ ਹੁੰਦੇ। ਅੱਜ ਕੋਈ ਨਹੀਂ ਸੀ। ਹਾਰ, ਹਰਾਸਿਆ ਉਹ ਬਲਦਾਂ ਨੂੰ ਹੱਕ ਲੈਂਦਾ। ਐਥੇ ਕਿਤੇ ਖੇਤਾਂ ਨੂੰ ਪਾਣੀ ਲਾਉਂਦੇ ਹੁੰਦੇ। ਉਹਨੂੰ ਲਗਦਾ ਇਧਰੋਂ ਕਿਤਿਉਂ ਮੋਢੇ ਤੇ ਕਹੀ ਧਰੀ ਕਮਾ ਆ ਨਿਕਲੇਗਾ। ਐਥੋਂ ਈ ਕਿਤਿਉਂ ਦਰਸ਼ਨ ਕਿਸੇ ਗੀਤ ਦੀ ਹੇਕ ਲਾਉਂਦਾ ਆ ਜਾਵੇਗਾ। ਪਰ ਕੋਈ ਨਾ ਆਉਂਦਾ। ਅੱਖਾਂ 'ਚ ਪਾਣੀ ਭਰੀ ਉਹ ਬਲਦਾਂ ਨੂੰ ਫਿਰ ਹੱਕ ਲੈਂਦਾ। ਐਥੇ ਕੁ ਕਿਤੇ ਉਹ ਬਹਿਸਦੇ ਹੁੰਦੇ। ਬਹਿਸਦੇ ਬਹਿਸਦੇ ਉਚੀ ਬੋਲਣ ਲਗਦੇ। ਉਚੀ ਬੋਲਦੇ ਹੌਲੀ ਹੋ ਜਾਂਦੇ। ਉਹਨੂੰ ਲਗਦਾ ਉਹ ਹੁਣ ਵੀ ਲੜੇ, ਹੁਣ ਵੀ ਲੜੇ। ਪਰ ਕੋਈ ਨਾ ਲੜਦਾ ਤੇ ਬਲਦਾਂ ਨੂੰ ਹੱਕ ਲੈਂਦਾ। ਇਸੇ ਚਾਲੇ ਅੱਜ ਉਸਤੋਂ ਚੌਥਾ ਹਿੱਸਾ ਵੀ ਖੇਤ ਨਹੀਂ ਸੀ ਵਾਹਿਆ ਗਿਆ।

'ਕੀ ਕੈਂਦਾ ?' ਸਰਨੋ ਨੇ ਉਹਦੇ ਖਿਆਲਾਂ ਦੀ ਲੜੀ ਨੂੰ ਫਿਰ ਤੋੜ ਦਿਤਾ। 'ਜਾ ਆਉਂਦਾ।

'ਅਛਾ—ਆ' ਵਰਿਆਮ ਨੂੰ ਲਗਿਆ ਸਰਨੋ ਨੇ ਵਿਚੋਂ ਈ ਟੋਕ ਪੁੱਤਰਾਂ ਦੀ ਯਾਦ ਖਿੰਡਾ ਦਿਤੀ ਆ। ਉਹਨੂੰ ਸਰਨੋ ਤੇ ਖਿਝ ਆਈ। ਉਹਨੂੰ ਪੈਰਾਂ 'ਚ ਕੁਝ ਪੀੜ ਮਹਿਸੂਸ ਹੋਈ। ਪੈਰੋਂ ਜੁੱਤੀ ਚੁਤੜਾਂ ਥੱਲੇ ਧਰ ਚੌਂਕੇ ਵਾਲੀ ਕੰਧ ਦਾ ਢਾਸਣਾ ਲਾ ਉਹ ਚਾਹ ਪੀਂਦਾ ਰਿਹਾ।

ਉਹਨੂੰ ਖੁਦ ਪਤਾ ਸੀ, ਅੱਜ ਸੁਖੀ ਨੇ ਆਉਣਾ ਆ ਕਨੇਡਾ ਤੋਂ। ਸਰਨੋਂ ਵੀ ਦੁਹਰਾਉਂਦੀ ਰਹੀ ਸੀ। ਸਤਵੇਂ ਪਹੁੰਚ ਰਿਹਾ ਆ, ਸੁੱਖੀ ਪੰਜਵੇਂ ਆ ਜਾਵੇਗਾ। ਸੁੱਖੀ ਪਰਸੋਂ ਆ ਜਾਵੇਗਾ, ਸੁੱਖੀ ਨੇ ਕਲ੍ਹ ਨੂੰ ਆਉਣਾ ਆ। ਤੇ ਅੱਜ।

ਛੇ ਮਹੀਨੇ ਹੋਣ ਨੂੰ ਆ ਗਏ ਸਨ। ਕਮੇ ਦਾ ਕੋਈ ਚਿੱਠੀ ਪੱਤਰ ਨਹੀਂ ਸੀ ਆਇਆ। ਉਦੋਂ ਇਕ ਤਾਰ ਆਈ ਸੀ: **'Karmjit has been killed'** ਉਪਰੋਂ ਸੁਖਵੰਤ ਦੀ ਇਕ ਚਿੱਠੀ। ਇਹਨਾਂ ਛੇਆਂ ਮਹੀਨਿਆਂ ਨੇ ਈ ਵਰਿਆਮ ਦੀ ਉਮਰ ਅੱਧੀ ਕਰ ਦਿਤੀ ਸੀ। ਪਚਵੰਜਾ ਦਾ ਵਰਿਆਮ ਪੰਜਤਰੀ ਦਾ ਹੋਇਆ ਲਗਦਾ ਸੀ। ਸਿਹਤ ਖਾਧੀ ਗਈ ਸੀ। ਵਾਲ ਚਿਟਿਆਈ ਨਾਲ ਭਰ ਗਏ ਸਨ। ਅੱਖਾਂ ਨਿੱਕੀਆਂ ਨਿੱਕੀਆਂ ਅਤੇ ਮੋਢੇ ਲਿਫਣ ਲਗ ਪਏ ਸਨ।

'ਕਮਲੇ ਨੇ ਕਦੋਂ ਆਉਣਾ ਭਲਾ ਪੜ੍ਹ ਕੇ' ਅਚਾਨਕ ਉਹਨੂੰ ਕਮਲਜੀਤ ਦੀ ਯਾਦ ਆਈ। ਕਮਲਜੀਤ ਈ ਰਹਿ ਗਈ ਸੀ ਉਹਦੇ ਧੀਆਂ ਪੁੱਤਾਂ 'ਚ ਉਹਨਾਂ ਦੀ ਜ਼ਿੰਦਗੀ 'ਚ ਕਮਲਜੀਤ ਲਈ ਲਾਭ ਭਰੀ ਕਾਂਗ ਉਹਦੇ ਸਰੀਰ 'ਚ ਦੌੜ ਗਈ। ਉਹਦੀਆਂ ਅੱਖਾਂ 'ਚ ਗੰਭੀਰਤਾ ਭਰੀ ਚਮਕ ਉਠੀ।

'ਹੋਰ ਘੰਟੇ ਨੂੰ ਭਮਾਂ।'

'ਮੈਂ ਕਿਹਾ ਉਹਦਾ ਮੂੰਹ ਈ ਦੇਖ ਜਾਂਦਾ।'

'ਮੈਨੂੰ ਤਾਂ ਲਗਦਾ ਅੱਗੇ ਵਾਲੇ ਵੇਲੇ ਈ ਆਊ।'

'ਅੱਛਾ।'

o o

ਸੂਰਜ ਖੜ੍ਹੇ ਖੜ੍ਹੇ ਵਰਿਆਮ ਬਸੀ ਪਹੁੰਚ ਗਿਆ। ਵੇਹੜੇ 'ਚ ਬੈਠਾ ਤਾਰਾ ਸਿੰਘ ਚਾਹ ਪੀ ਰਿਹਾ ਸੀ। ਉਹਦੇ ਕਪੜੇ ਲੱਤੇ ਦੇਖ ਵਰਿਆਮ ਦੇ ਸਰੀਰ 'ਚ ਪਲ ਭਰ ਲਈ ਝੁਣਝੁਣੀ ਜਹੀ ਆਈ। ਲਗਦਾ ਸੁਖਵੰਤ ਆ ਗਿਆ ਸੀ।

'ਸਅਸਰੀ ਅਕਾਲ ਵਰਿਆਮ ਸਿਆਂ'

'ਸਸਰੀ ਕਾਲ'

'ਆਉ ਬੈਠੋ' ਤਾਰਾ ਸਿੰਘ ਨੇ ਇਸ਼ਾਰੇ ਨਾਲ ਵਰਿਅਮ ਨੂੰ ਅਪਣੇ ਮੰਜੇ ਤੇ ਬੈਠਣ ਲਈ ਕਿਹਾ। ਆਪ ਉਸ ਕੰਧ ਨਾਲ ਖੜ੍ਹਾ ਮੰਜਾ ਡਾਹ ਲਿਆ।

'ਕੀ ਹਾਲ ਆ 'ਬਾਹਦਰ' ਦਾ', ਮੰਜੇ ਤੇ ਬੈਠਦਾ ਵਰਿਆਮ ਬੋਲਿਆ।

'ਠੀਕ ਆ, ਆ ਤੇ ਗਿਆ ਪਰ ਅਜੇ ਪਿੰਡ ਨਹੀਂ ਪਹੁੰਚਿਆ। ਮੈਂ ਵੀ ਆਉਨਾ ਈ ਪਿਆਂ ਮਾਲ ਅਸਬਾਬ ਤਾਂ ਮੇਰੇ ਕੋਲ ਭੇਜ ਦਿਤਾ ਸੀ, ਆਪ ਸ਼ਹਿਰ ਰੁਕ ਗਿਆ। ਕਿਸੇ ਦੋਸਤ ਮਿਤਰ ਦਾ ਸੁਨੇਹਾ ਪਹੁੰਚਾਣਾ ਸੀ।'

'ਆਹੋ, ਫਿਰ ਕੱਠੇ ਰਹਿੰਦਿਆਂ ਦਾ ਸਹੇਲ ਵੀ ਤਾਂ ਹੋ ਈ ਜਾਂਦਾ। ਸਿਹਤ ਕਿਵੇਂ ਆ 'ਬਰਖੁਰਦਾਰ' ਦੀ।'

'ਡਾਢੀ ਆ' ਤਾਰਾ ਸਿੰਘ ਨੇ ਤੁਰੰਤ ਜਵਾਬ ਦਿਤਾ। ਉਹਨੂੰ ਹੌਸਲਾ ਸੀ। ਤਾਰਾ ਸਿੰਘ ਦੇ ਚਿਹਰੇ ਤੇ ਖੁਸ਼ੀ ਭਰੇ ਖੇੜੇ ਦਾ ਖਲਾਰ ਤਕ ਵਰਿਆਮ ਦੇ ਮਨ 'ਚ ਉਦਾਸੀ ਛਾ ਗਈ। ਖਾਲੀ ਖਾਲੀ ਜਹੀ।

'ਤਾਰਾ ਸਿੰਘ ਦੀ ਖੁਸ਼ੀ 'ਚ ਕੋਈ ਵਿਘਨ ਨਾ ਪਵੇ' ਸੋਚਦਿਆਂ

ਉਸ ਨੇ ਆਪਣਾ ਆਪ ਕੱਠਾ ਕੀਤਾ। ਖੁਸ਼ੀ ਵਧਾਉਂਦਿਆਂ ਹੌਸਲੇ ਭਰਪੂਰ ਗੱਲਾਂ ਕੀਤੀਆਂ। ਸੂਰਜ ਹਰ ਪਲ ਹੁਣ ਤੇਜ਼ੀ ਨਾਲ ਠਾਂਹ ਜਾਂਦਾ ਦੇਖ ਉਹ ਅਖੀਰ ਬੋਲਿਆ : 'ਅੱਛਾ, ਦੇਖਣ ਨੂੰ ਰੂਹ ਕਰਦੀ ਸੀ। ਸ਼ਾਇਦ ਦੇਰ ਈ ਕਰ ਕੇ ਆਵੇ ਸੁਖਵੰਤ।'

'ਨਹੀਂ ਮੈਂ ਤਾਂ, ਪੱਕਾ ਕਰ ਆਇਆ ਸੀ। ਜਲਦੀ ਪਹੁੰਚ ਜਾਮੀਂ। ਦੇਰ ਅਵੇਰ ਨਾ ਕਰ ਆਮੀਂ। ਦੇਖੋ ਜੀ ਭਲਾਂ ਕੋਈ ਵਸਾਹ ਆ ਸਮੇਂ ਦਾ।'

'ਆਹੋ ਘਰ ਭੈਣ ਭਰਾ ਵੀ ਰਾਹ ਪਏ ਤਕਦੇ ਆ। ਇਹਨਾਂ ਨੂੰ ਵੀ ਖੁਸ਼ੀ ਹੋਣੀ ਹੋਈ ਕਿ।' ਬੋਲਦਾ ਬੋਲਦਾ ਉਹ ਫਿਰ ਚੁੱਪ ਕਰ ਗਿਆ। ਉਹਨੂੰ ਕਮਲਜੀਤ ਦਾ ਖਿਆਲ ਆਇਆ। ਉਹਨੂੰ ਸਭੇ ਰਾਹਾਂ ਸੁੰਨ ਸੁੰਨ ਜਾਪੀਆਂ, ਖਾਲੀ ਖਾਲੀ। ਆਪਣਾ ਉਦਾਸ ਚੇਹਰਾ ਲਕੋਂਦਾ ਉਹ ਧਰਤੀ ਤੇ ਦੇਖਣ ਲਗਾ।

ਬੇਧਿਆਨੇ ਥੱਲੇ ਵਲ ਦੇਖਦਾ, ਚਾਹ ਵਾਲੇ, ਗਲਾਸ ਨੂੰ ਹੱਥਾਂ 'ਚ ਘੁਮਾਉਂਦਾ ਉਹ ਸੋਚਦਾ ਰਿਹਾ, 'ਪੁੱਛ ਲਵੇਂ ਕੱਮੇ ਵਾਰੇ, ਕੁਝ ਤਾਂ ਦਸਿਆ ਈ ਹੋਊ ਸੁੱਖੀ ਨੇ। ਕੋਈ ਗੱਲ ਤਾਂ ਕੀਤੀ ਈ ਹੋਊ ਤਾਰਾ ਸਿੰਘ ਨੇ ਸੁੱਖੀ ਨਾਲ ਕੱਮੇ ਮੁਤਲਕ। ਉਹਦਾ ਮਨ ਟੁੱਟ ਜਾਂਦਾ। ਉਹ ਆਪ ਈ ਕਿਵੇਂ ਪੁੱਛੇ ਆਪਣੇ ਪੁੱਤ ਦੀ ਮੌਤ ਦਾ ਹਾਲ। ਉਹ ਆਪ ਈ ਕਿਸ ਤਰ੍ਹਾਂ ਛੇੜ ਲਵੇ ਆਪਣੇ ਜ਼ਖਮਾਂ ਨੂੰ।' ਉਹਨੂੰ ਤਾਰਾ ਸਿੰਘ ਤੇ ਖਿਝ ਆਈ। 'ਤਾਰਾ ਸਿੰਘ ਆਪ ਈ ਕਿਉਂ ਨਹੀਂ ਦਸ ਦਿੰਦਾ। ਨੀਵੀਂ ਪਾਈ ਉਹਨੇ ਭਰਵੱਟੇ ਤਾਂਹ ਨੂੰ ਕੇ ਤਿਖੀਆਂ ਅੱਖਾਂ ਨਾਲ ਤਾਰਾ ਸਿੰਘ ਵਲ ਦੇਖਿਆ। ਤਾਰਾ ਸਿੰਘ ਨੀਵੀਂ ਪਾਈ ਇਕ ਟੱਕ ਆਪਣੇ ਸੱਜੇ ਪੈਰ ਵਲ ਦੇਖਦਾ ਜੋ ਨਿਰੰਤਰ ਹਿਲ ਰਿਹਾ ਸੀ ਸੋਚਦਾ 'ਦੱਸ ਦੇਵੇ, 'ਦੱਸ ਦੇਵੇ ਸੁਖਵੰਤ ਨੇ ਜੋ ਕੁਝ ਦਸਿਆ ਸੀ। ਦੱਸ ਦੇਵੇ ਕੱਮਾ ਕਿੰਨਾ ਬਹਾਦਰ ਪੁੱਤਰ ਸੀ ਵਰਿਆਮ ਸਿਆਂ। ਉਹ ਪੰਜਾਂ ਆਦਮੀਆਂ ਨਾਲ ਲੜਦਾ ਅਖੀਰ ਕਿਵੇਂ ਢਹਿ ਪਿਆ ਸੀ ਪਰ ਈਨ ਨਹੀਂ ਸੀ ਮੰਨੀ ਉਹ ਵੀ ਇਕ ਚਾਕੂ ਉਹਨੂੰ ਲੈ ਗਿਆ। ਪਰ ਕਿਵੇਂ ? ਕਿਵੇਂ ਉਹ ਉਹਦੇ ਮੁੜ ਜ਼ਖਮਾਂ ਨੂੰ ਛਿਲ ਲਵੇ। ਅਜੇ ਪਹਿਲੇ ਦੇ ਤਾਂ ਮਿਟੇ ਨਹੀਂ ਸਨ। ਫਿਰ ਇਹ ਹੋਰ -' ਬੁਲ੍ਹਾਂ ਤੇ ਆਈ ਗੱਲ ਨੂੰ ਉਸ ਕਈ ਵਾਰ ਰੋਕਿਆ। ਦੋਨਾਂ ਵਿਚਕਾਰ ਪੱਸਰੀ ਚੁੱਪ ਦੇ ਭਾਰ ਹੇਠ ਆ ਪਤਾ ਨਾ ਲਗਾ ਕਦੋਂ ਉਹਦੇ ਬੁਲ੍ਹ ਖੁਲ੍ਹ ਗਏ। 'ਵਰਿਆਮ ਸਿਆਂ, ਸੁਖਵੰਤ ਦਸਦਾ ਸੀ। ਕੁਝ ਨਸਲੀ ਗੋਰੇ ਉਹਨਾਂ ਦੇ ਦੋਸਤ ਦਾ ਘਰ ਤੰਗ ਕੀਤਾ ਕਰਦੇ ਸਨ। ਰਾਖੀ ਕਰਨ ਲਈ ਉਹਨਾਂ ਇਹਨਾਂ ਨੂੰ ਸੱਦ ਲਿਆ। ਉਧਣ ਅੱਧੀ ਤੋਂ ਜ਼ਿਆਦਾ ਰਾਤ ਸੀ ਜਦੋਂ ਉਹਨਾਂ ਘਰ ਦੇ ਤਾਕੀਆਂ ਸ਼ੀਸ਼ੇ ਭੰਨਣੇ ਸ਼ੁਰੂ ਕੀਤੇ। ਇਹਨਾਂ ਜਲਦੀ ਨਾਲ ਘਰੋਂ ਨਿਕਲ ਉਹਨਾਂ ਨੂੰ ਘੇਰਾ ਪਾ ਲਿਆ। ਪਰ ਕਰਮਜੀਤ ਕੱਲਾ ਈ ਚੌਂਹ ਪੰਜਾਂ ਦੇ ਘੇਰੇ 'ਚ ਆ ਗਿਆ ਤੇ ਪਤਾ ਨਹੀਂ ਲਗਾ ਕਦੋਂ ਉਹਦੇ ਚਾਕੂ ਖੋਭ ਦਿਤਾ ਕਿਸੇ ਕੁੱਤੇ ਨੇ।'

'ਹੂ ਹੂਅ' ਨਾਂਹ 'ਚ ਉਂਘਾਰਾ ਭਰਦਿਆਂ ਅਤੇ ਹੱਥ ਮਾਰ-ਦਿਆਂ ਉਹਨੇ ਤਾਰਾ ਸਿੰਘ ਨੂੰ ਚੁੱਪ ਕਰਾ ਦਿਤਾ। ਉਹਦੇ ਅੱਗੇ ਕੱਮੇ ਦਾ ਨਿਹਛਲ ਤੇ ਹਸਮੁੱਖ ਚੇਹਰਾ, ਫਿਰ ਰਿਹਾ ਸੀ। ਉਹ ਨਹੀਂ ਸੀ ਚਾਹੁੰਦਾ ਉਹ ਗੁੱਮ ਜਾਵੇ। ਉਹਨੇ ਭਰੇ ਹੋਏ ਦਿਲ ਚੋਂ ਉਛਲ ਉਛਲ ਪੈਂਦਾ ਪਾਣੀ ਦਿਲ 'ਚ ਹੀ ਜ਼ਿਬਾਹ ਕਰ ਦਿਤਾ। ਉਹਦੀਆਂ ਅੱਖਾਂ 'ਚ ਪਾਣੀ ਦੀ ਚਮਕ ਸੀ। ਅੱਖਾਂ ਅੱਗੇ ਹਨੇਰਾ ਛਾ ਰਿਹਾ ਸੀ ਅਤੇ ਉਹ ਥਲੇ ਵਲ ਦੇਖਣ ਲਗਾ।

'ਭਾਪਾ ਜੀ ਭਾ ਜੀ ਅਜੇ ਵੀ ਨਹੀਂ ਆਇਆ। ਅਸੀਂ ਔਹ, ਔਹ ਪੱਕੀ ਸੜਕ ਅੱਧੀ ਦੇਖ ਕੇ ਆਏ ਆਂ।' ਭਜੀ ਦੀ ਠਾਹ ਕਰਦੀ ਗੱਲ ਨੇ ਵਰਿਆਮ ਨੂੰ ਯਾਦਾਂ ਦੀ ਜਿਲ੍ਹਣ 'ਚੋਂ ਧੂਹ ਲਿਆਂਦਾ। ਭਜੀ, ਸੁਖੀ ਦਾ ਛੋਟਾ ਭਰਾ ਅਜੇ ਬਾਰ੍ਹਾਂ ਕੁ ਸਾਲਾਂ ਦਾ ਸੀ। ਉਹਦੇ ਨਾਲ ਉਹਦੇ ਹਾਣੀਆਂ ਦੀ ਹੇੜ। ਉਹਨਾਂ ਸਭ ਨੂੰ ਸੁਖਵੰਤ ਦਾ ਕਨੇਡਾ ਤੋਂ ਆਉਣ ਦਾ ਇਕੋ ਜਿਹਾ ਈ ਚਾ ਸੀ। ਉਹ ਉਨ੍ਹੀਂ ਪੈਰੀਂ ਹੀ ਵਾਪਸ ਦੌੜ ਗਏ।

'ਅੱਛਾ...ਹੁਣ ਤਾਂ ਨ੍ਹੇਰਾ ਵੀ ਉਤਰ ਰਿਹਾ, ਮੈਂ ਤੇ ਚਲਦਾਂ ਫਿਰ।'

'ਕੋਈ ਨੀ ਥੋੜ੍ਹੀ ਰੋਟੀ—'

'ਨਹੀਂ ਨਹੀਂ—ਡੰਗਰਾਂ ਨੂੰ ਸੰਭਾਲਣਾ ਅਜੇ ਜਾ ਕੇ, ਮਿਹਰਬਾਨੀ।

'ਲੈ ਸੁੱਕੀ—ਅੱਛਾ, ਆਹੋ ਘਰ ਵੀ ਸੁੰਨਾ। ਮੈਂ ਸੁਖੀ ਨੂੰ ਜਲਦੀ ਘਰ ਭੇਜੂੰਗਾ।'

ਰਸਤੇ 'ਚ ਆਉਂਦਿਆਂ ਵਰਿਆਮ ਦੇ ਮਨ 'ਚ ਕਈ ਕੁਝ ਟੁੱਟ ਰਿਹਾ ਸੀ। ਉਹਨੂੰ ਸਭ ਯਾਦ ਆਉਂਦਾ। ਯਾਦਾਂ 'ਚ ਉਠ ਰਹੇ ਵਲਵਲਿਆਂ ਦਾ ਭਾਰ ਉਸ ਤੋਂ ਸਹਾਰਿਆ ਨਹੀਂ ਸੀ ਜਾ ਰਿਹਾ। ਰੋਕਣ ਲਈ ਉਹ ਜਪੁਜੀ ਦਾ ਪਾਠ ਕਰਨ ਲਗਾ। ਉਹਦਾ ਮਨ ਨਾ ਬੱਝਦਾ। ਵਾਹਿਗੁਰੂ ਨੂੰ ਧਿਆਉਣ ਲਗਾ। ਪਰ ਕੁਝ ਨਾ ਰੋਕ ਸਕਿਆ ਉਹਦੇ ਹਿਰਦੇ 'ਚ ਉਹਦੇ ਪੁਤਰਾਂ ਦਾ ਖੋਹ। 'ਜੁਆਨ ਸਨ।' ਉਹਨੂੰ ਹਿਰਖ ਆਇਆ। 'ਜੁਆਨ ਸੂਝਵਾਨ' ਉਹਦੇ ਬੁਲ੍ਹ ਫਰਕੇ।

ਦਰਸ਼ਨ ਦੇ ਖਿਆਲਾਂ ਤੇ ਸੂਝ ਤੋਂ ਸਦਾ ਪ੍ਰਭਾਵਤ ਹੋਇਆ ਸੀ। ਹਾਣੀਆਂ ਤੇ ਪਿੰਡ ਦੇ ਕਿਸਾਨਾਂ ਕਾਮਿਆਂ ਨੂੰ ਇਨਕਲਾਬ ਦੀਆਂ ਸੂਝਾਂ ਵੰਡਦਾ ਰਿਹਾ ਸੀ। ਮੁਲਕ 'ਚ ਪੱਸਰੀ ਨਾ-ਬਰਾਬਰੀ ਕਿਉਂ ਤੇ ਕਿਵੇਂ ਹੈ। ਆਦਮੀ ਤੋਂ ਆਦਮੀ ਨੂੰ ਕਿਉਂ ਜੁਦਾ ਕੀਤਾ ਗਿਆ ਹੈ। ਕੁਝ ਕੁ ਚੇਤੰਨ ਲੋਕਾਂ ਨੇ ਲੋਕਾਂ ਨੂੰ ਸਿੱਖਿਆ ਤਾਂ ਕੀ ਦੇਣੀ ਸੀ ਸਗੋਂ ਉਹਨਾਂ ਦੀ ਅਨਪੜ੍ਹਤਾ ਦਾ ਲਾਭ ਕਿਵੇਂ ਲੈਂਦੇ ਹਨ। ਆਦਮੀ ਆਦਮੀ ਹੈ ਅਤੇ ਬਰਾਬਰ। ਹਰ ਇਕ ਦਿਲ 'ਚ ਉਹੀ ਖਾਹਿਸ਼ਾਂ ਤੇ ਉਮੰਗਾਂ ਹਨ ਜੋ ਪੂਰਿਆਂ ਹੋਣਾ ਲੋਚਦੀਆਂ ਹਨ। ਰੱਬ ਨਾਂ ਦੀ ਕੋਈ ਚੀਜ਼ ਨਹੀਂ ਦੁਨੀਆਂ 'ਚ। 'ਜੇ ਰੱਬ ਹੁੰਦਾ ਤਾਂ ਬਚਾਉਂਦਾ ਨਾ ਉਹਨੂੰ।' ਪਲ ਭਰ ਲਈ ਉਹਨੇ ਸੋਚਿਆ। 'ਧਰਮ'। ਉਹਨੂੰ ਦਰਸ਼ਨ ਦੀਆਂ ਸਮਝਾਈਆਂ ਗੱਲਾਂ ਯਾਦ ਆਉਣ ਲਗੀਆਂ। 'ਧਰਮ ਕਰਮ ਸਭ ਪਾਈਆਂ ਹੋਈਆਂ ਵੰਡਾਂ ਨੇ। ਆਪਣੇ ਆਪਣੇ ਸਮੇਂ 'ਚ ਕੁਝ ਜ਼ਿਆਦਾ ਚੇਤੰਨ ਲੋਕਾਂ ਦੀਆਂ ਤੋਰੀਆਂ ਵਜ਼ਾਰਤਾਂ। ਪਾਪਾ ਜੀ ਅੱਜ ਹਰ ਮਨੁਖੀ ਚੇਤਨਾ ਉਠ ਪਈ ਹੈ। ਉਹਨਾਂ ਦਾ ਇਹਨਾਂ ਅਧਾਰ ਰਹਿਤ ਗੱਲਾਂ 'ਚ ਕੋਈ ਵਿਸ਼ਵਾਸ ਨਹੀਂ। ਮਨੁੱਖੀ ਚੇਤਨਾ ਜਥੇਬੰਦ ਹੋਇਆ ਲੋੜਦੀ ਹੈ ਅਤੇ ਜਥੇਬੰਦੀ ਹੀ ਸਾਡਾ ਇਨਕਲਾਬ ਹੋਵੇਗਾ।' ਉਹਨੂੰ ਦਰਸ਼ਨ ਦੀਆਂ ਗੱਲਾਂ ਸੱਚੀਆਂ ਲੱਗਣ ਲੱਗੀਆਂ। ਆਪਣੇ ਪੁਤਰ ਤੇ ਮਾਣ ਆਇਆ। ਦਰਸ਼ਨ ਨੂੰ ਲਭਦੇ ਹੱਥ ਹਵਾ 'ਚ ਉਠੇ। ਅਸੀਸ ਦਿੰਦੇ ਉਹਦੇ ਹੱਥ ਭੌਂਦੇ ਖਿਆਲਾਂ ਤੇ ਵਿਛ ਗਏ। ਅਤੇ ਬੁਲ੍ਹ ਫਰਕੇ, 'ਤੇਰੀ ਰੂਹ ਨੂੰ ਸ਼ਾਂਤੀ ਮਿਲੇ ਪੁੱਤਰ। ਜਿੱਥੇ ਵੀ ਏਂ-ਵਾਗਰੂ ਤੇਰੇ ਅੰਗ ਸੰਗ ਰਹੇ ਸੋਹਣਿਆਂ।'

ਸਰਨੋ ਵਰਿਆਮ ਨੂੰ ਹਰ ਉਸ ਕੋਲ ਭੇਜਦੀ ਜਿਸ ਕਿਸੇ ਨੂੰ ਵੀ ਕਨੇਡਾ ਤੋਂ ਆਇਆ ਸੁਣਦੀ। 'ਕੌਣ ਭੁਲ ਸਕਦਾ ਸੀ ਕਮੇ ਨੂੰ ਜਿਸ ਦਖਿਆ ਹੋਵੇ। ਉਹਦੇ ਚਿਹਰੇ ਤੋਂ ਕਿਰਦਾ ਹਾਸਾ। ਉਹਦੀ ਚਾਲ 'ਚ ਰਵਾਨੀ ਹਵਾਵਾਂ ਨੂੰ ਹਰਾ ਦਿੰਦੀ। ਉਹਦਾ ਹੌਸਲਾ ਦਰਿਆਵਾਂ ਦੇ ਵਹਿਣ ਮੋੜ ਦਿੰਦਾ। ਤੇ ਉਹਦੀ ਮੌਤ—।' ਤੇ ਉਹ ਰੁਕ ਜਾਂਦਾ।

ਇਹਨਾਂ ਗਿਣਤੀਆਂ ਨਾਲ ਈ ਉਹ ਪਿੰਡ ਪਹੁੰਚ ਗਿਆ। ਹਵੇਲੀ 'ਚ ਵੜਦੇ ਨੂੰ 'ਨਿੱਕੂ' ਭੌਂਕਿਆ ਜਿਹੜਾ ਬਲਦਾਂ ਦੀ ਖੁਰਲੀ ਤੋਂ ਕੁਝ ਹੀ ਪਰ੍ਹਾਂ ਕੜਬ ਦੇ ਖਿਲਾਰ 'ਚ ਘੁਰਨਾ ਬਣਾਈਂ ਪਿਆ ਸੀ। ਜਲਦੀ ਹੀ ਵਰਿਆਮ ਨੂੰ ਪਛਾਣ ਉਹ ਉਹਦੇ ਅੱਗੇ ਹੋ ਲਿਟਦਾ ਪਾਸੇ ਮਾਰਨ ਲੱਗਾ। ਵਰਿਆਮ ਪਲ ਕੁ ਰੁਕਿਆ ਤੇ ਫਿਰ ਸਿੱਧਾ ਬਲਦਾਂ ਵਲ ਨੂੰ ਹੋ ਤੁਰਿਆ।

'ਕੌਣ ਆ ?' ਕਮਲਜੀਤ ਜੋ ਰੋਟੀ ਦੇ ਆਹਰ 'ਚ ਸੀ ਨੇ ਚੌਂਕੀ ਵਾਲੀ ਕੰਧ ਉਤੋਂ ਦੀ ਮੂੰਹ ਕੱਢ ਹਵੇਲੀ ਅੰਦਰ ਆਉਣ ਵਾਲੇ ਤੋਂ ਪੁਛਿਆ।

'ਕੋਈ ਨੀ ਰਾਣਿਆ, ਮੈਂ ਈ ਆਂ।'

ਸਰਨੋ ਵਰਿਆਮ ਦੀ ਆਵਾਜ਼ ਸੁਣ ਜਲਦੀ ਅੰਦਰੋਂ ਬਾਹਰ ਆਈ। ਚੌਂਕੇ 'ਚ ਬਲ ਰਹੀ ਅੱਗ ਦੇ ਘਟਣ ਵਧਣ ਨਾਲ ਉਹਦਾ, ਪ੍ਰਛਾਵਾਂ ਵੀ ਘਟਦਾ ਵਧਦਾ। ਵਰਿਆਮ ਬਹਾਨਾ ਕਰਦਾ ਬਲਦਾਂ ਦੀ ਖੁਰਲੀ 'ਚ ਖੂੰਜੀਂ ਲੱਗੇ ਪੱਠੇ ਵਿਚਕਾਰ ਨੂੰ ਸੁੱਟਨ ਲਗਾ।

'ਮਿਲਿਆ ਸੁਖਵੰਤ !'

'ਨਹੀਂ' ਉਹਨੇ ਬੱਗੇ ਦੀ ਢੁੱਠ ਪਲੋਸਦਿਆਂ ਜਵਾਬ ਦਿਤਾ।

'ਕਿਉਂ ਆਇਆ ਨੀਂ ?'

'ਆ ਤੇ ਗਿਆ ਪਰ ਪਿੰਡ ਨਹੀਂ ਪਹੁੰਚਿਆ ਅਜੇ।'

'ਹੂੰ ਹੂੰ' ਸਰਨੋ ਦੇ ਸਰੀਰ 'ਚ ਵਿਰੋਧਾਭਾਸ ਦੀ ਲਹਿਰ ਦੌੜ ਗਈ।

ਵਰਿਆਮ ਸਰਨੋ ਨੇਲ੍ਹੇ ਇਸ ਵਿਸ਼ੇ-ਤੇ-ਹੋਰ ਗਲੀਂ ਨਹੀਂ ਸੀ ਪੈਣਾ ਚਾਹੁੰਦਾ। ਉਹਦਾ ਆਪਣਾ ਸੱਜਾ ਹੱਥ ਜਿਸਨੂੰ ਬੱਗਾ ਚੱਟ ਰਿਹਾ ਸੀ ਮੱਥੇ ਉਤੋਂ ਦੀ ਫਿਰਦਾ ਗਲ ਪਈਆਂ ਝਾਂਜਰਾਂ ਤੇ ਮੜਕਿਆਂ ਤੇ ਆ ਰੁਕਿਆ। ਉਹਨੂੰ ਲਗਿਆ ਮੜਕੇ 'ਚੋਂ ਅੱਧੇ ਸਾਰੇ ਮਣਕੇ ਤੇ ਪਾਇਲਾਂ ਡਿਗ ਚੁਕੀਆਂ ਸਨ। ਆਪਣੇ ਵਲੋਂ ਬਲਦਾਂ ਨਾਲ ਹੋ ਰਹੀ ਬੇਪ੍ਰਵਾਹੀ ਦਾ ਅਹਿਸਾਸ ਜਾਗਿਆ। ਉਹਦਾ ਜਿਲ ਕੀਤਾ ਬੱਗੇ ਦੇ ਗਲ ਲਗ ਸਾਰੇ ਦੁੱਖ ਦਸ ਦੇਵੇ। ਉਹਨੇ ਹਾਰੀ ਜਿਹੀ ਨਜ਼ਰ ਨਾਲ ਇਕ ਪਲ ਲਈ ਖੁਰਲੀ ਤੇ ਬੱਝੇ ਦੂਜੇ ਬਲਦ ਅਤੇ ਝੋਟੇ ਵਲ ਦੇਖਿਆ। ਬੱਗਾ ਆਪਣੀ ਧੌਣ ਨਾਲ ਵਰਿਆਮ ਨੂੰ ਢਾਹਾਂ ਲਾ ਰਿਹਾ ਸੀ। ਉਹਦਾ ਦਿਲ ਭਰ ਆਇਆ। ਬੁਲ੍ਹ ਫਰਕੇ, 'ਮੇਰੇ ਕੋਲੋਂ ਨਹੀਂ ਸੰਭਾਲੇ ਜਾਂਦੇ ਹੁਣ ਥੁਆਡੇ ਮਣਕੇ ਤੇ ਝਾਂਜਰਾਂ।' ਉਹ ਜਿਵੇਂ ਹਾਰ ਗਿਆ ਸੀ। ਪਲ ਭਰ ਲਈ ਜਿਵੇਂ ਸਭ ਕੁਝ ਬੱਸ ਹੀ ਬੱਸ ਸੀ।

ਰੋਕਦਿਆਂ ਵੀ ਸਰਨੋ ਦੀ ਭਬਕ ਨਿਕਲ ਗਈ। ਕਮਲਜੀਤ, ਜਿਹਦੇ ਕੰਨ ਕੁਝ ਸੁਣਨ ਲਈ ਪਹਿਲਾਂ ਹੀ ਖਬਰਦਾਰ ਸਨ, ਦੇ ਹੱਥੋਂ ਡਿਗਦਾ ਡਿਗਦਾ ਪੇੜਾ ਮਸਾਂ ਬਚਿਆ।

'ਕਿਉਂ ਤੂੰ ਆਪਣਾ ਆਪ ਖਰਾਬ ਕਰਨ ਡਈਂ ਆ ਪਈ।'

'ਬੀਅ ਜੀ' ਕਮਲਜੀਤ ਦੇ ਕਰੁਣਾ ਭਰੇ ਦਿਲਾਸੇ 'ਚ ਖਿਝ ਤੇ ਝਿੜਕ ਮਿਲੀ ਪਈ ਸੀ।

ਕੁਝ ਦੇਰ ਵਰਿਆਮ ਸਰਨੋ ਨੂੰ ਅੰਦਰ ਜਾਂਦਿਆਂ ਦੇਖਦਾ ਰਿਹਾ। ਫਿਰ ਉਹ ਪਸ਼ੂਆਂ ਨੂੰ ਅੰਦਰ ਬੰਨ੍ਹਣ ਲੱਗਾ।

ਕਮਲਮੀਤ ਲਗਭਗ ਰੋਟੀਆਂ ਪਕਾ ਚੁਕੀ ਸੀ। 'ਪੁੱਤ ਮੈਂ ਨਹੀਂ ਰੋਟੀ ਖਾਣੀ, ਮੇਰਾ ਨੀ ਜੀ ਆਂਦਾ' ਸੁਣ ਉਹ ਇਕ ਦਮ ਤ੍ਰਭਕ ਪਈ। ਉਹਦੀ ਖੁਦ ਵੀ ਰੋਟੀ ਨੂੰ ਰੂਹ ਨਹੀਂ ਸੀ ਕਰਦੀ। ਕੁਝ ਸੋਚਦਿਆਂ ਉਹਨੇ ਆਪਣੀ ਬੀਜੀ ਨੂੰ ਹਾਕ ਮਾਰੀ 'ਬੀਜੀ ਰੋਟੀ ਖਾ ਲੈ।'

'ਨੀ ਅੱਗ ਲਾ ਰੋਟੀ ਨੂੰ ਪਰ੍ਹਾਂ।'

ਕਮਲਜੀਤ ਦੀਆਂ ਅੱਖਾਂ ਭਰ ਆਈਆਂ। ਉਹਨੂੰ ਆਪਣਾ ਹੌਸਲਾ ਖੇਰੂੰ ਖੇਰੂੰ ਹੁੰਦਾ ਲਗਿਆ। ਉਹ ਸੋਚਦੀ ਬੁਢੇ ਮਾਂ ਬਾਪ ਨੂੰ ਕੁਝ ਤਾਂ ਹੌਸਲਾ ਦੇਵੇ। ਉਹਦੀ ਸੰਜੀਦਗੀ ਤੇ ਦਲੀਲ ਕੁਝ ਨਾ ਕਰ ਸਕੀ। ਉਸ ਡੰਗ ਕਿਸੇ ਵੀ ਰੋਟੀ ਵਲ ਤਕਿਆ ਤੱਕ ਨਾ।

o o

ਤਿੰਨਾਂ ਜਣਿਆਂ ਦੇ ਹੋਣ ਤੇ ਵੀ ਕਮਰੇ ਵਿਚ ਉਜਾੜ ਵਰਗੀ ਚੁੱਪ ਸੀ। ਸਾਹ ਭਰਿਆਂ ਵੀ ਛਣਕਦਾ ਸੁਣਦਾ। ਕਮਲਜੀਤ ਦੇ ਪੜ੍ਹਨ ਮੇਜ਼ ਤੇ ਬਲ ਰਹੀ ਬਿਜਲੀ ਦੀ ਬੱਤੀ ਦੇ ਚਾਨਣ ਦੇ ਵਕੀਰਣ ਨੇ ਹਨੇਰੇ ਨੂੰ ਕੰਬਣ ਲਾਇਆ ਹੋਇਆ ਸੀ। ਉਹਦੀ ਅੱਜ ਪੜ੍ਹਨ ਨੂੰ ਰੂਹ ਨਹੀਂ ਸੀ ਕਰਦੀ। ਇਸ ਲਈ ਹੀ ਉਹ ਕੁਰਸੀ ਛੱਡ ਰਜ਼ਾਈ ਦੀ ਬੁੱਕਲ ਮਾਰ ਮੰਜੇ ਤੇ ਬੈਠ ਪੜ੍ਹਣ ਲਗੀ। ਲਾਂਘ ਕੁ ਦੀ ਵਿੱਥ ਤੇ ਹੀ ਉਹਦੀ ਬੀਜੀ ਦਾ ਬਿਸਤਰਾ ਸੀ। ਦਲਾਨ ਦੀ ਹਵੇਲੀ ਵਲ ਨੂੰ ਕੰਧ 'ਚ ਹਵੇਲੀ ਵਲ ਨੂੰ ਹੀ ਖੁਲ੍ਹਦੀ ਤਾਕੀ ਕੋਲ ਵਰਿਆਮ ਦਾ ਬਿਸਤਰਾ ਸੀ।

ਚੰਦ ਕਿੰਨਾ ਹੀ ਉਪਰ ਆ ਚੁੱਕਾ ਸੀ। ਚੰਦ ਦੀ ਖਿਲਰੀ ਖਿਲਰੀ ਚਾਨਣੀ ਵਾਂਗ ਹੀ ਵਰਿਆਮ ਦੇ ਖਿਆਲ ਵੀ ਖਿਲਰ ਗਏ ਸਨ। ਉਹ ਸੋਚਦਾ ਵੀ ਕੁਝ ਨਹੀਂ ਸੀ ਸੋਚ ਰਿਹਾ। ਉਹਦੀ ਦਰਿਸ਼ਟੀ ਅਡੋਲ ਟਿੱਕ-ਟਿੱਕੀ ਲਗੀ ਤੱਕਣੀ। ਉਹ ਉਸੇ ਟੱਕ ਬਾਹਰ ਦੇਖੀ ਜਾ ਰਿਹਾ ਸੀ।

'ਨਾ...ਆਂ ਹੋਰ ਕੋਈ ਗੱਲ ਨਾ ਹੋਈ।' ਸਰਨੋ ਤੋਂ ਚੁਪ ਨਾ ਰਿਹਾ ਗਿਆ।

ਕਮਲਜੀਤ ਨੇ ਪਹਿਲਾਂ ਆਪਣੀ ਮਾਂ ਵਲ ਤਕਿਆ ਤੇ ਫਿਰ ਪਾਪਾ ਜੀ ਵਲ। ਵਰਿਆਮ ਨੇ ਕੋਈ ਜਵਾਬ ਨਾ ਦਿਤਾ। ਅਚਾਨਕ ਹੀ ਕਮਲਜੀਤ ਆਪਣੇ ਭਰਾਵਾਂ ਦੀ ਯਾਦ 'ਚ ਵਹਿਣ ਲਗੀ। ਉਹ ਕਿਤਾਬ ਭੁੱਲ ਚੁੱਕੀ ਸੀ। ਦਰਸ਼ਨ ਵੀਰ ਜਦੋਂ ਉਹਨੂੰ ਨਕਸਲਬਾੜੀ ਕਰਾਰ ਦੇ ਕੇ ਪਿੰਡੋਂ ਤਿੰਨ ਕੁ ਮੀਲ ਤੇ ਲੈ ਜਾ ਕੇ ਹੀ ਗੋਲੀ ਮਾਰ ਦਿਤੀ ਸੀ। ਮੁਕਾਬਲਾ ਕੀਤਾ ਸੀ ਆਖੋ। ਪਿੰਡੋਂ ਹੀ ਤਾਂ ਬੰਨ੍ਹ ਕੇ ਲਗਏ ਸਨ। ਫਿਰ ਮੁਕਾਬਲਾ, ਨਾ ਉਹਦੇ ਕੋਲ ਕੋਈ ਬੰਦੂਕ ਨਾ ਤਲਵਾਰ। ਹਰਾਮੀ। ਉਦੋਂ...ਉਦੋਂ ਉਹਨੂੰ ਅਜੇ ਮੌਤ ਤੇ ਰੋਣਾ ਵੀ ਨਹੀਂ ਸੀ ਆਉਂਦਾ। ਫਿਰ ਹੁਣ ਕਮਾ ਵੀਰ...। ਉਹਦਾ ਗੱਚ ਭਰ ਆਇਆ। ਇਕ ਦਮ ਆਪਣੇ ਬੁਲ੍ਹ ਉਹਨੇ ਹੱਥਾਂ ਨਾਲ ਕੱਜ ਲਏ ਮਤੇ ਕੋਈ ਸਿਸਕੀ ਵੀ ਨਿਕਲ ਜਾਏ।

'ਨਾ ਤੂੰ ਹੀ ਪੁੱਛ ਲੈਂਦਾ ਕੁਝ।'

'ਚੁੱਪ ਵੀ ਕਰਿਆ ਕਰ, ਆਹ, ਕੁੜੀ ਨੂੰ ਪੜ੍ਹਨ ਵੀ ਨਈਂ ਦਿੰਦੀ।' ਵਰਿਆਮ ਨੇ ਕਰਵਟ ਲੈਂਦਿਆਂ ਕਮਲਜੀਤ ਨੂੰ ਅੱਖਾਂ ਪੂੰਝਦਿਆਂ ਦੇਖਿਆਂ। ਕਮਲਜੀਤ ਨੂੰ ਲਗਿਆ ਸੀ ਉਹਦੇ ਪਾਪਾ ਜੀ ਨੇ ਪਾਸਾ ਵਟਿਆ ਹੈ। ਮਤੇ ਦੇਖ ਨਾ ਲਵੇ ਉਹਨੂੰ ਰੋਂਦਿਆਂ। ਉਹਨੇ ਰਜ਼ਾਈ ਦਾ ਘੁੰਡ ਕੱਢ ਉਸ ਪਾਸਿਓਂ ਸਿਰਹਾਣਾ ਉਚਾ ਕਰ ਲਿਆ। ਵਰਿਆਮ ਦੇਖਦਾ ਰਿਹਾ ਜਦੋਂ ਅਚਾਨਕ ਉਹਦੀ ਨਿਗਾਹ ਕਿਤਾਬਾਂ ਵਾਲੀ ਅਲਮਾਰੀ ਦੇ ਉਤਲੇ ਪਾਸੇ 'ਚ ਪਈ ਪੈਸਿਆਂ ਵਲ ਗੋਲਕ ਤੇ ਪਈ। ਯਾਦ ਆ ਉਹਦਾ ਮਨ ਭਿੱਝ ਗਿਆ ਸੀ। 'ਵੀਰ ਪ੍ਰਦੇਸਾਂ ਨੂੰ ਤਿਆਰ ਹੋਇਆ ਸੀ ਦਰਾਂ ਤੇ ਖੜ੍ਹ ਸੁਖੀ ਸਾਂਦੀ ਮੁੜ ਆਉਣ ਦੇ ਸ਼ਗਨ ਮਨਾਏ ਸਨ। ਤਿੰਨ ਸਾਲ ਗੋਲਕ 'ਚ ਪੈਸੇ ਪਾਉਂਦੀ ਰਹੀ ਸੀ। ਵੀਰ ਦੇ ਵਿਆਹ ਤੇ ਵਾਰਨੇ ਕਰਨੇ ਹਨ।'

'ਹੁਣ ਛਿਆਂ ਮਹੀਨਿਆਂ ਤੋਂ ਕਦੀ ਹਥ ਨਹੀਂ ਸਨ ਅੱਡੇ, ਕਦੀ

ਜ਼ਿਦ ਨਹੀਂ ਸੀ ਕੀਤੀ ਗੋਲਕ 'ਚ ਪੈਸੇ ਪੁਆਉਣ ਲਈ। ਕਰੇ ਵੀ ਕੀ ਜਿਹਦੇ ਭਰਾ ਖੁੱਸ ਜਾਣ ਖੇਹਨੂਆਂ ਵਾਂਗ। ਰਹਿ ਗਈ ਭਰੀ ਭਰਾਈ।' ਸੋਚਦਾ ਉਹਨੇ ਬਾਹਰ ਵਲ ਨੂੰ ਪਾਸਾ ਪ੍ਰਤਿਆ। ਕੁਝ ਯਾਦ ਆਇਆ। ਜਲਦੀ ਨਾਲ ਧੌਣ ਘੁਮਾਂ ਸਰਨੋ ਨੂੰ ਇਕ ਨਜ਼ਰ ਤੱਕਿਆ। ਮੁੜ ਬਾਹਰ ਨੂੰ ਤਕਦਿਆਂ ਉਹਦੇ ਬੁਲ੍ਹ ਫਰਕੇ 'ਰਹਿ ਗਿਆ ਗੁੰਦਿਆ ਗੁਦਾਇਆ ਈ।' ਕਮੋ ਦਾ ਸਿਹਰਾ ਜੋ ਸਰਨੋ ਨੇ ਰੀਝਾਂ ਨਾਲ ਬਣਾਇਆ ਸੀ। ਤੇ ਕਿਸੇ ਕੁੜੀ ਲਈ ਜਿਨ੍ਹੇ ਉਹਦੀ ਨੂੰਹ ਬਣਨਾ ਸੀ, ਲਈ ਲਾਲ ਪ੍ਰਾਂਦਾ ਤੇ ਹੋਰ ਕਈ ਕੁਝ। 'ਸਭ ਕੁਝ ਰਹਿ ਗਿਆ।' ਫਿਰ ਕੋਈ ਨਾ ਬੋਲਿਆ।

ਕਿੱਡੀ ਰਾਤ ਗਏ ਘੁਸਰ ਮੁਸਰ ਨਾਲ ਅਚਾਨਕ ਕਮਲਜੀਤ ਦੀ ਨੀਂਦ ਟੁੱਟ ਗਈ। ਉਹਨੇ ਪਾਪਾ ਜੀ ਨੂੰ ਸੁਣਿਆ, 'ਸਰਨੋ ਹੌਸਲਾ ਰੱਖ, ਜ਼ਿੰਦਗੀ ਤਾਂ ਕੱਟਣੀਆਂ। ਆਪਣੀ ਧੀ ਵੀ ਆਪਣਾ ਪੁੱਤ ਈ ਆ। ਬੌਹਤਾ ਰੋਣ ਧੋਣ ਨਾਲ ਉਹਦਾ ਤਾਂ ਮਨ ਨਾ ਦੁਖਾ।'

ਸਰਨੋ ਹੁੰਘਾਰਾ ਭਰਦੀ ਭਰਦੀ ਫਿਰ ਚੁਪ ਹੋ ਗਈ।

'ਇਹਨੇ ਵੀ ਆਪਣੇ ਭਰਾਵਾਂ ਦੇ ਰਸਤੇ ਤੇ ਈ ਤੁਰਨਾ। ਤੂੰ ਦੇਖ ਲਈਂ। ਇਹ ਵੀ, ਮੈਨੂੰ ਤਾਂ ਲਗਦਾ ਉਹੀਉ ਕਿਤਾਬਾਂ ਪੜ੍ਹਦੀਆ।'

'ਨਾ ਮੈਨੂੰ ਤਾਂ ਡਰ ਆਉਂਦਾ।'

'ਤੂੰ ਸਮਝਦੀ ਕਿਉਂ ਨਹੀਂ। ਸਾਡੇ ਨਿਆਣੇ ਸਾਡੇ ਨਾਲੋਂ ਚੰਗਾ ਸੋਚਦੇ ਆ। ਹੋਰ ਸਾਨੂੰ ਕੀ ਚਾਹੀਦਾ। ਇਹਨਾਂ ਦੀਆਂ ਖੁਸ਼ੀਆਂ ਲਈ ਸਾਨੂੰ ਆਪਣੀਆਂ ਖੁਸ਼ੀਆਂ ਦੇਣੀਆਂ ਪੈਣਗੀਆਂ।'

'ਭੱਠ ਪਵੇ ਇਹੋ ਜਹੀ ਸਮਝ।'

'ਦੇਖ ਨਾ ਤੇਰੇ ਪੁੱਤਾਂ ਨੇ ਕੀ ਵਿਗਾੜਿਆ ਸੀ ਕਿਸੇ ਦਾ। ਲੋਕਾਂ ਪੱਖੀ ਗੱਲਾਂ ਈ ਤਾਂ ਕੀਤੀਆਂ ਸਨ। ਲੋਕਾਂ ਦੀ ਖੁਸ਼ਹਾਲੀ ਲਈ...।'

'ਮੈਂ ਕੀ ਕਰਨਾ ਐਹੋ ਜਹੀ ਖੁਸ਼ੀ ਨੂੰ' ਸਰਨੋ ਦੀ ਮਮਤਾ ਫੱਟ ਫੱਟ ਰੋਣਾ ਚਾਹੁੰਦੀ ਸੀ।

'ਇਸੇ ਵਿਚ ਹੀ ਉਹਨਾਂ ਦੀ ਖੁਸ਼ੀ ਸੀ। ਉਹਨਾਂ ਦੀ ਖੁਸ਼ੀ ਲਈ ਸਾਨੂੰ ਆਪਣੀ ਖੁਸ਼ੀ ਦੇਣੀ ਈ ਪਵੇਗੀ। ਤੇਰਾ ਕੀ ਖਿਆਲ ਆ ਮੇਰਾ ਸੀਨਾ ਨਹੀਂ ਫਟ ਰਿਹਾ ਆਪਣੇ ਗਭਰੂ ਪੁੱਤ ਗਵਾ ਕੇ।' ਵਰਿਆਮ ਦੀ ਅਵਾਜ਼ ਪਤਲੀ ਪੈ ਗਈ ਸੀ।

ਕਮਲਜੀਤ ਨੂੰ ਆਪਣੇ ਪਾਪਾ ਜੀ ਦੀ ਸੂਝ ਤੇ ਮਾਣ ਹੋ ਆਇਆ। ਚੁੱਪ ਚੁੱਪ ਦਿਤੀ ਅਸ਼ੀਰਵਾਦ ਅੱਜ ਉਹਦੇ ਕਰੜ ਬਰੜੇ ਲਫਜ਼ਾਂ 'ਚ ਡੁਲ੍ਹ ਡੁਲ੍ਹ ਪੈਂਦੀ ਸੀ। ਉਹਨੂੰ ਪਤਾ ਸੀ ਪਾਪਾ ਕਿੱਡਾ ਵਡਾ ਪੱਥਰ ਮਨ ਤੇ ਰੱਖੀ ਬੈਠੇ ਸਨ। ਆਪਣੇ ਮਨ 'ਚ ਉਠੀ ਇਕ ਹਿਰਦੇਵੇਧਕ ਲਹਿਰ ਨੂੰ ਲੁਕੋਣ ਲਈ ਉਹਨੇ ਝੱਟ ਨਾਲ ਪਾਸਾ ਪਰਤਿਆ।

ਵਰਿਆਮ ਨੂੰ ਲਗਿਆ ਕਮਲਜੀਤ ਜਾਗ ਪਈ ਹੈ। ਉਹ ਦੋਨੋਂ ਚੁੱਪ ਕਰ ਗਏ। ਅੱਧੀ ਰਾਤ ਆਰ ਪਾਰ ਕਮਰੇ 'ਚ ਮੁੜ ਸਨਾਟਾ ਪਸਰ ਗਿਆ।

o o

'ਕਮਲੀ' ਕਮਲਜੀਤ ਜੋ ਘਰ ਵਾਲਾ ਵੇਹੜਾ ਸੁਵੱਰਦੀ ਸੀ, ਇਕ ਦਮ ਤ੍ਰਭਕ ਗਈ। ਸੁਖਵੰਤ ਨੂੰ ਪਛਾਣ ਉਹਨੇ ਦੋਨੋਂ ਹੱਥ ਜੋੜ ਸਤਿ ਸ੍ਰੀ ਅਕਾਲ ਕਹੀ। 'ਤੂੰ ਤਾਂ ਕਿੱਡੀ ਵੱਡੀ ਹੋ ਗਈ ਆਂ ਕਮਲੀ, ਝੱਟ ਕੁ 'ਚ ਈ।' ਕਮਲਜੀਤ ਸੰਗ ਗਈ।

'ਆ ਵੇ ਪੁੱਤਾ।' ਸਰਨੋ ਜੋ ਰਜ਼ਾਈ 'ਚ ਈ ਅਜੇ ਬੈਠੀ ਚਾਹ ਪੀ ਰਹੀ ਸੀ। ਸੁਖਵੰਤ ਦੀ ਆਵਾਜ਼ ਸੁਣ ਬਾਹਰ ਆਈ। ਆਉਂ-ਦਿਆਂ ਈ ਉਹਨੇ ਸੁਖਵੰਤ ਨੂੰ ਕਲਾਵੇ 'ਚ ਲੈ ਲਿਆ ਸੀ। ਮੱਥਾ ਚੁੰਮਦਿਆਂ ਉਹਦੀਆਂ ਅੱਖਾਂ ਭਰ ਆਈਆਂ ਸਨ।

'ਔਹ-ਹ-ਹ, ਤੂੰ ਮੁੰਡੇ ਨੂੰ ਬੈਠਣ ਤਾਂ ਦੇ। ਆ ਆ, ਸਸਰੀਕਾਲ ਸੁਖਵੰਤ, ਆ, ਆ ਬੈਠ।' ਕਹਿੰਦਾ ਵਰਿਆਮ ਸਿੰਘ ਆਪ ਵੀ ਉਠ ਖੜਾ ਹੋਇਆ। ਸੁਖਵੰਤ ਦੇ ਗੋਡੇ ਹੱਥ ਲਾਉਂਦਿਆਂ ਉਹਨੇ ਉਹਦੇ ਮੋਢਿਆਂ ਤੇ ਥਾਪੀ ਦਿਤੀ। ਮੁੜ ਦੋਨੋਂ ਹੀ ਉਹ ਚੁਲ੍ਹੇ ਅੱਗੇ ਬੈਠ ਗਏ। 'ਕਮਲਿਆ ਘੜੀ ਦਿਨ ਚੜ੍ਹੇ ਆ ਜਾਂਦਾ, ਠੰਡ 'ਚ ਸੂ ਆਇਆ।'

'ਹੋਰ ਤਕੜਾ ਤਾਂ ਰਿਆਂ।'

'ਹਾਂ ਜੀ,' ਵਰਿਆਮ ਸਿੰਘ ਵਲ ਦੇਖਦਾ ਬੋਲਿਆ। ਵਰਿਆਮ ਨੂੰ ਲਗਾ ਸੁਖਵੰਤ ਝੱਕ ਜਿਹਾ ਰਿਹਾ। ਸ਼ਾਇਦ ਗਲ ਕਰਨੋਂ ਹੀ। ਪਲ ਕੁ ਬਾਦ ਹੀ ਉਹਨੇ ਸੁਖਵੰਤ ਵਲ ਫਿਰ ਦੇਖਿਆ। ਹੁਣ ਸੁਖਵੰਤ ਛੋਟੀ ਜਹੀ ਛਿਟੀ ਨਾਲ ਇਕ ਗੋਟੇ ਨੂੰ ਨਿਰੰਤਰ ਠੋਰੀ ਜਾ ਰਿਹਾ ਸੀ। ਵਰਿਆਮ ਨੂੰ ਲਗਿਆ ਸੁਖਵੰਤ ਗੱਲ ਛੇੜਨ ਤੋਂ ਹੀ ਝਕਦਾ ਹੈ। 'ਜੁਆਨ ਅਨਜਾਣ ਆਂ, ਕਿਵੇਂ ਇਹੋ ਜਹੀ ਗੱਲ ਸ਼ੁਰੂ ਕਰੇ' ਉਹਨੇ ਸੋਚਿਆ। ਜਦੋਂ ਹੀ ਨੀਵੀਂ ਪਈ ਉਹਦੇ ਬੁਲ੍ਹ ਖੁੱਲ੍ਹੇ ਹੀ ਸਨ 'ਚਾਚਾ ਜੀ...।'

'ਸੁਖਵੰਤ ਉਹਨੂੰ ਇਦ੍ਹਾਂ ਹੀ ਭਾਉਂਦਾ ਸੀ। ਡਾਢੇ ਅੱਗੇ ਕੀ ਜੋਰ। ਚਲੋ ਏਦਾਂ ਈ ਸਹੀ।' ਝੱਟੇ ਹੀ ਵਰਿਆਮ ਬੋਲਿਆ।

ਸੁਖਵੰਤ ਤੋਂ ਮੁੜ ਇਕਦਮ ਕੋਈ ਜਵਾਬ ਨਾ ਅਹੁੜਿਆ। ਉਹਨੇ ਹੱਥ 'ਚ ਫੜੇ ਹੋਏ ਲਫਾਫੇ ਨੂੰ ਸਿਧਾ ਪੁਠਾ ਕਰ ਕੁਝ ਪੇਪਰ ਕੱਢੇ। ਵਰਿਆਮ ਨੂੰ ਫੜਾਉਂਦਿਆਂ ਉਹ ਬੋਲਿਆ 'ਚਾਚਾ ਜੀ, ਆ ਲਉ ਕ੍ਰਮਜੀਤ ਦੀ ਇਨਸ਼ੋਰੈਂਸ ਦੇ ਕਾਗਜ਼ਾਤ। ਸੱਵਾ ਲੱਖ ਦੀ ਰਕਮ ਆ।'

'ਕੀ ਮਤਲਬ ?'

'ਇਨਸ਼ੋਰੈਂਸ ਮੇਰਾ ਮਤਲਬ ਜੀਵਨ ਬੀਮਾ।'

'ਹੂੰ, ਜੀਵਨ ਬੀਮਾ..।' ਚੁੱਲ੍ਹੈ 'ਚ ਬਲਦੀ ਅੱਗ ਵਲ ਦੇਖਦਿਆਂ ਉਹ ਬੁਰੜਾਇਆ। ਉਹਦੇ ਚਿਹਰੇ ਤੋਂ ਝੁਰੜੀਆਂ ਦੂਰ ਹੋ ਗਈਆਂ ਸਨ। ਗੁਸੇ ਤੇ ਨਫਰਤ ਭਰੀ ਲੇਪ ਲਿਪ ਗਈ ਸੀ। ਨੀਵੀਂ ਚੁਕਦਿਆਂ ਉਹ ਬੋਲਿਆ, 'ਆਹ ਉਹਦੀ ਮਾਂ ਦੇ ਚਾ ਕੌਣ ਕੋਈ ਕਿਸ ਤਰ੍ਹਾਂ ਖਰੀਦ ਦਉ ਜਿਦ੍ਹੇ ਗੁੰਦੇ ਸੇਹਰੇ ਵੀ ਬੱਝ ਨਾ ਸਕੇ ਆਪਣੇ ਪੁਤਰਾਂ ਦੇ ਸਿਰ। ਆਹ ਉਹਦੀ ਭੈਣ ਨੂੰ ਪੁਛ ਜਿਦ੍ਹੇ ਨਿਆਣੇ ਸ਼ਗਨਾਂ ਨੂੰ ਜੁਆਨੀ ਵੀ ਨਾ ਮਿਲ ਸਕੀ। ਇਹ ਸਭ...।' ਬੋਲਦਾ ਉਹ ਚੁੱਪ ਚਾਪ ਚੁਲ੍ਹੇ ਵਲ ਦੇਖਣ ਲੱਗਾ।


ਕਮਲਜੀਤ ਤੋਂ ਸਹਾਰਿਆ ਨਾ ਗਿਆ। ਆਪਣੀ ਮਾਂ ਦੀਆਂ ਅੱਖਾਂ ਚੋਂ ਬਹਿੰਦਾ ਪਾਣੀ ਵੇਖ ਉਹਦਾ ਆਪਣਾ ਮਨ ਵੀ ਡੁੱਲਣ ਡੁੱਲਣ ਕਰ ਰਿਹਾ ਸੀ। ਉਹ ਚੌਂਕੇ 'ਚੋਂ ਉਠ ਅੰਦਰ ਆ ਗਈ। ਉਹਨੂੰ ਲਗਿਆ ਉਹਦੀ ਚਾਵਾਂ ਭਰੀ ਗੋਲਕ ਸਵਾ ਲੱਖ ਦੇ ਕੁਸ਼ਗਨੇ ਭਾਰ ਥਲੇ ਟੁੱਟ ਰਹੀ ਹੈ।

ਵਰਿਆਮ ਨੇ ਮੁੜ ਸੁਖਵੰਤ ਵਲ ਦੇਖਿਆ। ਸੁਖਵੰਤ ਦਹਿਲ ਗਿਆ ਸੀ। ਵਰਿਆਮ ਸਿੰਘ ਦੀਆਂ ਅੱਖਾਂ 'ਚ ਚੁਲ੍ਹੇ 'ਚ ਬਲ ਰਹੀ ਅੱਗ ਨਾਲ ਮੇਲ ਖਾਂਦੀ ਲਾਲੀ ਦਮਕ ਰਹੀ ਸੀ। ਸੁਖਵੰਤ ਵਲ ਦੇਖਦਿਆਂ ਈ ਉਹ ਬੋਲਿਆ, 'ਕੁਰਬਾਨੀਆਂ ਦੀਆਂ ਕੀਮਤਾਂ ਨਹੀਂ ਲਈਦੀਆਂ ਸੁਖਵੰਤ, ਕੁਰਬਾਨੀਆਂ ਨੂੰ ਯਾਦ ਰਖੀ ਦਾ ਆ।' o

# GOYAL IMPORT & EXPORT

# Esquire

## The Legal Name in Home Entertainment for Indian Films on Video Casettes



**SONY (JAPAN)** *CASETTE RECORDER FM/MW/SW1/SW2*

**110V 220V**
**SANY AKAI**
**PANASONIC**
**JVC**

*Mail Order Accepted*



**Rajinder Goyal**

*Warning:*

**Unauthorized hiring, renting public performance and copying of these Video Cassette tapes is strictly prohibited. Anybody contravening this warning is liable to be prosecuted.**

ਤੁਸੀਂ ਇਥੋਂ ਇੰਡੀਆ ਦੀ ਫਿਲਮਾਂ ਤੇ ਬਿਜਲੀ ਵਾਲਾ ਸਮਾਨ
ਵੀ ਖਰੀਦ ਸਕਦੇ ਹੋ।

## Western Canada's Sole Distributors

# Goyal Import–Export Ltd

IMPORT-WHOLESALE-RETAIL

**4156 FRASER ST. VANCOUVER 873-8308 & 9**

ਪੰਜਾਬੀ ਦਾ ਸਾਹਿਤਕ ਤੇ ਸੱਭਿਆਚਾਰਕ ਮਾਸਕ-ਪੱਤਰ

**WATNO DUR**

P.O. BOX 67681 STN. "O"
VANCOUVER, B.C. V5W 3V2

Second class mail Reg. No. 3233


# FRONTIER CLOTH HOUSE LTD.

**6695 MAIN STREET VANCOUVER, B.C.**

## THE KING OF SAREE

Tel.: 325-4424

## FRONTIER

## THE HOUSE OF FASHION FABRICS

*Frontier — the Fair Deal Store*







Tel.: 325-3515

## FRONTIER

## THE HOUSE OF BEAUTIFUL SAREES

*Frontier — the First In Fashion*

## THINK OF US AS BIGGEST SAREE STORE IN CANADA


---

WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.

**WATNO DUR**
P.O. BOX 67681 STN. "O"
VANCOUVER, B.C.
V5W 3V2